Watch
PUNJAB MAIL USA
TV Channel
On IP box, App, Website
For Advertisment
916-320-9444



A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ
ਯੂ. ਐੱਸ. ਏ.

# ਪੰਜਾਬ ਮੇਲ

Punjab Mail USA

Chief Editor: Gurjatinder Singh Randhawa



REALTY ONE GROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444



Vol. 18, Issue- 807, 20 to 26 June, 2024, Ph: 916-320-9444, E-mail: punjabmailusa@yahoo.com, Web: punjabmailusa.com


## ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ ਮਿਲਣ ਦਾ ਰਾਹ ਸਾਫ !

■ ਬਾਇਡਨ ਪ੍ਰਸ਼ਾਸਨ ਵੱਲੋਂ ਨਵੀਂ ਯੋਜਨਾ ਦਾ ਐਲਾਨ
■ 6 ਲੱਖ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਹੋਵੇਗਾ ਫਾਇਦਾ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਥੇ ਰਹਿ ਰਹੇ ਲੱਖਾਂ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਰਾਹਤ ਦਿੱਤੀ ਹੈ, ਜਿਸ ਨਾਲ ਉਨ੍ਹਾਂ ਨੂੰ ਅਮਰੀਕੀ ਨਾਗਰਿਕਤਾ ਮਿਲਣ ਦਾ ਰਾਹ ਸਾਫ ਹੋ ਗਿਆ ਹੈ।

ਅਮਰੀਕੀ ਰਾਸ਼ਟਰਪਤੀ ਦਫ਼ਤਰ ਤੋਂ ਐਲਾਨ ਕੀਤਾ ਗਿਆ ਹੈ ਕਿ ਬਾਇਡਨ ਪ੍ਰਸ਼ਾਸਨ ਨੇ ਇਥੇ ਰਹਿ ਰਹੇ ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀਆਂ ਨੂੰ ਸਥਾਈ ਨਿਵਾਸ ਤੇ ਨਾਗਰਿਕਤਾ ਲਈ ਅਰਜ਼ੀ ਦਾਖਲ ਕਰਨ ਦੀ ਖੁੱਲ੍ਹ ਦਿੱਤੀ ਹੈ।

ਇਸ ਐਲਾਨ ਨਾਲ 6 ਲੱਖ ਦੇ ਕਰੀਬ ਪ੍ਰਵਾਸੀਆਂ ਨੂੰ ਫਾਇਦਾ ਹੋ ਸਕਦਾ ਹੈ। ਗੈਰ ਕਾਨੂੰਨੀ ਪ੍ਰਵਾਸੀ, ਨਾਗਰਿਕਤਾ ਹਾਸਲ ਕਰਨ ਲਈ 17 ਜੂਨ, 2024 ਤੋਂ ਪਹਿਲਾਂ ਘੱਟੋ-ਘੱਟ 10 ਸਾਲਾਂ ਤੋਂ ਅਮਰੀਕਾ ਵਿਚ ਰਹਿ ਰਿਹਾ ਹੋਵੇ ਅਤੇ ਉਹ ਪਹਿਲਾਂ ਹੀ ਕਿਸੇ ਅਮਰੀਕੀ ਨਾਗਰਿਕ ਨਾਲ ਵਿਆਹਿਆ ਹੋਵੇ। ਜੇਕਰ ਕਿਸੇ ਯੋਗ ਪ੍ਰਵਾਸੀ ਦੀ ਅਰਜ਼ੀ ਨੂੰ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਉਸ ਕੋਲ ਗਰੀਨ ਕਾਰਡ ਲੈਣ ਲਈ ਅਰਜ਼ੀ ਦੇਣ ਲਈ 3 ਸਾਲ ਹੋਣਗੇ। ਕੇਸ ਪਾਸ ਹੋਣ ਤੋਂ ਬਾਅਦ ਉਸ ਨੂੰ ਵਰਕ ਪਰਮਿਟ ਵੀ ਮਿਲ ਜਾਵੇਗਾ ਅਤੇ ਉਹ ਦੇਸ਼ ਨਿਕਾਲੇ ਤੋਂ ਵੀ ਬੱਚ ਜਾਵੇਗਾ। ਇਸ ਦੇ ਨਾਲ-ਨਾਲ 21 ਸਾਲ ਤੋਂ ਘੱਟ

■ ਬਾਕੀ ਖਬਰ ਸਫਾ 20 'ਤੇ

## ਜੀ-7 ਸੰਮੇਲਨ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਸਟਿਨ ਟਰੂਡੋ ਨਾਲ ਕੀਤੀ ਮੁਲਾਕਾਤ



■ ਭਾਰਤ ਨਾਲ ਕਈ ਵੱਡੇ ਮੁੱਦਿਆਂ 'ਤੇ ਤਾਲਮੇਲ : ਟਰੂਡੋ



**ਔਟਵਾ, (ਪੰਜਾਬ ਮੇਲ)-** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਟਲੀ ਵਿਚ ਹੋਏ ਜੀ-7 ਸੰਮੇਲਨ ਦੌਰਾਨ ਮੁਲਾਕਾਤ ਕੀਤੀ। ਇਸ ਮੁਲਾਕਾਤ ਤੋਂ ਬਾਅਦ ਟਰੂਡੋ ਨੇ ਕਿਹਾ ਕਿ ਭਾਰਤ ਨਾਲ ਕਈ ਵੱਡੇ ਮੁੱਦਿਆਂ 'ਤੇ ਤਾਲਮੇਲ ਹੈ ਅਤੇ ਉਹ ਨਵੀਂ ਭਾਰਤ ਸਰਕਾਰ ਨਾਲ ਆਰਥਿਕ ਸਬੰਧਾਂ ਅਤੇ ਰਾਸ਼ਟਰੀ ਸੁਰੱਖਿਆ ਸਮੇਤ ਵੱਖ-ਵੱਖ ਮੁੱਦਿਆਂ 'ਤੇ ਗੱਲਬਾਤ ਕਰਨ ਦਾ ਮੌਕਾ ਦੇਖਦੇ ਹਨ।

ਸ਼ੁੱਕਰਵਾਰ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਸੋਸ਼ਲ ਮੀਡੀਆ 'ਤੇ ਟਰੂਡੋ ਨਾਲ ਹੱਥ ਮਿਲਾਉਂਦੇ ਹੋਏ ਇਕ ਤਸਵੀਰ ਪੋਸਟ ਕੀਤੀ ਸੀ, ਜਿਸ 'ਚ ਇਕ ਲਾਈਨ 'ਚ ਕਿਹਾ ਗਿਆ ਸੀ ਕਿ ਉਹ ਜੀ-7 ਸੰਮੇਲਨ 'ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਮਿਲੇ ਸਨ।

ਪਿਛਲੇ ਸਾਲ ਸਤੰਬਰ ਵਿਚ ਟਰੂਡੋ ਵੱਲੋਂ ਖਾਲਿਸਤਾਨ ਪੱਖੀ ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਸੰਭਾਵਿਤ ਸ਼ਮੂਲੀਅਤ ਦੇ ਦੋਸ਼ਾਂ ਤੋਂ ਬਾਅਦ ਖਾਲਿਸਤਾਨੀ ਕੱਟੜਤਾ ਨੂੰ ਲੈ ਕੇ ਤਣਾਅਪੂਰਨ ਕੂਟਨੀਤਕ ਸਬੰਧਾਂ ਦਰਮਿਆਨ ਦੱਖਣੀ ਇਟਲੀ ਦੇ ਅਪੂਲੀਆ ਵਿਚ ਇਹ ਪਹਿਲੀ ਮੀਟਿੰਗ ਸੀ। ਨਿੱਝਰ ਦੇ ਕਤਲ ਨੂੰ ਲੈ ਕੇ ਕੈਨੇਡਾ ਨੇ ਭਾਰਤ 'ਤੇ ਸਵਾਲ ਚੁੱਕੇ ਸਨ। ਮੰਗਲਵਾਰ ਨੂੰ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਨਿੱਝਰ ਦੇ ਕਤਲ ਦੀ ਕੈਨੇਡੀਅਨ ਜਾਂਚ ਵਿਚ ਭਾਰਤ ਤੋਂ ਸਹਿਯੋਗ ਵਿਚ ਸੁਧਾਰ ਦੇਖਿਆ ਹੈ, ਤਾਂ ਟਰੂਡੋ ਨੇ ਕਿਹਾ, "ਬਹੁਤ ਸਾਰਾ ਕੰਮ ਚੱਲ ਰਿਹਾ ਹੈ।" ਪਿਛਲੇ ਸਾਲ, ਟਰੂਡੋ ਦੇ ਦੋਸ਼ਾਂ ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਬੇਹੂਦਾ ਅਤੇ ਪ੍ਰੇਰਿਤ ਦੱਸਦਿਆਂ ਜ਼ੋਰਦਾਰ ਢੰਗ ਨਾਲ ਰੱਦ ਕਰ ਦਿੱਤਾ ਸੀ।

## ਆਇਓਵਾ ਸੂਬੇ 'ਚ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕਰਨ ਤੇ ਦੇਸ਼ ਨਿਕਾਲਾ ਦੇਣ 'ਤੇ ਲਗਾਈ ਰੋਕ



**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)-** ਇੱਕ ਸੰਘੀ ਜੱਜ ਨੇ ਆਇਓਵਾ ਸੂਬੇ ਦੇ ਇੱਕ ਰਾਜ ਦੇ ਕਾਨੂੰਨ ਨੂੰ ਲਾਗੂ ਕਰਨ ਤੋਂ ਅਸਥਾਈ ਤੌਰ 'ਤੇ ਰੋਕ ਦਿੱਤਾ। ਜੋ ਸਥਾਨਕ ਅਧਿਕਾਰੀਆਂ ਨੂੰ ਉਨ੍ਹਾਂ ਪ੍ਰਵਾਸੀਆਂ ਨੂੰ ਗ੍ਰਿਫਤਾਰ ਕਰਨ, ਚਾਰਜ ਕਰਨ ਅਤੇ ਦੇਸ਼ ਨਿਕਾਲਾ ਦੇਣ ਦੀ ਆਗਿਆ ਦਿੰਦਾ ਹੈ। ਜਿਨ੍ਹਾਂ ਨੂੰ ਪਹਿਲਾਂ ਅਮਰੀਕਾ ਵਿਚ ਦਾਖਲੇ ਤੋਂ ਇਨਕਾਰ ਕੀਤਾ ਗਿਆ ਸੀ ਜਾਂ ਦੇਸ਼ ਨਿਕਾਲਾ ਦਿੱਤਾ ਗਿਆ ਸੀ।

ਬਾਇਡਨ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਨਵੇਂ ਕਾਨੂੰਨ 'ਤੇ ਆਇਓਵਾ ਰਾਜ 'ਤੇ ਮੁਕੱਦਮਾ ਕੀਤਾ ਸੀ ਅਤੇ ਇਹ ਦਲੀਲ ਦਿੱਤੀ ਸੀ ਕਿ ਫੈਡਰਲ ਸਰਕਾਰ ਕੋਲ ਗੈਰ-ਨਾਗਰਿਕਾਂ ਦੇ ਦਾਖਲੇ ਅਤੇ ਹਟਾਉਣ ਨੂੰ ਨਿਯਮਤ ਕਰਨ ਲਈ ਸੰਘੀ ਕਾਨੂੰਨ ਦੇ ਅਧੀਨ ਵਿਸ਼ੇਸ਼ ਅਧਿਕਾਰ ਹੈ। ਇਸ ਦੇ ਨਾਲ ਹੀ ਯੂ.ਐੱਸ.ਏ. ਦੀ ਜ਼ਿਲ੍ਹਾ ਅਦਾਲਤ ਦੇ ਜੱਜ ਸਟੀਫਨ ਲੋਚਰ ਨੇ ਕਿਹਾ ਕਿ "ਰਾਜਨੀਤੀ ਦੇ ਮਾਮਲੇ ਵਜੋਂ, ਨਵਾਂ ਕਾਨੂੰਨ ਬਚਾਅ ਯੋਗ ਹੋ ਸਕਦਾ ਹੈ।"

ਲੋਚਰ ਨੇ ਆਪਣੇ ਫੈਸਲੇ ਵਿਚ ਲਿਖਿਆ, "ਸੰਵਿਧਾਨਕ ਕਾਨੂੰਨ ਦੇ ਮਾਮਲੇ ਵਜੋਂ, ਇਹ ਨਹੀਂ ਹੈ।" ਲੋਚਰ ਨੂੰ 2022 ਵਿਚ ਰਾਸ਼ਟਰਪਤੀ ਬਾਇਡਨ ਦੁਆਰਾ ਆਇਓਵਾ ਰਾਜ ਦੇ ਦੱਖਣੀ ਜ਼ਿਲ੍ਹੇ ਲਈ ਯੂ.ਐੱਸ. ਜ਼ਿਲ੍ਹਾ ਅਦਾਲਤ ਵਿਚ ਨਿਯੁਕਤ ਕੀਤਾ ਗਿਆ ਸੀ। ਸੈਨੇਟ ਦੀ ਨਿਆਂਪਾਲਿਕਾ ਕਮੇਟੀ ਆਇਓਵਾ ਗਵਰਨਰ ਕਿਮ ਰੇਨੋਲਡਜ਼, ਜਿਸਨੇ ਅਪ੍ਰੈਲ ਵਿਚ ਸੈਨੇਟ ਫਾਈਲ 2340 ਦੇ ਇਸ ਕਾਨੂੰਨ ਵਿਚ ਦਸਤਖਤ ਕੀਤੇ ਸਨ।

ਗਵਰਨਰ ਰੇਨੋਲਡਜ ਨੇ ਐਕਸ 'ਤੇ ਲਿਖਿਆ, "ਗੈਰ-ਕਾਨੂੰਨੀ ਇਮੀਗ੍ਰੇਸ਼ਨ ਨੂੰ ਰੋਕਣ ਲਈ ਆਇਓਵਾ ਦੇ ਕਾਨੂੰਨ ਨੂੰ ਬਲੌਕ ਕਰ ਦਿੱਤਾ ਗਿਆ ਹੈ। ਜੋ ਸਾਨੂੰ ਬਾਇਡਨ ਦੇ ਓਪਨ ਬਾਰਡਰ ਦੇ ਨਤੀਜਿਆਂ ਤੋਂ ਅਸੁਰੱਖਿਅਤ ਬਣਾ ਦਿੰਦਾ ਹੈ। ਇਹ ਕਾਨੂੰਨ, ਜੋ ਕਿ 1 ਜੁਲਾਈ ਨੂੰ ਲਾਗੂ ਹੋਣ ਵਾਲਾ ਸੀ ਅਤੇ ਬਾਇਡਨ ਪ੍ਰਸ਼ਾਸਨ ਨੇ ਪਿਛਲੇ ਮਹੀਨੇ ਪ੍ਰਵਾਸੀ ਕਾਨੂੰਨ ਨੂੰ ਲੈ ਕੇ ਆਇਓਵਾ ਵਿਰੁੱਧ ਮੁਕੱਦਮਾ ਦਾਇਰ ਕੀਤਾ ਸੀ। ਆਇਓਵਾ ਦੇ ਅਟਾਰਨੀ ਜਨਰਲ ਨੇ ਅਦਾਲਤ ਦੇ ਇਸ ਫੈਸਲੇ 'ਤੇ ਅਪੀਲ ਕਰਨ ਦੀ ਵੀ ਯੋਜਨਾ ਬਣਾਈ ਹੈ।

## ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਨੌਜਵਾਨਾਂ ਦੀਆਂ ਮੌਤਾਂ 'ਚ ਵਾਧੇ ਦਾ ਜ਼ਿਆਦਾਤਰ ਕਾਰਨ ਨਸ਼ੇ ਦੀ ਓਵਰਡੋਜ਼ !

■ ਮਾਪਿਆਂ ਵੱਲੋਂ ਸਮਾਜਿਕ ਨਮੋਸ਼ੀ ਦੇ ਡਰੋਂ ਦਿਲ ਦਾ ਦੌਰਾ ਪੈਣ ਕਾਰਨ ਹੋਈਆਂ ਮੌਤਾਂ ਦੱਸਿਆ ਜਾਂਦੈ
■ ਪੋਸਟਮਾਰਟਮ ਰਿਪੋਰਟ ਸਿਰਫ ਮਾਪਿਆਂ ਜਾਂ ਪਰਿਵਾਰ ਨਾਲ ਹੀ ਕੀਤੀ ਜਾਂਦੀ ਹੈ ਸਾਂਝੀ



**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਵਿਚ ਸਟੱਡੀ ਵੀਜ਼ੇ 'ਤੇ ਆਏ ਨੌਜਵਾਨਾਂ ਦੀਆਂ ਮੌਤਾਂ 'ਚ ਅਚਾਨਕ ਹੋਏ ਵਾਧੇ ਨੇ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕੀਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਇਨ੍ਹਾਂ 'ਚੋਂ ਬਹੁਤੀਆਂ ਮੌਤਾਂ ਨਸ਼ਿਆਂ ਦੀ ਓਵਰਡੋਜ਼ ਕਾਰਨ ਹੁੰਦੀਆਂ ਹਨ ਪਰ ਪ੍ਰਸ਼ਾਸਨ ਵੱਲੋਂ ਆਪਣੀ ਗਲਤੀ ਲੁਕਾਉਣ ਅਤੇ ਮਾਪਿਆਂ ਵੱਲੋਂ ਸਮਾਜਿਕ ਨਮੋਸ਼ੀ ਦੇ ਡਰੋਂ ਇਹ ਦਿਲ ਦਾ ਦੌਰਾ ਪੈਣ ਕਾਰਨ ਹੋਈਆਂ ਮੌਤਾਂ ਦੱਸੀਆਂ ਜਾਂਦੀਆਂ ਹਨ। ਪੋਸਟਮਾਰਟਮ ਰਿਪੋਰਟ ਸਿਰਫ ਮਾਪਿਆਂ ਜਾਂ ਪਰਿਵਾਰ ਨਾਲ ਹੀ ਸਾਂਝੀ ਕੀਤੀ ਜਾਂਦੀ ਹੈ। ਬੀਤੇ ਹਫਤਿਆਂ 'ਚ 20-22 ਸਾਲਾਂ ਦੇ ਕਈ ਨੌਜਵਾਨਾਂ ਦੀ ਹੋਈਆਂ ਮੌਤਾਂ ਦੀ ਪੁਖਤਾ ਜਾਣਕਾਰੀ ਵਿਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਦੀ ਮੌਤ ਦਾ ਅਸਲ ਕਾਰਨ ਨਸ਼ੇ ਦੀ ਓਵਰਡੋਜ਼ ਸੀ ਪਰ ਪੰਜਾਬ ਵਿਚ ਉਨ੍ਹਾਂ ਦੇ ਨੇੜਲਿਆਂ ਦੇ ਹਵਾਲੇ ਨਾਲ ਲੱਗੀਆਂ ਖਬਰਾਂ ਵਿਚ ਮੌਤ ਦਾ ਕਾਰਨ ਦਿਲ ਦਾ ਦੌਰਾ ਦੱਸਿਆ ਗਿਆ ਹੈ। ਅਜਿਹੀਆਂ ਮੌਤਾਂ ਦੇ ਕਾਰਨਾਂ ਦੀ ਸਹੀ ਜਾਣਕਾਰੀ ਰੱਖਣ ਵਾਲੇ ਪੁਲਿਸ ਮੁਲਾਜ਼ਮ, ਡਾਕਟਰਾਂ ਅਤੇ ਸਮਾਜਸੇਵੀਆਂ ਨੇ ਆਪਣੀ ਪਛਾਣ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਇਸ ਬਾਰੇ ਕੋਈ ਵੀ ਜਨਤਕ ਤੌਰ 'ਤੇ ਬੋਲਣ ਲਈ ਤਿਆਰ ਨਹੀਂ ਹੁੰਦਾ।

■ ਬਾਕੀ ਖਬਰ ਸਫਾ 20 'ਤੇ

## ਗੁਰਪਤਵੰਤ ਪੰਨੂ ਕਤਲ ਦੀ ਸਾਜ਼ਿਸ਼ ਦਾ ਮਾਮਲਾ: ਅਮਰੀਕੀ ਅਦਾਲਤ ਵੱਲੋਂ ਨਿਖਿਲ ਗੁਪਤਾ ਨੂੰ 28 ਜੂਨ ਤੱਕ ਹਿਰਾਸਤ 'ਚ ਰੱਖਣ ਦੇ ਹੁਕਮ



**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)-** ਸਿੱਖਸ ਫਾਰ ਜਸਟਿਸ ਦੇ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਰਚਣ ਵਾਲੇ ਭਾਰਤੀ ਨਾਗਰਿਕ ਨਿਖਿਲ ਗੁਪਤਾ ਨੂੰ ਬੀਤੇ ਦਿਨੀਂ ਸੋਮਵਾਰ ਨੂੰ ਨਿਊਯਾਰਕ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਦੌਰਾਨ, ਨਿਖਿਲ ਗੁਪਤਾ ਨੇ ਖੁਦ ਨੂੰ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਨੂੰ ਨਹੀ ਮੰਨਿਆ। ਅਦਾਲਤ ਨੇ ਉਸ ਨੂੰ 28 ਜੂਨ ਤੱਕ ਹਿਰਾਸਤ ਵਿਚ ਰੱਖਣ ਦੇ ਹੁਕਮ ਦਿੱਤੇ ਹਨ। ਭਾਰਤੀ ਨਾਗਰਿਕ ਨਿਖਿਲ ਗੁਪਤਾ (52) ਸਾਲ ਨੂੰ ਸ਼ੁੱਕਰਵਾਰ ਨੂੰ ਚੈੱਕ ਗਣਰਾਜ ਤੋਂ ਅਮਰੀਕਾ ਵਿਖੇ ਲਿਆਂਦਾ ਗਿਆ ਸੀ। ਅਤੇ ਉਸ ਨੂੰ ਅਮਰੀਕੀ ਸਰਕਾਰ ਦੀ ਬੇਨਤੀ 'ਤੇ ਪਿਛਲੇ ਸਾਲ ਚੈੱਕ ਗਣਰਾਜ 'ਚ ਗ੍ਰਿਫਤਾਰ ਕੀਤਾ ਗਿਆ ਸੀ। ਨਿਖਿਲ ਗੁਪਤਾ ਦੇ ਵਕੀਲ ਨੇ ਕਿਹਾ, 'ਉਸ ਦੇ ਮੁਵੱਕਿਲ ਨੂੰ ਬੀਤੇ ਦਿਨੀਂ ਸੋਮਵਾਰ ਨੂੰ ਨਿਊਯਾਰਕ ਦੀ ਸੰਘੀ ਅਦਾਲਤ 'ਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੇ (ਨਿਖਿਲ ਗੁਪਤਾ) ਨੇ ਆਪਣਾ ਦੋਸ਼ ਨਹੀਂ ਮੰਨਿਆ।

ਇਹ ਮੁੱਦਾ ਦੋਵਾਂ ਦੇਸ਼ਾਂ ਲਈ ਬਹੁਤ ਹੀ ਪੇਚੀਦਾ ਹੈ। ਨਿਖਿਲ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਉਸ 'ਤੇ ਇਹ ਝੂਠਾ ਦੋਸ਼ ਲਗਾਇਆ ਗਿਆ ਹੈ। ਅਦਾਲਤ ਨੇ ਉਸ ਨੂੰ 28 ਜੂਨ ਤੱਕ ਰਿਮਾਂਡ 'ਤੇ ਭੇਜਣ ਦੇ ਹੁਕਮ ਵੀ ਦਿੱਤੇ ਹਨ। ਇਸ ਤੋਂ ਪਹਿਲਾਂ ਚੈੱਕ ਗਣਰਾਜ ਦੀ ਇਕ ਅਦਾਲਤ ਨੇ ਨਿਖਿਲ ਗੁਪਤਾ ਦੀ ਅਮਰੀਕਾ ਹਵਾਲਗੀ ਦੀ ਬੇਨਤੀ ਨੂੰ ਰੱਦ ਕਰ ਦਿੱਤਾ ਸੀ। ਹੁਣ ਨਿਊਯਾਰਕ ਦੀ ਅਦਾਲਤ ਨੇ ਨਿਖਿਲ ਗੁਪਤਾ ਨੂੰ 28 ਜੂਨ ਨੂੰ ਹੋਣ ਵਾਲੀ ਸੁਣਵਾਈ ਤੱਕ ਹਿਰਾਸਤ ਵਿਚ ਰੱਖਣ ਦਾ ਹੁਕਮ ਦਿੱਤਾ ਹੈ। ਉਸ ਦੇ ਵਕੀਲ ਨੇ ਉਸ ਦੀ ਜ਼ਮਾਨਤ ਲਈ ਅਰਜ਼ੀ ਨਹੀਂ ਦਿੱਤੀ।


## ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸਜ਼ਾ ਇਕ ਸਾਲ ਹੋਰ ਵਧਣ ਦੀ ਸੰਭਾਵਨਾ



**ਖਡੂਰ ਸਾਹਿਬ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਨਵੇਂ ਚੁਣੇ ਗਏ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ 'ਤੇ ਲਗਾਏ ਗਏ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਨੂੰ ਇਕ ਸਾਲ ਲਈ ਵਧਾਏ ਜਾਣ ਦੀ ਸੰਭਾਵਨਾ ਹੈ। ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਸਾਥੀਆਂ 'ਤੇ ਲਗਾਏ ਗਏ ਐੱਨ.ਐੱਸ.ਏ. ਦੀ ਮਿਆਦ ਵਧਾ ਦਿੱਤੀ ਗਈ ਹੈ, ਪੱਪਲਪ੍ਰੀਤ ਸਿੰਘ, ਪ੍ਰਧਾਨ ਮੰਤਰੀ ਬਾਜੇਕੇ, ਸਰਬਜੀਤ ਕਲਸੀ ਦੀ ਐੱਨ.ਐੱਸ.ਏ. ਇਕ ਸਾਲ ਲਈ ਹੋਰ ਵਧਾਏ ਜਾਣ ਦੀ ਖ਼ਬਰ ਹੈ। ਹਾਲਾਂਕਿ, ਇਸ ਬਾਰੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਖਡੂਰ ਸਾਹਿਬ ਲੋਕ ਸਭਾ ਸੀਟ ਸਭ ਤੋਂ ਹੌਟ ਸੀਟ ਮੰਨੀ ਗਈ ਸੀ ਕਿਉਂਕਿ ਇਹ ਸਪੱਸ਼ਟ ਨਹੀਂ ਸੀ ਕਿ ਅੰਮ੍ਰਿਤਪਾਲ ਸਿੰਘ, ਜੋ ਪਿਛਲੇ ਸਾਲ ਅਪ੍ਰੈਲ ਤੋਂ ਰਾਸ਼ਟਰੀ ਸੁਰੱਖਿਆ ਐਕਟ ਤਹਿਤ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਹਨ ਅਤੇ ਜਿਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜਨ ਦਾ ਫੈਸਲਾ ਕੀਤਾ ਹੈ, ਨੂੰ ਚੋਣ ਲੜਨ ਦੀ ਆਗਿਆ ਦਿੱਤੀ ਜਾਵੇਗੀ ਜਾਂ ਨਹੀਂ।

ਹਾਲਾਂਕਿ, ਉਨ੍ਹਾਂ ਨੇ ਨਾ ਸਿਰਫ ਲੋਕ ਸਭਾ ਚੋਣਾਂ 2024 ਲੜੀਆਂ, ਬਲਕਿ ਉਨ੍ਹਾਂ ਨੇ ਅਪਣੀ ਜਿੱਤ ਵੀ ਦਰਜ ਕੀਤੀ। ਹੁਣ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਉਹ ਕਦੋਂ ਅਤੇ ਕਿਵੇਂ ਸੰਸਦ ਮੈਂਬਰ ਵਜੋਂ ਸਹੁੰ ਚੁੱਕਣਗੇ।


APCA
AMERICAN PETROLEUM AND CONVENIENCE STORE ASSOCIATION
REYNOLDS
A BETTER TOMORROW
Event Sponsor
APCA Lobby Day
Guest Speakers
Assemblywoman Jasmeet Bains
Assemblyman James Gallagher
District Attorney Thien Ho
Greg Totten- Prop 47 Campaign
Steve Konig- Arco/Marathon
"Don't Play Politics with Public Safety"
June 19,2024
9:00 am - 3:00 pm
Hyatt Regency Sacramento
1201 L Street, Sacramento
(Meeting in Golden State Room)
Free Parking with Validation in the Hyatt
Free to attend , lunch provided
RSVP: bobbie@apca.us
Agenda
9:00 am- Registration and Refreshments
10:00 am- Program Begins
11:30 am- Boxed Lunch
12:20 pm- Group Photo at the Capitol West Steps
1:00-3:00 pm- Legislative Meetings

# ਜੂਨ 84 ਦੇ ਤੀਜੇ ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਮੌਕੇ ਅਮਰੀਕੀ ਸਦਨ ਵਿਖੇ ਹੋਇਆ ਅਰਦਾਸ ਸਮਾਗਮ

## ■ ਸਮੂਹ ਸ਼ਹੀਦਾਂ ਨੂੰ ਦਿੱਤੀਆਂ ਸ਼ਰਧਾਂਜਲੀਆਂ






















**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਨ ਸਿੱਖ ਕਾਕਸ ਕਮੇਟੀ ਵੱਲੋਂ ਜੂਨ 1984 ਦੇ ਤੀਜੇ ਘੱਲੂਘਾਰੇ ਦੀ 40ਵੀਂ ਵਰ੍ਹੇਗੰਢ ਅਤੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਦੇਣ ਲਈ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਡੀ.ਸੀ. ਵਿਖੇ ਸਮਾਗਮ ਕੀਤੇ ਗਏ। ਡਾ. ਪ੍ਰਿਤਪਾਲ ਸਿੰਘ, ਹਿੰਮਤ ਸਿੰਘ, ਹਰਜਿੰਦਰ ਸਿੰਘ ਅਤੇ ਜਗਰਾਜ ਸਿੰਘ ਹੋਰਾਂ ਨੇ 'ਪੰਜਾਬ ਮੇਲ' ਨੂੰ ਇਸ ਸਮਾਗਮ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਦੋ ਦਿਨ ਚੱਲੇ ਇਨ੍ਹਾਂ ਸਮਾਗਮਾਂ ਵਿਚ ਬਹੁ ਧਰਮੀ ਆਗੂਆਂ ਨੇ ਸ਼ਿਰਕਤ ਕੀਤੀ। ਇਸ ਦੇ ਨਾਲ-ਨਾਲ ਅਮਰੀਕਨ ਕਾਂਗਰਸ ਮੈਂਬਰ ਵੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ।

ਅਮਰੀਕੀ ਸਦਨ ਦੇ ਹਾਊਸ ਆਫ਼ ਰਿਪ੍ਰੀਜ਼ੈਂਟੇਟਿਵਜ਼ ਵਿਖੇ ਹੋਏ ਇਨ੍ਹਾਂ ਸਮਾਗਮਾਂ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਦਰਬਾਰ ਸਾਹਿਬ ਸਮੇਤ ਹੋਰਨਾਂ ਗੁਰਦੁਆਰਿਆਂ ਉਪਰ ਭਾਰਤੀ ਫ਼ੌਜ ਵਲੋਂ ਕੀਤੇ ਹਮਲੇ ਨੂੰ ਤੀਜੇ ਘੱਲੂਘਾਰੇ ਵਜੋਂ ਯਾਦ ਕੀਤਾ ਗਿਆ। ਇਸ ਸਮਾਗਮ ਦੀ 40ਵੀਂ ਵਰ੍ਹੇਗੰਢ ਮੌਕੇ ਸਦਨ ਦੇ ਅੰਦਰ ਭਾਈ ਮੋਹਨ ਸਿੰਘ ਵੱਲੋਂ ਅਰਦਾਸ ਕੀਤੀ ਗਈ। ਇੱਥੇ ਇਹ ਜ਼ਿਕਰਯੋਗ ਹੈ ਕਿ ਹਾਊਸ ਦੇ ਸਪੀਕਰ ਖੁਦ ਭਾਈ ਸਾਹਿਬ ਨੂੰ ਸਦਨ ਦੇ ਅੰਦਰ ਲੈ ਕੇ ਆਏ। ਅਰਦਾਸ ਉਪਰੰਤ ਵੱਖ-ਵੱਖ ਕਾਂਗਰਸਮੈਨਾਂ ਵੱਲੋਂ ਜੂਨ 84 ਮੌਕੇ ਵੱਖ-ਵੱਖ ਗੁਰਦੁਆਰਿਆਂ ਉਪਰ ਹੋਏ ਹਮਲਿਆਂ ਦੀ ਨਿਖੇਧੀ ਕੀਤੀ ਗਈ।

ਅਮਰੀਕਨ ਆਗੂਆਂ ਵਿਚ ਕੈਥਰੀਨ ਕਲਾਰਕ, ਟੌਮ ਐਮਰਜ (ਮਜੌਰਟੀ ਵਿਹਪ, ਮਿਨੀਸੋਟਾ), ਡੈਨ ਨਿਊਹਾਊਸ (ਵਾਸ਼ਿੰਗਟਨ), ਐਲ ਗਰੀਨ (ਟੈਕਸਾਸ), ਡੌਨਲਡ ਨੌਰਕਰੌਸ (ਨਿਊ ਜਰਸੀ), ਪੀਟ ਸੈਸ਼ਨਜ਼ (ਟੈਕਸਾਸ), ਮੇਰੀ ਸਕਰੈਂਟਨ (ਪੈਨਿਸਲਵੇਨੀਆ), ਜੈਫ਼ ਐਂਡਰਿਊ (ਨਿਊ ਜਰਸੀ), ਬਰੈਂਡਨ ਬੌਇਲ (ਪੈਨਿਸਲਵੇਨੀਆ), ਕਾਂਗਰਸਮੈਨ ਵਾਲਾਡਾਓ, ਕਾਂਗਰਸਵੂਮੈਨ ਮੈਰੀ ਸਕੈਨਲੇਨ, ਯੂ.ਐੱਨ. ਅੰਡਰ ਸੈਕਟਰੀ ਜਨਰਲ ਅਲੀਸ ਨਡੇਰੀਟੂ, ਯੂ.ਐੱਨ. ਗਲੋਬਲ ਦੇ ਸਟੇਅਰਿੰਗ ਕਮੇਟੀ ਦੇ ਮੈਂਬਰ ਡਾ. ਇਕਤਿਦਾਰ ਚੀਮਾ, ਰਿਲੀਜ਼ਨ ਐਂਡ ਡਿਪਲੋਮੇਸੀ ਵੱਲੋਂ ਮਾਰਟਿਨ ਮਿਲਰ, ਇੰਟਰਨੈਸ਼ਨ ਬਾਈਬਲ ਐਡਵੋਕੇਸੀ ਸੈਂਟਰ ਵੱਲੋਂ ਕੈਨਨ ਜੋਸ਼ਵਾ ਜੌਹਨ ਅਤੇ ਐਨਥਨੀ ਵੈਨਸ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਾਰੇ ਹੀ ਅਮਰੀਕਨ ਕਾਂਗਰਸ ਮੈਂਬਰਾਂ ਅਤੇ ਅਮਰੀਕਾ ਭਰ ਤੋਂ ਪਹੁੰਚੇ ਹੋਏ ਸਿੱਖ ਲੀਡਰਾਂ ਨੇ 40 ਸਾਲ ਪਹਿਲਾਂ ਭਾਰਤੀ ਫ਼ੌਜ ਵਲੋਂ ਸਿੱਖਾਂ ਦੇ ਮੁਕੱਦਸ ਅਸਥਾਨਾਂ 'ਤੇ ਹਮਲੇ ਅਤੇ ਅਣਗਿਣਤ ਬੇਗੁਨਾਹ ਸਿੱਖ ਸੰਗਤਾਂ ਦੀ ਬੇਰਹਿਮੀ ਨਾਲ ਕੀਤੀ ਕਤਲੋਗਾਰਤ ਲਈ ਭਾਰਤੀ ਫ਼ੌਜ ਅਤੇ ਸਰਕਾਰ ਦੀ ਭਰਵੀਂ ਨਿਖੇਧੀ ਕਰਦਿਆਂ ਰੱਜ ਕੇ ਲਾਹਨਤਾਂ ਪਾਈਆਂ ਅਤੇ ਇਸ ਨੂੰ ਸਿੱਖ ਕੌਮ ਲਈ ਨਾ ਭੁੱਲਣਯੋਗ ਵਰਤਾਰਾ ਦੱਸਿਆ।

ਤੀਜੇ ਘੱਲੂਘਾਰੇ ਦੇ 40 ਸਾਲ ਹੋ ਜਾਣ 'ਤੇ ਸਿੱਖ ਕੌਮ ਜਦੋਂ ਇਹ ਲੇਖਾ-ਜੋਖਾ ਕਰਦੀ ਹੈ ਕਿ ਅੱਜ ਅਸੀਂ ਕਿਥੇ ਖੜ੍ਹੇ ਹਾਂ, ਤਾਂ ਕੌਮ ਵਲੋਂ ਵੱਖ-ਵੱਖ ਢੰਗਾਂ ਨਾਲ ਆਪਣੀ ਆਵਾਜ਼ ਅਤੇ ਮੁੱਦਿਆਂ ਨੂੰ ਲਗਾਤਾਰ ਚੁੱਕੇ ਜਾਣ 'ਤੇ ਸੰਘਰਸ਼ ਦੀ ਲਗਾਤਾਰਤਾ ਬਣਾਈ ਰੱਖਣ ਲਈ, ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ-ਕੋਸਟ, ਹੋਰ ਜਥੇਬੰਦੀਆਂ ਜਿਵੇਂ ਅਮਰੀਕਨ ਸਿੱਖ ਕਾਕਸ ਕਮੇਟੀ ਨਾਲ ਮਿਲ ਕੇ ਹਮੇਸ਼ਾ ਸਿੱਖ ਸਰੋਕਾਰਾਂ ਲਈ ਯਤਨਸ਼ੀਲ ਰਹਿੰਦੀ ਹੈ।

ਇਸੇ ਲੜੀ 'ਚ ਦੁਨੀਆਂ ਦੇ ਸਭ ਤੋਂ ਤਾਕਤਵਰ ਦੇਸ਼ ਅਮਰੀਕੀ ਸਦਨ ਵਿਚ ਘੱਲੂਘਾਰੇ ਦੇ 40ਵੇਂ ਸਾਲ ਨੂੰ ਸਮਰਪਿਤ ਇਹ ਪ੍ਰੋਗਰਾਮ ਦਾ ਆਯੋਜਨ ਕਰਵਾਉਣਾ ਅਮਰੀਕਨ ਸਿੱਖ ਕਾਕਸ ਕਮੇਟੀ ਅਤੇ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੀ ਕੌਮ ਵਾਸਤੇ ਇਕ ਬਹੁਤ ਵੱਡੀ ਪ੍ਰਾਪਤੀ ਹੈ, ਜਿਸ ਨਾਲ ਸਿੱਖ ਕੌਮ ਦੇ ਸੰਘਰਸ਼ ਅਤੇ ਕੌਮੀ ਬਿਰਤਾਂਤ ਨੂੰ ਦੁਨੀਆਂ ਸਾਹਮਣੇ ਹੋਰ ਮਜ਼ਬੂਤੀ ਨਾਲ ਰੱਖਣ ਦੀ ਮਦਦ ਮਿਲੇਗੀ।




# VALLEJO TEEYAN

# MELA 2024

## *Sunday, July 21st, 2024 from 12-6pm*

Hosted By



Asha Sharma

Organizer



Sunita Verma

**Only for Ladies and Children**

**At Dan Foley Cultural Center**

**(Behind Sutter Solano Hospital)**

**1498 N Camino Alto, Vallejo, CA 94589**

Special Attractions include Mehndi, Indian Clothing and Jewelry Booths.



Come and enjoy a day filled with entertainment and festiveties, including Punjabi Folk songs and dances, Gidha, Boliyan and much more...

Copyright@Punjab Mail USA

*To Participate Rent Space for a booth, or Sponsor, Please Contact:*

**SUNITA VERMA : 707-853-9006**

**Email: sonalideep@gmail.com**


"Let us make your event a dream come true"

Flamingo
Banquet Hall & Catering
(916) 334-6000
(707) 645-1700

ARIA
FINE DINING, BAR, CATERING & BANQUET HALLS
(408) 941-1700

TOUCH OF ELEGANCE DECOR
"Let us make your event a dream come true"
Pardeep - Paul
(510) 325-8433





D D Sharma
Real Estate Consultant
DRE #01744678
707-365-9385(cell)

Din D Sharma
REAL ESTATE
Specialize in:
Residential, Hotel, Motel,
Gas Stations and Liquor Stores etc.
510 Meadow Valley Cir.
Fairfield, CA 94534
Phone:707-864-6181
Fax:707-864-4276
din.sharma@aol.com


Residential, Loan Mod, Short Sale & Commercial Real Estate



GOLD, DIAMOND, PLATINUM JEWELRY
CHINNA JEWELLERS INC
(916) 956-3094
7454 STOCKTON BLVD, SUITE-A
SACRAMENTO, CA 95823



# ਫੇਅਰਫੀਲਡ ਵਿਖੇ ਇਤਿਹਾਸਕ ਨਾਟਕ 'ਜ਼ਫਰਨਾਮਾ' ਦੀ ਸਫਲ ਪੇਸ਼ਕਾਰੀ






























**ਫੇਅਰਫੀਲਡ, (ਪੰਜਾਬ ਮੇਲ)**-ਇੰਡੀਅਨ ਕੇਅਰ ਐਸੋਸੀਏਸ਼ਨ ਵੱਲੋਂ ਸੁਰਿੰਦਰ ਸਿੰਘ ਧਨੋਆ ਵੱਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਇਤਿਹਾਸਕ ਨਾਟਕ 'ਜ਼ਫਰਨਾਮਾ' ਫੇਅਰਫੀਲਡ ਦੇ ਨਾਲ ਪੈਂਦੇ ਸ਼ਹਿਰ ਸੂਸੇਨ ਸਿਟੀ ਵਿਖੇ ਕਰਵਾਇਆ ਗਿਆ। ਪੰਜਾਬ ਲੋਕ ਰੰਗਮੰਚ ਦੇ ਬੈਨਰ ਹੇਠ ਕਰਵਾਏ ਗਏ ਇਸ ਨਾਟਕ ਨੂੰ ਦੇਖਣ ਲਈ ਆਡੀਟੋਰੀਅਮ ਦਰਸ਼ਕਾਂ ਨਾਲ ਨੱਕੋ-ਨੱਕ ਭਰਿਆ ਹੋਇਆ ਸੀ। ਇਸ ਮੌਕੇ ਇੰਡੀਅਨ ਕੇਅਰ ਐਸੋਸੀਏਸ਼ਨ ਦੇ ਆਗੂ ਸ਼ਸ਼ੀਪਾਲ ਅਤੇ ਹਰਜਿੰਦਰ ਧਾਮੀ ਨੇ ਜਿੱਥੇ ਆਏ ਹੋਏ ਸਮੂਹ ਦਰਸ਼ਕਾਂ ਦਾ ਸਵਾਗਤ ਕੀਤਾ, ਉਥੇ ਸੁਰਿੰਦਰ ਧਨੋਆ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਬਦੌਲਤ ਇਸ ਨਾਟਕ ਰਾਹੀਂ ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀ, ਖਾਸ ਕਰਕੇ ਬੱਚਿਆਂ ਨੂੰ ਸਿੱਖ ਧਰਮ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਨਾਟਕ ਸ਼ੁਰੂ ਹੋਣ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਫੇਅਰਫੀਲਡ ਦੇ ਹੈੱਡ ਗ੍ਰੰਥੀ ਸਾਹਿਬ ਨੇ ਅਰਦਾਸ ਕੀਤੀ। ਉਪਰੰਤ ਸੁਰਿੰਦਰ ਸਿੰਘ ਧਨੋਆ ਨੇ ਨਾਟਕ ਬਾਰੇ ਸੰਖੇਪ ਜਾਣਕਾਰੀ ਦਿੱਤੀ। ਇਸ ਨਾਟਕ ਵਿਚ ਗੁਰੂ ਗੋਬਿੰਦ ਸਿੰਘ ਜੀ ਅਤੇ ਔਰੰਗਜ਼ੇਬ ਦੇ ਸਮੇਂ ਨੂੰ ਦਰਸਾਇਆ ਗਿਆ। ਉਸ ਮੌਕੇ ਦੇ ਪਹਾੜੀ ਰਾਜਿਆਂ ਦੇ ਦੋਗਲੇ ਕਿਰਦਾਰ ਨੂੰ ਵੀ ਬਾਖ਼ੂਬੀ ਪੇਸ਼ ਕੀਤਾ ਗਿਆ। ਔਰੰਗਜ਼ੇਬ ਦੇ ਕਿਰਦਾਰ ਵਿਚ ਸੁਰਿੰਦਰ ਧਨੋਆ ਨੇ ਉਸ ਮੌਕੇ ਦੀ ਅਸਲੀਅਤ ਬਿਆਨ ਕੀਤੀ। ਛੋਟੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣੇ ਜਾਣ ਨੂੰ ਜਦੋਂ ਸਟੇਜ ਤੋਂ ਦਰਸਾਇਆ ਗਿਆ, ਤਾਂ ਬਹੁਤੇ ਦਰਸ਼ਕ ਭਾਵੁਕ ਹੋ ਗਏ। ਕੁੱਲ ਮਿਲਾ ਕੇ ਨਾਟਕ ਉਸ ਵਕਤ ਹੋਈ ਅਸਲੀਅਤ ਦੇ ਬਹੁਤ ਨਜ਼ਦੀਕ ਸੀ। ਨਾਟਕ ਵਿਚ ਹਰ ਪਾਤਰ ਨੇ ਆਪਣੇ ਕਿਰਦਾਰ ਬੜੀ ਸ਼ਿੱਦਤ ਨਾਲ ਨਿਭਾਏ। ਇੰਡੀਅਨ ਕੇਅਰ ਐਸੋਸੀਏਸ਼ਨ ਦੀ ਸਮੁੱਚੀ ਟੀਮ ਵਧਾਈ ਦੀ ਹੱਕਦਾਰ ਹੈ, ਜਿਨ੍ਹਾਂ ਨੇ ਇਸ ਨਾਟਕ ਨੂੰ ਕਰਵਾ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸੰਦੇਸ਼ ਨੂੰ ਸੰਗਤ ਤੱਕ ਪਹੁੰਚਾਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਿੰਦਰ ਹੇਅਰ, ਗੁਰਪਾਲ ਡਡਵਾਲ, ਹੁਸ਼ਿਆਰ ਡਡਵਾਲ, ਕੈਪਟਨ ਕਰਨਜੀਤ ਸਿੰਘ ਔਲਖ, ਗੁਰਜਤਿੰਦਰ ਸਿੰਘ ਰੰਧਾਵਾ, ਡਾ. ਜਸਬੀਰ ਸਿੰਘ ਕੰਗ, ਰੋਮੀ ਉੱਪਲ, ਕੁਲਵਿੰਦਰ ਬੈਂਸ, ਰਾਜੂ ਮਲ੍ਹੋਹਤਰਾ, ਮਾਈਕ ਸਿੰਘ, ਅਮਿਤ ਪਾਲ, ਜਸਪਾਲ ਡਡਵਾਲ, ਸੁਰਜੀਤ ਰੱਤੂ ਅਤੇ ਕੁਲਵੰਤ ਬੈਂਸ ਹਾਜ਼ਰ ਸਨ।

*Page Sponsored by*

**Gurjatinder S. Randhawa**
REALTOR # 01490567
Ph: 916-320-9444

PUNJAB MAIL USA
TV Channel

"Sound Mind in the Sound Body" ੴ ਸਤਿਗੁਰ ਪ੍ਰਸਾਦਿ ॥ Health is Wealth

# 14th Children Summer Sports Camp-2024

## 14ਵਾਂ ਬੱਚਿਆਂ ਦਾ ਖੇਡ ਕੈਂਪ-2024

## 6 ਜੁਲਾਈ 2024, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

**Wilson Play Fields Kent WA. 13028 SE. 251st. Kent, WA - 98030**

Every Saturday - Sunday
5PM to 7PM
Free Entry

ਖੁੱਲ੍ਹਾ ਸੱਦਾ
ਹੁੰਮ-ਹੁਮਾ ਕੇ ਪਹੁੰਚੋ
Free Sporst Kits-Refreshment

ਕੋਈ ਫੀਸ ਨਹੀਂ, ਸਗੋਂ ਦਾਨੀ ਸੱਜਣਾਂ ਵੱਲੋਂ ਮੁਫਤ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਦੀ ਸੇਵਾ


ਗੁਰਚਰਨ ਸਿੰਘ ਢਿੱਲੋਂ ਦਾ ਸਨਮਾਨ ਕਰਦੇ ਹੋਏ ਪੰਜਾਬੀ ਭਾਈਚਾਰੇ ਦੇ ਲੋਕ।

**ਬਜ਼ੁਰਗਾਂ ਵਾਸਤੇ ਸੈਰ ਤੇ ਯੋਗਾ ਕਸਰਤ 6 ਤੋਂ 7 ਵਜੇ ਤੱਕ**

ਸਤਿਕਾਰਯੋਗ ਜੀਉ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੱਚਿਆਂ ਦਾ ਖੇਡ ਕੈਂਪ 6 ਜੁਲਾਈ, ਦਿਨ ਸ਼ਨਿੱਚਰਵਾਰ, ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ Wilson Play Fields Kent WA. 13028 SE. 251st. Kent, WA - 98030 ਵਿਖੇ ਕੀਤਾ ਜਾ ਰਿਹਾ ਹੈ, ਜਿੱਥੇ ਹਰੇਕ ਸ਼ਨਿੱਚਰਵਾਰ ਤੇ ਐਤਵਾਰ 5 ਤੋਂ 7 ਵਜੇ ਤੱਕ ਬੱਚਿਆਂ ਨੂੰ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕੀਤੀ ਜਾਵੇਗੀ ਅਤੇ ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਪੰਜਾਬੀ ਸੱਭਿਆਚਾਰ ਨਾਲ ਜੋੜਨ ਦਾ ਦਾ ਉਪਰਾਲਾ ਕੀਤਾ ਜਾਵੇਗਾ। ਬੱਚਿਆਂ ਤੋਂ ਕੋਈ ਫੀਸ ਨਹੀਂ, ਸਗੋਂ ਦਾਨੀਆਂ ਵੱਲੋਂ ਖੇਡ-ਕਿੱਟਾਂ ਤੇ ਰਿਫਰੈਸ਼ਮੈਂਟ ਸੇਵਾ ਕੀਤੀ ਜਾਵੇਗੀ। ਇਹ ਪੰਜਾਬੀ ਭਾਈਚਾਰੇ ਦਾ ਸਾਂਝਾ ਕੈਂਪ ਹੈ। ਕਿਸੇ ਨਾਲ ਕੋਈ ਵਿਤਕਰਾ ਨਹੀਂ। ਦਾਨੀਆਂ ਵੱਲੋਂ ਮੁਫਤ ਖਰਚਾ ਸਪਾਂਸਰ ਕੀਤਾ ਜਾ ਰਿਹਾ ਹੈ।


ਪ੍ਰਬੰਧਕਾਂ ਤੇ ਕੋਚਿਜ਼ ਸਾਹਿਬਾਨਾਂ ਦੀ ਮੀਟਿੰਗ ਤੋਂ ਬਾਅਦ ਸਾਂਝੀ ਫੋਟੋ।


ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।


ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਜੇ. ਇਨਸਲੀ ਦਾ ਸਵਾਗਤ।


ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।


ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।


ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।



ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

**ਸਵਾਗਤ ਕਰਤਾ:**

# Sikhs of Seattle

**ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ**

**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ**


ਗੁਰਚਰਨ ਸਿੰਘ ਢਿੱਲੋਂ
(ਮੁੱਖ ਪ੍ਰਬੰਧਕ) : 206-412-1559


ਗੁਰਦੀਪ ਸਿੰਘ ਸਿੱਧੂ
(ਪ੍ਰਬੰਧਕ) : 206-697-8155

Designed By Punjab Mail USA

# ਅਮਰੀਕੀ ਰਾਸ਼ਟਰਪਤੀ ਚੋਣਾਂ: 27 ਜੂਨ ਨੂੰ ਟੀ.ਵੀ. ’ਤੇ ਬਾਇਡਨ ਤੇ ਟਰੰਪ ਹੋਣਗੇ ਆਹਮੋ-ਸਾਹਮਣੇ



**ਵਾਸ਼ਿੰਗਟਨ, (ਰਾਜ ਗੋਗਨਾ/ਪੰਜਾਬ ਮੇਲ)-** ਅਮਰੀਕਾ ’ਚ ਹੋ ਰਹੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ 2024 ਜਿਸ ਵਿਚ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਨਵੰਬਰ ’ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਵੱਲੋਂ ਨਾਮਜ਼ਦਗੀ ਦੀ ਦੌੜ ਵਿਚ ਆਪਣੇ ਵਿਰੋਧੀਆਂ ਨਾਲ ਕਿਸੇ ਵੀ ਬਹਿਸ ਵਿਚ ਹਿੱਸਾ ਨਹੀਂ ਲਿਆ, ਹੁਣ ਉਹ ਇਕ ਟੀ.ਵੀ. ਬਹਿਸ ਵਿਚ ਭਿੜਨਗੇ, ਜਿਸ ਨੂੰ ਲੱਖਾਂ ਦਰਸ਼ਕ ਦੇਖਣਗੇ। ਦੋਵਾਂ ਵਿਚਾਲੇ ਪਹਿਲੀ ਬਹਿਸ 27 ਜੂਨ ਨੂੰ ਹੋਵੇਗੀ। ਸਾਰੀ ਬਹਿਸ ਦੌਰਾਨ ਮਾਈਕ੍ਰੋਫੋਨ ਬੰਦ ਰਹਿਣਗੇ, ਸਿਵਾਏ ਉਮੀਦਵਾਰ ਨੂੰ ਛੱਡ ਕੇ ਜਿਸ ਦੀ ਵਾਰੀ ਬੋਲਣ ਦੀ ਹੈ। ਦੋਵੇਂ ਉਮੀਦਵਾਰ 90 ਮਿੰਟ ਦੀ ਬਹਿਸ ਦੌਰਾਨ ਬਰਾਬਰ ਉਚਾਈ ਵਾਲੇ ਪੋਡੀਅਮਾਂ ’ਤੇ ਖੜ੍ਹੇ ਹੋਣਗੇ। ਪਹਿਲਾਂ ਕਿਸ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ, ਇਸਦਾ ਫੈਸਲਾ ਸਿੱਕਾ ਉਛਾਲ ਕੇ ਕੀਤਾ ਜਾਵੇਗਾ। ਉਮੀਦਵਾਰਾਂ ਨੂੰ ਇੱਕ ਪੈੱਨ, ਕਾਗਜ਼ ਦਾ ਇੱਕ ਪੈਡ ਅਤੇ ਪਾਣੀ ਦੀ ਇੱਕ ਬੋਤਲ ਦਿੱਤੀ ਜਾਵੇਗੀ, ਪਰ ਉਹ ਪ੍ਰੋਪਸ ਦੀ ਵਰਤੋਂ ਕਰਨ ਦੇ ਯੋਗ ਨਹੀਂ ਹੋਣਗੇ। ਇਸ ਦੌਰਾਨ, ਸਿਰਫ ਦੋ ਇਸ਼ਤਿਹਾਰ ਬ੍ਰੇਕ ਹੋਣਗੇ ਅਤੇ ਸਟੂਡੀਓ ਵਿਚ ਕੋਈ ਦਰਸ਼ਕ ਨਹੀਂ ਹੋਵੇਗਾ। ਮਈ ਵਿਚ, ਦੋਵੇਂ ਦੋ ਬਹਿਸਾਂ ’ਚ ਹਿੱਸਾ ਲੈਣ ਲਈ ਸਹਿਮਤ ਹੋਏ, ਜਿਨ੍ਹਾਂ ਵਿਚੋਂ ਇਸ ਮਹੀਨੇ ਅਟਲਾਂਟਾ ਵਿਚ ਇੱਕ ਸੀ.ਐੱਨ.ਐੱਨ. ਬਹਿਸ ਹੋਵੇਗੀ ਅਤੇ ਦੂਜੀ 10 ਸਤੰਬਰ ਨੂੰ ਏ.ਬੀ.ਸੀ. ਬਹਿਸ ਹੋਵੇਗੀ।


## ਟੈਕਸਾਸ ’ਚ ਆਜ਼ਾਦੀ ਦੇ ਜਸ਼ਨ ਮਨਾ ਰਹੇ ਲੋਕਾਂ ’ਤੇ ਚੱਲੀਆਂ ਗੋਲੀਆਂ, 2 ਦੀ ਮੌਤ ਤੇ 14 ਹੋਰ ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਰਾਊਂਡ ਰਾਕ ਪਾਰਕ, ਟੈਕਸਾਸ ਵਿਚ ਆਜ਼ਾਦੀ ਦੇ ਜਸ਼ਨ ਮਨਾ ਰਹੇ ਲੋਕਾਂ ’ਤੇ ਗੋਲੀਆਂ ਚੱਲਣ ਦੀ ਖਬਰ ਹੈ, ਜਿਸ ਦੌਰਾਨ 2 ਲੋਕਾਂ ਦੀ ਮੌਤ ਹੋ ਗਈ ਤੇ 14 ਹੋਰ ਜ਼ਖਮੀ ਹੋ ਗਏ, ਜਿਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਰਾਊਂਡ ਰਾਕ ਪੁਲਿਸ ਮੁਖੀ ਐਲਨ ਬੈਂਕਸ ਨੇ ਜਾਰੀ ਇਕ ਪ੍ਰੈੱਸ ਬਿਆਨ ਵਿਚ ਕਿਹਾ ਹੈ ਕਿ ਓਲਡ ਸੈਟਲਰਜ ਪਾਰਕ ਵਿਖੇ ਚੱਲ ਰਹੇ ਸਮਾਗਮ ਦੌਰਾਨ ਦੋ ਧੜਿਆਂ ਵਿਚਾਲੇ ਝਗੜਾ ਹੋਇਆ। ਇਸ ਦਰਮਿਆਨ ਕਿਸੇ ਵਿਅਕਤੀ ਨੇ ਗੰਨ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨ੍ਹਾਂ ਕਿਹਾ ਕਿ ਸਮਾਗਮ ਵਿਚ ਬਹੁਤ ਜ਼ਿਆਦਾ ਭੀੜ ਸੀ, ਜਿਸ ਕਾਰਨ ਵੱਡੀ ਗਿਣਤੀ ਵਿਚ ਲੋਕ ਜ਼ਖਮੀ ਹੋਏ ਹਨ। ਹਾਲਾਂਕਿ ਮੌਕੇ ’ਤੇ ਪਹਿਲਾਂ ਤੋਂ ਹੀ ਮੌਜੂਦ ਪੁਲਿਸ ਅਫਸਰਾਂ ਨੇ ਹਾਲਾਤ ’ਤੇ ਨਿਯੰਤਰਣ ਕਰਨ ਦੀ ਪੂਰੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਕ ਸ਼ੱਕੀ ਦੋਸ਼ੀ ਕਾਲਾ ਮਰਦ ਹੈ, ਜਿਸ ਦੀ ਭਾਲ ਵੱਡੀ ਪੱਧਰ ’ਤੇ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਬੈਂਕਸ ਨੇ ਕਿਹਾ ਕਿ ਅਜੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਕਿੰਨੇ ਲੋਕਾਂ ਨੇ ਗੋਲੀ ਚਲਾਈ। ਇਸ ਸਬੰਧੀ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ।

## ਸ਼ੋਕ ਸਮਾਚਾਰ

# ਰੁਪਿੰਦਰ ਸਿੰਘ ਮਾਹਲ ਨੇ ਫ਼ਾਨੀ ਸੰਸਾਰ ਨੂੰ ਕਿਹਾ ਅਲਵਿਦਾ

**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਰਹਿੰਦੇ ਉੱਘੇ ਸਮਾਜਸੇਵੀ ਅਤੇ ਬਿਜ਼ਨਸਮੈਨ ਪਾਲ ਮਾਹਲ ਦੇ ਵੱਡੇ ਭਰਾ ਰੁਪਿੰਦਰ ਸਿੰਘ ਮਾਹਲ ਮੋਡੈਸਟੋ ਨਿਵਾਸੀ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਮਿਲੀ ਉਮਰ ਭੋਗਕੇ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੀ ਦੇਹ ਦਾ ਅੰਤਿਮ ਸਸਕਾਰ 24 ਜੂਨ, 2024 ਦਿਨ ਸੋਮਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਦਰਮਿਆਨ ਲੇਕਵੁੱਡ ਮੈਮੋਰੀਅਲ ਪਾਰਕ ਅਤੇ ਫਿਊਨਰਲ ਹੋਮ, 900 Santa fee Rd Hughson CA 95326 ਵਿਖੇ ਹੋਵੇਗਾ। ਉਪਰੰਤ ਭੋਗ ਗੁਰਦੁਆਰਾ ਸਾਹਿਬ ਹਗਸਨ, 5743 E. Hatch Rd Hughson, CA 95326 ਵਿਖੇ ਪਵੇਗਾ। ਦੁੱਖ ਸਾਂਝਾ ਕਰਨ ਲਈ ਜਾਂ ਹੋਰ ਵਧੇਰੇ ਜਾਣਕਾਰੀ ਲਈ ਪਾਲ ਮਾਹਲ : (559) 349-9333 ਜਾਂ ਰਵੀ ਮਾਹਲ ਨੂੰ 209-578-9736 ’ਤੇ ਸੰਪਰਕ ਕਰੋ।



ਜਗਰਾਜ ਸਿੰਘ (35) ਦੀ ਯਾਦਗਾਰੀ ਫੋਟੋ।

## ਨਿਊਜਰਸੀ ’ਚ ਪੰਜਾਬੀ ਔਰਤ ਦਾ ਕਤਲ

**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਨਿਊਜਰਸੀ ਸੂਬੇ ’ਚ ਗੋਲੀਬਾਰੀ ਦੀ ਘਟਨਾ ’ਚ ਭਾਰਤੀ ਮੂਲ ਦੀ ਇਕ ਔਰਤ ਦੀ ਮੌਤ ਹੋ ਗਈ, ਜਦਕਿ ਇਕ ਹੋਰ ਗੰਭੀਰ ਰੂਪ ’ਚ ਜ਼ਖਮੀ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਮੁਤਾਬਕ ਗੋਲੀਬਾਰੀ ਦੀ ਇਸ ਘਟਨਾ ਨੂੰ ਕਥਿਤ ਤੌਰ ’ਤੇ ਭਾਰਤੀ ਮੂਲ ਦੇ 19 ਸਾਲਾ ਨੌਜਵਾਨ ਨੇ ਅੰਜਾਮ ਦਿੱਤਾ ਹੈ। ਕਾਊਂਟੀ ਦੇ ਸਰਕਾਰੀ ਵਕੀਲ ਨੇ ਇੱਕ ਪ੍ਰੈੱਸ ਰਿਲੀਜ਼ ਵਿਚ ਕਿਹਾ ਕਿ ਗੋਲੀਬਾਰੀ 12 ਜੂਨ ਨੂੰ ਉੱਤਰ-ਪੂਰਬੀ ਮਿਡਲਸੈਕਸ ਕਾਉਂਟੀ, ਨਿਊਜਰਸੀ ਵਿਚ ਹੋਈ। ਗੋਲੀਬਾਰੀ ਦੀ ਸੂਚਨਾ ’ਤੇ ਕਾਰਵਾਈ ਕਰਦੇ ਹੋਏ ਅਧਿਕਾਰੀਆਂ ਨੇ ਗੋਲੀਆਂ ਨਾਲ ਜ਼ਖ਼ਮੀ ਹੋਈਆਂ ਦੋ ਔਰਤਾਂ ਨੂੰ ਗੰਭੀਰ ਹਾਲਤ ’ਚ ਹਸਪਤਾਲ ਪਹੁੰਚਾਇਆ।

ਅਧਿਕਾਰੀਆਂ ਅਨੁਸਾਰ ਕਾਰਟੇਰੇਟ ਦੀ ਜਸਵੀਰ ਕੌਰ (29) ਨੂੰ ਹਸਪਤਾਲ ਵਿਚ ਮ੍ਰਿਤਕ ਐਲਾਨ ਦਿੱਤਾ ਗਿਆ, ਜਦੋਂਕਿ ਦੂਜੀ ਪੀੜਤ, ਇੱਕ 20 ਸਾਲਾ ਔਰਤ, ਦੀ ਹਾਲਤ ਨਾਜ਼ੁਕ ਦੱਸੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ, ਦੂਜੀ ਪੀੜਤ ਔਰਤ, ਜਸਵੀਰ ਕੌਰ ਦੀ ਰਿਸ਼ਤੇਦਾਰ ਸੀ। ਪੁਲਿਸ ਨੇ ਬਾਅਦ ਵਿਚ ਗੋਲੀਬਾਰੀ ਦੇ ਮਾਮਲੇ ਵਿਚ ਗੌਰਵ ਗਿੱਲ ਨਾਮਕ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਸੀ। ਗੋਲੀਬਾਰੀ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਜਾਂਚ ਜਾਰੀ ਹੈ।

## ਟਰੰਪ ਨੂੰ ਪਸੰਦ ਨਾ ਕਰਨ ਦੇ ਬਾਵਜੂਦ ਕਾਲੇ ਮੱਤਦਾਤਾ ਬਾਇਡਨ ਪ੍ਰਤੀ ਉਤਸ਼ਾਹਿਤ ਨਹੀਂ

■ ਤਾਜ਼ਾ ਵਿਸ਼ੇਸ਼ ਸਰਵੇਖਣ ਵਿਚ ਪ੍ਰਗਟਾਵਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** 4 ਸਾਲ ਪਹਿਲਾਂ ਜੋਅ ਬਾਇਡਨ ਨੂੰ ਵਾਈਟ ਹਾਊਸ ਵਿਚ ਪਹੁੰਚਾਉਣ ਵਿਚ ਖੁੱਲ੍ਹ ਕੇ ਮਦਦ ਕਰਨ ਵਾਲਾ ਕਾਲਾ ਭਾਈਚਾਰਾ 2024 ਦੀਆਂ ਚੋਣਾਂ ਵਿਚ ਹੋ ਸਕਦਾ ਹੈ ਕਿ ਬਾਇਡਨ ਦੇ ਹੱਕ ਵਿਚ ਖੁੱਲ੍ਹ ਕੇ ਸਾਹਮਣੇ ਨਾ ਆਵੇ, ਬਾਵਜੂਦ ਇਸ ਦੇ ਕਿ ਉਹ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਪਸੰਦ ਨਹੀਂ ਕਰਦਾ ਹੈ। ਇਸ ਵਾਰ ਕਾਲਾ ਭਾਈਚਾਰਾ ਬਾਇਡਨ ਪ੍ਰਤੀ 2020 ਦੀਆਂ ਚੋਣ ਵਾਂਗ ਉਤਸ਼ਾਹਿਤ ਨਜਰ ਨਹੀਂ ਆ ਰਿਹਾ। ਇਹ ਪ੍ਰਗਟਾਵਾ ਯੂ.ਐੱਸ.ਏ. ਟੂਡੇਅ-ਸੁਫੋਲਕ ਯੂਨੀਵਰਸਿਟੀ ਦੇ ਇਕ ਵਿਸ਼ੇਸ਼ ਤਾਜ਼ਾ ਸਰਵੇ ਵਿਚ ਹੋਇਆ ਹੈ। ਪੈਨਸਿਲਵੇਨੀਆ ਤੇ ਮਿਸ਼ੀਗਨ ਵਰਗੇ ਰਾਜ ਜੋ ਬਦਲਾਅ ਦੇ ਹੱਕ ਵਿਚ ਰਹੇ ਹਨ ਤੇ ਅਸਥਿਰ ਰਾਜ ਸਮਝੇ ਜਾਂਦੇ ਹਨ, ਵਿਚ ਕਾਲੇ ਮੱਤਦਾਤਾਵਾਂ ਤੋਂ ਪੁੱਛੀ ਗਈ ਰਾਏ ਤੋਂ ਪਤਾ ਲੱਗਾ ਹੈ ਕਿ ਵੱਡੀ ਬਹੁਗਿਣਤੀ ਦੀ ਅਜੇ ਵੀ ਪਹਿਲੀ ਜਾਂ ਦੂਸਰੀ ਪਸੰਦ ਬਾਇਡਨ ਹੈ, ਜਦਕਿ ਜ਼ਿਆਦਾਤਰ ਕਾਲਾ ਭਾਈਚਾਰਾ ਟਰੰਪ ਨੂੰ ਨਕਾਰਨ ਦੇ ਹੱਕ ਵਿਚ ਹੈ। ਕਈ ਕਾਲੇ ਮੱਤਦਾਤਾ ਦੁਚਿੱਤੀ ਵਿਚ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਟਰੰਪ ਨੂੰ ਵੋਟ ਨਹੀਂ ਪਾਉਣਗੇ ਪਰੰਤੂ ਇਸ ਦੇ ਨਾਲ ਹੀ ਉਹ ਬਾਇਡਨ ਨੂੰ ਵੋਟ ਪਾਉਣ ਲਈ ਵੀ ਉਤਸ਼ਾਹਿਤ ਨਹੀਂ ਹਨ। ਕੁਝ ਕਾਲੇ ਮੱਤਦਾਤਾਵਾਂ ਨੇ ਕਿਹਾ ਕਿ ਉਹ ਬਾਇਡਨ ਨੂੰ ਵੋਟ ਪਾਉਣਗੇ ਕਿਉਂਕਿ ਉਨ੍ਹਾਂ ਨੇ ਦੋ ਬੁਰਾਈਆਂ ਵਿਚੋਂ ਇਕ ਦੀ ਚੋਣ ਕਰਨੀ ਹੈ। ਪੀਊ ਰਿਸਚਰ ਸੈਂਟਰ ਅਨੁਸਾਰ 2020 ਵਿਚ ਦੇਸ਼ ਭਰ ’ਚ 92 ਕਾਲੇ ਮੱਤਦਾਤਾ ਬਾਇਡਨ ਦੇ ਹੱਕ ਵਿਚ ਭੁਗਤੇ ਸਨ, ਜਦਕਿ ਟਰੰਪ ਨੂੰ ਕੇਵਲ 8% ਕਾਲੇ ਮੱਤਦਾਤਾਵਾਂ ਦਾ ਸਮਰਥਨ ਮਿਲਿਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

## ਫਲੋਰਿਡਾ ’ਚ ਗੋਲੀਬਾਰੀ ਦੌਰਾਨ ਇਕ ਮੌਤ ਤੇ ਚਾਰ ਜ਼ਖਮੀ; ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਫੋਰਟ ਲਾਊਡਰਡੇਲ, ਫਲੋਰਿਡਾ ’ਚ ਹੋਈ ਗੋਲੀਬਾਰੀ ਵਿਚ ਇਕ ਵਿਅਕਤੀ ਦੇ ਮਾਰੇ ਜਾਣ ਤੇ 4 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਇਹ ਪ੍ਰਗਟਾਵਾ ਫਲੋਰਿਡਾ ਦੇ ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਕੀਤਾ ਹੈ। ਫੋਰਟ ਲਾਊਡਰਡੇਲ ਪੁਲਿਸ ਡੀਟੈਕਟਿਵ ਅਲੀ ਅਡੈਮਸਨ ਨੇ ਕਿਹਾ ਹੈ ਕਿ ਸ਼ਾਮ 7 ਵਜੇ ਵਾਪਰੀ ਘਟਨਾ ਉਪਰੰਤ ਪੁਲਿਸ ਅਫਸਰ ਤੁਰੰਤ ਮੌਕੇ ’ਤੇ ਪੁੱਜੇ, ਜਿਨ੍ਹਾਂ ਨੂੰ 5 ਵਿਅਕਤੀ ਜ਼ਖਮੀ ਹਾਲਤ ਵਿਚ ਮਿਲੇ, ਜਿਨ੍ਹਾਂ ਦੇ ਗੋਲੀਆਂ ਵੱਜੀਆਂ ਹੋਈਆਂ ਸਨ। ਸਾਰੇ ਜ਼ਖਮੀਆਂ ਨੂੰ ਬਰੋਵਰਡ ਹੈਲਥ ਮੈਡੀਕਲ ਸੈਂਟਰ ਵਿਖੇ ਲਿਜਾਇਆ ਗਿਆ, ਜਿਥੇ ਇਕ ਜ਼ਖਮੀ ਦਮ ਤੋੜ ਗਿਆ। ਉਨ੍ਹਾਂ ਕਿਹਾ ਕਿ ਇਕ ਜ਼ਖਮੀ ਦੀ ਹਾਲਤ ਨਾਜ਼ੁਕ ਹੈ, ਜਦਕਿ ਬਾਕੀ 3 ਸਥਿਰ ਹਾਲਤ ਵਿਚ ਹਨ। ਪੁਲਿਸ ਨੇ ਕਿਹਾ ਹੈ ਕਿ ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਗੋਲੀ ਚਲਾਉਣ ਵਾਲਾ ਇਕ ਸੀ ਜਾਂ ਜ਼ਿਆਦਾ ਤੇ ਨਾ ਹੀ ਗੋਲੀ ਚਲਾਉਣ ਦਾ ਮਕਸਦ ਸਪੱਸ਼ਟ ਹੋ ਸਕਿਆ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ’ਚ ਲੋਕਾਂ ਨੂੰ ਮਦਦ ਦੀ ਅਪੀਲ ਕੀਤੀ ਹੈ।


# ‘ਏ.ਆਈ. ਨਾਲ ਈ.ਵੀ.ਐੱਮ. ਨੂੰ ਕੀਤਾ ਜਾ ਸਕਦੈ ਹੈਕ!’

**ਨਵੀਂ ਦਿੱਲੀ, (ਪੰਜਾਬ ਮੇਲ)-** ਦੁਨੀਆਂ ਦੇ ਸਭ ਤੋਂ ਅਮੀਰ ਲੋਕਾਂ ’ਚੋਂ ਇਕ ਅਤੇ ਸਪੇਸਐਕਸ ਦੇ ਸੀ.ਈ.ਓ. ਐਲੋਨ ਮਸਕ ਨੇ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ (ਈ.ਵੀ.ਐੱਮ.) ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਮਸਕ ਨੇ ਸ਼ਨੀਵਾਰ ਨੂੰ ਈ.ਵੀ.ਐੱਮ. ਹਟਾਉਣ ਦੀ ਮੰਗ ਦੀ ਗੱਲ ਆਖੀ। ਉਨ੍ਹਾਂ ਕਿਹਾ ਕਿ ਇਸ ਨੂੰ ਮਸ਼ੀਨਾਂ ਜਾਂ ਆਰਟੀਫਿਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਹੈਕ ਕੀਤਾ ਜਾ ਸਕਦਾ ਹੈ। ਇਹ ਗੱਲ ਉਨ੍ਹਾਂ ਨੇ ਐਕਸ ਪਲੇਟਫਾਰਮ ’ਤੇ ਸ਼ੇਅਰ ਕੀਤੀ।

ਐਲੋਨ ਮਸਕ ਨੇ ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਰਾਬਰਟ ਐੱਫ਼ ਕੈਨੇਡੀ ਜੂਨੀਅਰ ਦੀ ਪੋਸਟ ਨੂੰ ਸ਼ੇਅਰ ਕਰਦੇ ਹੋਏ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਲਿਖਿਆ ਕਿ ਸਾਨੂੰ ਇਲੈਕਟ੍ਰੋਨਿਕ ਵੋਟਿੰਗ ਮਸ਼ੀਨ ਨੂੰ ਖਤਮ ਕਰ ਦੇਣਾ ਚਾਹੀਦਾ ਹੈ। ਇਨਸਾਨ ਅਤੇ ਏ.ਆਈ. ਦੀ ਮਦਦ ਨਾਲ ਹੈਕ ਹੋਣ ਦਾ ਖਤਰਾ ਹੈ, ਇਹ ਭਲੇ ਹੀ ਘੱਟ ਹੈ ਪਰ ਫਿਰ ਵੀ ਜ਼ਿਆਦਾ ਹੈ।

ਰਾਬਰਟ ਐੱਫ ਕੈਨੇਡੀ ਨੇ ਆਪਣੀ ਪੋਸਟ ’ਚ ਪਿਓਰਤੋ ਰਿਕੋ ’ਚ ਚੋਣਾਂ ਦੌਰਾਨ ਈ.ਵੀ.ਐੱਮ. ’ਚ ਗੜਬੜੀਆਂ ਬਾਰੇ ਲਿਖਿਆ ਸੀ। ਦਰਅਸਲ, ਅਮਰੀਕੀ ਰਾਸ਼ਟਰਪਤੀ ਅਹੁਦੇ ਦੇ ਦਾਅਵੇਦਾਰ ਰਾਬਰਟ ਐੱਫ ਕੈਨੇਡੀ ਜੂਨੀਅਰ ਨੇ ਐਸੋਸੀਏਟਿਡ ਪ੍ਰੈੱਸ ਦਾ ਹਵਾਲਾ ਦਿੰਦੇ ਹੋਏ ਪੋਸਟ ’ਚ ਲਿਖਿਆ ਕਿ ਪਿਓਰਤੋ ਰਿਕੋ ਦੀਆਂ ਪ੍ਰਾਇਮਰੀ ਚੋਣਾਂ ’ਚ ਇਲੈਕਟ੍ਰੋਨਿਕ ਵੋਟਿੰਗ ਮਸ਼ੀਨਾਂ ਨਾਲ ਜੁੜੀ ਵੋਟਿੰਗ ’ਚ ਕਈ ਖਾਮੀਆਂ ਸਾਹਮਣੇ ਆਈਆਂ ਹਨ। ਚੰਗਾ ਹੈ, ਇਕ ਪੇਪਰ ਟ੍ਰੇਲ ਸੀ, ਇਸ ਲਈ ਇਸ ਸਮੱਸਿਆ ਨੂੰ ਫੜਿਆ ਗਿਆ ਅਤੇ ਵੋਟਾਂ ਦੀ ਗਿਣਤੀ ਨੂੰ ਸਹੀ ਕੀਤਾ ਗਿਆ।

ਉਨ੍ਹਾਂ ਪੋਸਟ ’ਚ ਕਿਹਾ ਕਿ ਉਨ੍ਹਾਂ ਇਲਾਕਿਆਂ ’ਚ ਕੀ ਹੋਵੇਗਾ, ਜਿੱਥੇ ਕੋਈ ਪੇਪਰ ਟ੍ਰੇਲ ਨਹੀਂ ਹੈ? ਅਮਰੀਕੀ ਨਾਗਰਿਕਾਂ ਨੂੰ ਇਹ ਪਤਾ ਕਰਨਾ ਹੋਵੇਗਾ ਕਿ ਉਨ੍ਹਾਂ ਦੀਆਂ ਸਾਰੀਆਂ ਵੋਟਾਂ ਗਿਣੀਆਂ ਗਈਆਂ ਸਨ। ਉਨ੍ਹਾਂ ਅੱਗੇ ਕਿਹਾ ਕਿ ਚੋਣਾਂ ਨੂੰ ਹੈਕ ਨਹੀਂ ਕੀਤਾ ਜਾ ਸਕਦਾ। ਚੋਣਾਂ ’ਚ ਇਲੈਕਟ੍ਰੋਨਿਕ ਦਖਲ-ਅੰਦਾਜ਼ੀ ਨੂੰ ਬਚਾਉਣ ਲਈ ਸਾਨੂੰ ਬੈਲਟ ਪੇਪਰ ਵੱਲ ਪਰਤਾ ਪਵੇਗਾ।




■ ਐਲੋਨ ਮਸਕ ਨੇ ਈ.ਵੀ.ਐੱਮ. ਹਟਾਉਣ ਦੀ ਕੀਤੀ ਮੰਗ

For Sale & Purchase of Any Kind of Property
Agriculture land, Commercial Land, Home

ਮਡੇਰਾ ਕਾਉਂਟੀ ਵਿਚ 783 ਏਕੜ ਖੇਤੀਬਾੜੀ ਦੀ ਜਮੀਨ ਵਿਕਾਊ ਹੈ

1. 783.3 Acres of well taken care good producing Almonds and all drip system, under $19,992.34 per Acre.
2. 70 Acres, 30 acres of Almonds, 40 acres of Thompson Grapes, all drip system on good location.
3. 72.16 Acres of well taken care and good producing young Almonds, all drip system and solar system for farm Pump and house, best price in the area.
4. 60 Acres of young Almonds, all drip system, and close to the sphere of influence in City of Selma.
5. 38.2 Acres of good producing Thompson Grapes and all drip system with two sources of water in Selma.
6. Beautiful 5 bed, 3 bath House with 10 Acres of producing Almonds in Selma and all drip system.
7. 14.3 Acres with house and young Almonds in Selma with two sources of water and all drip system.
8. 1.44 Acres of M2 commercial zoning in Selma.



783.3 Acres of well taken care good producing Almonds and all drip system, under $19,992.34 per Acre.

ਹਰ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਤੇ ਵੇਚਣ ਲਈ ਸੰਪਰਕ ਕਰੋ:

Gurnek S. Nagra (Realtor)
DRE Lic# 01488551
RE/MAX Gold
1948 High St, Suite #106
Selma, Ca 93662
Cell# 559-288-2780



E-Mail: gurneknagra@yahoo.com Web Page: gurneknagra.com

# International Punjabi Culture Academy *(Non Profit)*

*(Non Profit Tax Deductive (IRC) section 501 (c) (3) # 82-1268411)*



# Tiyaan Teej Diyan



16th Annual Women Festival

**Free Entry**

## August 11th, Sunday, 2024

(3.00pm to 6.30 pm)




# ਤੀਆਂ ਤੀਜ਼ ਦੀਆਂ

**Only For Ladies**

## ਐਲਕ ਗਰੋਵ ਪਾਰਕ ਵਿਚ

## 11 ਅਗਸਤ 2024, ਦਿਨ ਐਤਵਾਰ

(ਦੁਪਿਹਰ 3.00 ਤੋਂ ਸ਼ਾਮ 6.30 ਵਜੇ ਤੱਕ)

ਗੀਤ, ਸੰਗੀਤ, ਗਿੱਧਾ, ਬੋਲੀਆਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ

**Attractions : Gidha, Bhangra, Duets, Folk Song, Open Gidha with Dhol & Dholki, Mehndi, Boutiques, Jewellery much more.**

*Team Enter and Information*

**916-240-6969, 916-753-5933, 916-897-4414**

TV Coverage by PUNJAB MAIL USA TV Channel

**Elk Grove Regional Park, 9950 Elk Grove Florin Rd, Elk Grove CA 95624**

Copyright @ Punjab Mail USA

# ਮਿਸ਼ੀਗਨ 'ਚ ਅੰਧਾਧੁੰਦ ਗੋਲੀਬਾਰੀ 'ਚ 9 ਜ਼ਖਮੀ

**■ ਸ਼ੱਕੀ ਹਮਲਾਵਰ ਦੀ ਘਟਨਾ ਸਥਾਨ ਨੇੜੇ ਕੀਤੀ ਘੇਰਾਬੰਦੀ**



ਰੋਚੈਸਟਰ ਹਿਲਜ਼ ਦਾ ਉਹ ਖੇਤਰ ਜਿਥੇ ਸ਼ੱਕੀ ਲੁਕਿਆ ਹੋਇਆ ਹੈ।

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**-ਅਮਰੀਕਾ ਦੇ ਮਿਸ਼ੀਗਨ ਰਾਜ ਦੇ ਰੋਚੈਸਟਰ ਹਿਲਜ਼ ਖੇਤਰ 'ਚ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਅੰਧਾਧੁੰਦ ਗੋਲੀਬਾਰੀ 'ਚ 9 ਵਿਅਕਤੀਆਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਪੁਲਿਸ ਨੇ ਜਾਰੀ ਇਕ ਬਿਆਨ 'ਚ ਕਿਹਾ ਹੈ ਕਿ ਸ਼ੱਕੀ ਹਮਲਾਵਰ ਘਟਨਾ ਸਥਾਨ ਨੇੜੇ ਹੀ ਇਕ ਘਰ ਵਿਚ ਲੁਕਿਆ ਹੋਇਆ, ਜਿਸ ਘਰ ਦੀ ਘੇਰਾਬੰਦੀ ਕੀਤੀ ਹੋਈ ਹੈ ਪਰੰਤੂ ਅਜੇ ਤੱਕ ਉਸ ਨੂੰ ਕਾਬੂ ਨਹੀਂ ਕੀਤਾ ਜਾ ਸਕਿਆ। ਓਕਲੈਂਡ ਕਾਊਂਟੀ ਸ਼ੈਰਿਫ ਮਾਈਕਲ ਬੋਚਰਡ ਨੇ ਕਿਹਾ ਹੈ ਕਿ ਰੋਚੈਸਟਰ ਹਿਲਜ਼ ਵਿਚ ਬਰੁੱਕਲੈਂਡਜ ਪਲਾਜ਼ਾ ਸਪਲੈਸ਼ ਪੈਡ 'ਤੇ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਗੋਲੀਆਂ ਵੱਜਣ ਕਾਰਨ 9 ਜਾਂ 10 ਲੋਕ ਜ਼ਖਮੀ ਹੋਏ ਹਨ। ਹਮਲਾਵਰ ਨੇ ਕੁੱਲ 28 ਗੋਲੀਆਂ ਚਲਾਈਆਂ। ਪੁਲਿਸ ਨੂੰ ਮੌਕੇ ਤੋਂ ਇਕ ਹੈਂਡਗੰਨ ਤੇ 3 ਖਾਲੀ ਮੈਗਜ਼ੀਨ ਬਰਾਮਦ ਹੋਏ ਹਨ। ਬੋਚਰਡ ਨੇ ਕਿਹਾ ਕਿ ਜ਼ਖਮੀਆਂ 'ਚ ਇਕ 8 ਸਾਲ ਦਾ ਬੱਚਾ ਵੀ ਸ਼ਾਮਿਲ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਸ਼ਾਮ 5.11 ਵਜੇ ਗੋਲੀਆਂ ਚੱਲਣ ਦੀ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਤੁਰੰਤ ਘਟਨਾ ਸਥਾਨ 'ਤੇ ਪੁੱਜੇ। ਉਨ੍ਹਾਂ ਕਿਹਾ ਕਿ ਸ਼ੱਕੀ ਨੇ ਆਪਣੇ ਵਾਹਣ ਵਿਚੋਂ ਨਿਕਲ ਕੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਬੋਚਰਡ ਅਨੁਸਾਰ ਲੱਗਦਾ ਹੈ ਕਿ ਇਹ ਅਚਨਚੇਤ ਵਾਪਰੀ ਘਟਨਾ ਹੈ। ਜ਼ਖਮੀਆਂ ਨੂੰ ਵੱਖ-ਵੱਖ ਹਸਪਤਾਲਾਂ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਅਜੇ ਮੁੱਢਲੀ ਸੂਚਨਾ ਹੈ ਤੇ ਹਰ ਪਲ ਸਥਿਤੀ ਬਦਲ ਰਹੀ ਹੈ। ਪੁਲਿਸ ਨੇ ਲੋਕਾਂ ਨੂੰ ਅਪੀਲੀ ਕੀਤੀ ਹੈ ਕਿ ਉਹ ਇਸ ਖੇਤਰ ਤੋਂ ਦੂਰ ਰਹਿਣ। ਗਵਰਨਰ ਗਰੇਟਚਨ ਵਿਟਮਰ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਉਪਰੰਤ ਉਹ ਨਿਰੰਤਰ ਸਥਾਨਕ ਅਧਿਕਾਰੀਆਂ ਦੇ ਸੰਪਰਕ ਵਿਚ ਹਨ।

## 2.25 ਕੈਨੇਡੀਅਨ ਡਾਲਰ ਦੇ ਸੋਨੇ ਦੀ ਲੁੱਟ ਮਾਮਲੇ 'ਚ ਸਰੰਡਰ ਕਰਨਾ ਚਾਹੁੰਦਾ ਹੈ ਦੋਸ਼ੀ ਸਾਬਕਾ ਏਅਰਲਾਈਨ ਮੈਨੇਜਰ

**ਓਟਾਵਾ, (ਪੰਜਾਬ ਮੇਲ)**- ਏਅਰ ਕੈਨੇਡਾ ਦਾ ਸਾਬਕਾ ਮੈਨੇਜਰ ਸਿਮਰਨ ਪ੍ਰੀਤ ਪਨੇਸਰ 2.25 ਕੈਨੇਡੀਅਨ ਡਾਲਰ ਦੇ ਸੋਨੇ ਅਤੇ ਨਕਦੀ ਦੀ ਸਭ ਤੋਂ ਵੱਡੀ ਲੁੱਟ ਦੇ ਮਾਮਲੇ 'ਚ ਲੋੜੀਂਦਾ ਹੈ। ਮੀਡੀਆ ਰਿਪੋਰਟਾਂ ਵਿਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤੀ ਮੂਲ ਦਾ ਇਹ ਵਿਅਕਤੀ ਅਗਲੇ ਕੁਝ ਹਫ਼ਤਿਆਂ 'ਚ ਆਤਮ ਸਮਰਪਣ ਕਰਨ ਦੀ ਤਿਆਰੀ ਕਰ ਰਿਹਾ ਹੈ। ਸਿਮਰਨ ਪ੍ਰੀਤ ਪਨੇਸਰ (31) ਦੇ ਵਕੀਲ ਗ੍ਰੇਗ ਲਾਫੋਂਟੇਨ ਨੇ ਦੱਸਿਆ ਕਿ ਉਸ (ਦੋਸ਼ੀ) ਨੂੰ ਕੈਨੇਡੀਅਨ ਨਿਆਂ ਪ੍ਰਣਾਲੀ 'ਚ ਪੂਰਾ ਭਰੋਸਾ ਹੈ। ਸਿਮਰਨ ਪ੍ਰੀਤ ਪਿਛਲੇ ਸਾਲ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ 'ਤੇ ਲੱਖਾਂ ਡਾਲਰ ਦਾ ਸੋਨਾ ਚੋਰੀ ਕਰਨ ਦੇ ਮਾਮਲੇ 'ਚ ਲੋੜੀਂਦਾ ਹੈ। ਰਿਪੋਰਟ 'ਚ ਵਕੀਲ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਜਦੋਂ ਇਹ ਮਾਮਲਾ ਖ਼ਤਮ ਹੋ ਜਾਵੇਗਾ, ਤਾਂ ਉਸ ਦੇ ਕਿਸੇ ਵੀ ਗਲਤ ਕੰਮ ਦੇ ਦੋਸ਼ ਤੋਂ ਬਰੀ ਕਰ ਦਿੱਤਾ ਜਾਵੇਗਾ।

ਪੁਲਿਸ ਮੁਤਾਬਕ ਸੋਨੇ ਦੀ ਚੋਰੀ 17 ਅਪ੍ਰੈਲ 2023 ਨੂੰ ਹੋਈ ਸੀ। ਫਰਜ਼ੀ ਕਾਗਜ਼ੀ ਕਾਰਵਾਈ ਕਰਕੇ ਭੰਡਾਰਨ ਸਹੂਲਤ ਕੇਂਦਰ ਤੋਂ 22 ਮਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਦੀ ਸੋਨੇ ਦੀਆਂ ਛੜਾਂ ਅਤੇ ਵਿਦੇਸ਼ੀ ਮੁਦਰਾ ਵਾਲਾ ਇਕ ਕਾਰਗੋ ਕੰਟੇਨਰ ਧੋਖੇ ਚੋਰੀ ਹੋ ਗਿਆ ਸੀ। ਇਹ ਸੋਨਾ ਅਤੇ ਕਰੰਸੀ ਏਅਰ ਕੈਨੇਡਾ ਦੀ ਉਡਾਣ ਨਾਲ ਸਵਿਟਜ਼ਰਲੈਂਡ ਦੇ ਜ਼ਿਊਰਿਖ ਤੋਂ ਟੋਰਾਂਟੋ ਦੇ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚੀ ਸੀ। ਉਡਾਣ ਦੇ ਲੈਂਡ ਹੋਣ ਤੋਂ ਤੁਰੰਤ ਬਾਅਦ ਕਾਰਗੋ ਨੂੰ ਉਤਾਰਿਆ ਦਿੱਤਾ ਗਿਆ ਸੀ ਅਤੇ ਹਵਾਈ ਅੱਡੇ 'ਚ ਇਕ ਵੱਖ ਸਥਾਨ 'ਤੇ ਲਿਜਾਇਆ ਗਿਆ ਸੀ। ਇਕ ਦਿਨ ਬਾਅਦ ਪੁਲਿਸ ਨੂੰ ਕਾਰਗੋ ਕੰਟੇਨਰ ਦੇ ਗਾਇਬ ਹੋਣ ਦੀ ਸੂਚਨਾ ਦਿੱਤੀ ਗਈ।

## ਟੈਕਸਾਸ 'ਚ ਕਮਿਸ਼ਨਰ ਦੇ ਅਹੁਦੇ ਲਈ ਚੋਣ ਲੜ ਰਿਹਾ ਭਾਰਤੀ ਮੂਲ ਦਾ ਪਟੇਲ ਗ੍ਰਿਫਤਾਰ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਟੈਕਸਾਸ 'ਚ ਫੋਰਟ ਬੈਂਡ ਕਾਊਂਟੀ ਕਮਿਸ਼ਨਰ ਦੀ ਚੋਣ ਲੜ ਰਹੇ ਭਾਰਤੀ ਮੂਲ ਦੇ ਤਾਰਲ ਪਟੇਲ ਨੂੰ ਵਿਰੋਧੀਆਂ ਨੂੰ ਨਿਸ਼ਾਨਾ ਬਣਾਉਣ ਦੇ ਮਕਸਦ ਨਾਲ ਨਕਲੀ ਫੇਸ ਬੁੱਕ ਖਾਤਾ ਬਣਾਉਣ ਦੇ ਮਾਮਲੇ ਵਿਚ ਗ੍ਰਿਫਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੋਸ਼ ਲਾਇਆ ਹੈ ਕਿ ਪਟੇਲ ਨੇ ਇਸ ਖਾਤੇ ਦੀ ਵਰਤੋਂ ਵਿਰੋਧੀਆਂ ਨੂੰ ਨੀਵਾਂ ਵਿਖਾਉਣ ਲਈ ਕੀਤੀ। ਇਸ ਖਾਤੇ 'ਤੇ ਉਹ ਆਪਣੇ ਵਿਰੁੱਧ ਤੇ ਹਿੰਦੂਆਂ ਵਿਰੁੱਧ ਖੁਦ ਹੀ ਅਪਮਾਨਜਨਕ ਭਾਸ਼ਾ ਦੀ ਵਰਤੋਂ ਕਰਦਾ ਰਿਹਾ। ਪਟੇਲ ਨੇ ਇਸ ਸਾਲ ਮਾਰਚ 'ਚ ਕਮਿਸ਼ਨਰ ਸੀਟ ਲਈ ਡੈਮੋਕਰੈਟਿਕ ਉਮੀਦਵਾਰ ਵਜੋਂ ਮੁੱਢਲੀ ਚੋਣ ਜਿੱਤੀ ਸੀ। ਪਟੇਲ ਨੇ ਇਕ ਪ੍ਰੈੱਸ ਬਿਆਨ ਵਿਚ ਦਾਅਵਾ ਕੀਤਾ ਸੀ ਕਿ ਉਸ ਵਿਰੁੱਧ ਸੋਸ਼ਲ ਮੀਡੀਆ 'ਤੇ ਨਸਲੀ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ, ਜਦਕਿ ਜਾਂਚਕਾਰਾਂ ਅਨੁਸਾਰ ਘੱਟੋ-ਘੱਟ 3 ਟਿੱਪਣੀਆਂ ਨਕਲੀ ਖਾਤੇ ਤੋਂ ਕੀਤੀਆਂ ਗਈਆਂ ਹਨ। ਜੋ ਖਾਤਾ ਪਟੇਲ ਨੇ ਖੁਦ ਹੀ ਬਣਾਇਆ ਹੈ।



ਤਾਰਲ ਪਟੇਲ ਦੀ ਇਕ ਫਾਇਲ ਤਸਵੀਰ।

## ਭਾਰਤੀ-ਅਮਰੀਕੀ ਗਵਰਨਰ ਨਿੱਕੀ ਹੇਲੀ ਦੇ ਪਿਤਾ ਦਾ ਦੇਹਾਂਤ, ਸ਼ਰਧਾਂਜਲੀ ਦਿੱਤੀ

**ਵਾਸਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਦੱਖਣੀ ਕੈਰੋਲੀਨਾ ਦੇ ਭਾਰਤੀ ਮੂਲ ਦੀ ਸਾਬਕਾ ਗਵਰਨਰ ਨਿੱਕੀ ਹੈਲੀ ਦੇ ਪਿਤਾ ਅਜੀਤ ਸਿੰਘ ਰੰਧਾਵਾ ਦਾ ਦਿਹਾਂਤ ਹੋ ਗਿਆ ਹੈ। ਹੈਲੀ ਨੇ ਆਪਣੇ ਪਿਤਾ ਦੇ ਬਾਰੇ ਐਕਸ (ਟਵਿੱਟਰ) 'ਤੇ ਇਹ ਜਾਣਕਾਰੀ ਸਾਂਝੀ ਕੀਤੀ ਹੈ। ਜਿਸ ਵਿਚ ਉਨ੍ਹਾਂ ਲਿਖਿਆ ਹੈ ਕਿ ਉਹ ਇੱਕ ਸਾਬਕਾ ਪ੍ਰੋਫੈਸਰ, ਸਭ ਤੋਂ ਹੁਸ਼ਿਆਰ, ਮਿੱਠ ਬੋਲੜੇ, ਸਾਊ ਅਤੇ ਦਿਆਲੂ ਇਨਸਾਨ ਸਨ। ਉਹ ਇੱਕ ਸ਼ਾਨਦਾਰ ਪਤੀ ਸੀ, ਇੱਕ ਪਿਆਰ ਕਰਨ ਵਾਲਾ ਦਾਦਾ ਅਤੇ ਆਪਣੇ ਚਾਰ ਬੱਚਿਆਂ ਦਾ ਸਭ ਤੋਂ ਵਧੀਆ ਪਿਤਾ ਸੀ। ਉਸ ਨੇ ਅੱਗੇ ਕਿਹਾ: ਉਹ ਸਾਡੇ ਸਾਰਿਆਂ ਲਈ ਇੱਕ ਬਰਕਤ ਸੀ। ਦੱਸਣਯੋਗ ਹੈ ਕਿ ਹੈਲੀ ਆਪਣੇ ਸਿਆਸੀ ਕਰੀਅਰ ਦੌਰਾਨ ਆਪਣੇ ਮਾਤਾ-ਪਿਤਾ ਬਾਰੇ ਅਕਸਰ ਗੱਲ ਕਰਦੀ ਹੀ ਰਹਿੰਦੀ ਸੀ। ਆਪਣੀ 2024 ਦੀ ਚੋਣ ਮੁਹਿੰਮ ਦੀ ਲਾਂਚ ਵੀਡੀਓ ਵਿਚ, ਹੇਲੀ ਨੇ ਕਿਹਾ ਸੀ ਕਿ "ਮੈਂ ਭਾਰਤੀ ਪ੍ਰਵਾਸੀਆਂ ਦੀ ਇਕ ਮਾਣਮੱਤੀ ਧੀ ਹਾਂ ਅਤੇ ਉਸ ਨੇ ਇਹ ਵੀ ਚਰਚਾ ਕੀਤੀ ਸੀ ਕਿ ਕਿਵੇਂ ਉਸ ਦੇ ਮਾਤਾ-ਪਿਤਾ, ਦੋਵੇਂ ਸਿੱਖ, ਭਾਰਤ ਤੋਂ ਕੈਨੇਡਾ ਚਲੇ ਗਏ, ਜਿੱਥੇ ਰੰਧਾਵਾ ਆਪਣੀ ਪੀ.ਐੱਚ.ਡੀ. ਪੂਰੀ ਕਰ ਸਕੇ।

ਦੱਖਣੀ ਕੈਰੋਲੀਨਾ ਦੀ ਭਾਰਤੀ ਸਾਬਕਾ ਗਵਰਨਰ ਨਿੱਕੀ ਹੈਲੀ ਨੇ ਰਾਸਟਰਪਤੀ ਨਾਮਜ਼ਦਗੀ ਦੀ ਦੌੜ 'ਚ ਹਿੱਸਾ ਲੈਣ ਵਾਲੀ ਪਹਿਲੀ ਔਰਤ ਵਜੋਂ ਇਤਿਹਾਸ ਰਚਿਆ ਸੀ। ਪਰ ਉਹ ਮਾਰਚ ਮਹੀਨੇ ਵਿਚ ਦੌੜ ਵਿਚੋਂ ਬਾਹਰ ਹੋ ਗਈ ਸੀ। ਪਿਛਲੇ ਮਹੀਨੇ, ਉਸ ਨੇ ਇਹ ਵੀ ਐਲਾਨ ਕੀਤਾ ਸੀ ਕਿ ਉਹ ਰਾਸ਼ਟਰਪਤੀ ਲਈ ਡੋਨਾਲਡ ਟਰੰਪ ਨੂੰ ਵੋਟ ਦੇਵੇਗੀ।







# ਡਾ. ਓਬਰਾਏ ਦੇ ਯਤਨਾਂ ਸਦਕਾ 34 ਸਾਲਾ ਨੌਜਵਾਨ ਦਾ ਮ੍ਰਿਤਕ ਸਰੀਰ ਭਾਰਤ ਪਹੁੰਚਿਆ

- 2 ਮਾਸੂਮ ਬੱਚਿਆਂ ਦੇ ਪਿਤਾ ਸੁਖਵਿੰਦਰ ਸਿੰਘ ਦੀ 1 ਜੂਨ ਨੂੰ ਦੁਬਈ 'ਚ ਹੋ ਗਈ ਸੀ ਮੌਤ
- ਡਾ. ਓਬਰਾਏ ਨੇ ਹੁਣ ਤੱਕ 357 ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਵਾਰਸਾਂ ਤੱਕ ਪਹੁੰਚਾਏ




ਹਵਾਈ ਅੱਡੇ 'ਤੇ ਸੁਖਵਿੰਦਰ ਸਿੰਘ ਦੀ ਮ੍ਰਿਤਕ ਦੇਹ ਪੀੜਤ ਪਰਿਵਾਰ ਨੂੰ ਸੌਂਪਣ ਮੌਕੇ ਸੁਖਜਿੰਦਰ ਸਿੰਘ ਹੇਰ, ਸ਼ਿਸ਼ਪਾਲ ਸਿੰਘ ਲਾਡੀ, ਮਨਪ੍ਰੀਤ ਸਿੰਘ ਸੰਧੂ ਤੇ ਹੋਰ। (ਸੱਜੇ) ਮ੍ਰਿਤਕ ਸੁਖਵਿੰਦਰ ਸਿੰਘ ਦੀ ਫਾਈਲ ਫੋਟੋ।

ਅੰਮ੍ਰਿਤਸਰ, (ਪੰਜਾਬ ਮੇਲ)- ਪੂਰੀ ਦੁਨੀਆਂ ਅੰਦਰ ਆਪਣੇ ਨਿਵੇਕਲੇ ਸੇਵਾ ਕਾਰਜਾਂ ਕਾਰਨ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਨਾਮਵਰ ਸ਼ਹਿਰ ਮੰਡੀ ਗੋਬਿੰਦਗੜ੍ਹ ਨੇੜਲੇ ਪਿੰਡ ਦਰਹੇੜੀ ਨਾਲ ਸਬੰਧਿਤ 34 ਸਾਲਾ ਸੁਖਵਿੰਦਰ ਸਿੰਘ ਪੁੱਤਰ ਹਰਨੇਕ ਸਿੰਘ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਦੋ ਮਸੂਮ ਬੱਚਿਆਂ ਦਾ ਪਿਤਾ ਸੁਖਵਿੰਦਰ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਬਿਹਤਰ ਭਵਿੱਖ ਦੇ ਸੁਪਨੇ ਲੈ ਕੇ ਕਰੀਬ ਦੋ ਸਾਲ ਪਹਿਲਾਂ ਦੁਬਈ ਆਇਆ ਸੀ, ਬੀਤੀ 1 ਜੂਨ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਮ੍ਰਿਤਕ ਦੇ ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ ਨੇ ਟਰੱਸਟ ਦੇ ਨੌਰਥ ਇੰਡੀਆ ਦੇ ਪ੍ਰਧਾਨ ਜੱਸਾ ਸਿੰਘ ਸੰਧੂ ਰਹੀਂ ਉਨ੍ਹਾਂ ਨੂੰ ਪਟਿਆਲਾ ਦਫ਼ਤਰ ਵਿਖੇ ਮਿਲ ਕੇ ਸੁਖਵਿੰਦਰ ਸਿੰਘ ਦੇ ਮ੍ਰਿਤਕ ਸਰੀਰ ਨੂੰ ਭਾਰਤ ਭੇਜਣ ਲਈ ਕਿਹਾ ਸੀ। ਜਿਸ ਉਪਰੰਤ ਉਨ੍ਹਾਂ



ਡਾ. ਐੱਸ.ਪੀ. ਸਿੰਘ ਓਬਰਾਏ।

ਆਪਣੇ ਨਿੱਜੀ ਸਕੱਤਰ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਸਾਰੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾ ਕੇ ਸੁਖਵਿੰਦਰ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਿਆ ਹੈ। ਉਨ੍ਹਾਂ ਦੱਸਿਆ ਕਿ ਸੁਖਵਿੰਦਰ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਭਾਰਤੀ ਦੂਤਾਵਾਸ ਵੱਲੋਂ ਕੀਤਾ ਗਿਆ ਹੈ ।

ਸੁਖਵਿੰਦਰ ਸਿੰਘ ਦਾ ਮ੍ਰਿਤਕ ਸਰੀਰ ਲੈਣ ਪਹੁੰਚੇ, ਉਸ ਦੇ ਪਿੰਡ ਦੇ ਸਰਪੰਚ ਗੁਰਪ੍ਰੀਤ ਸਿੰਘ, ਪਿਤਾ ਹਰਨੇਕ ਸਿੰਘ, ਭਰਾ ਹਰਪ੍ਰੀਤ ਸਿੰਘ ਤੇ ਹੋਰਨਾਂ ਪਰਿਵਾਰਿਕ ਮੈਂਬਰਾਂ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਸੁਖਵਿੰਦਰ ਸਿੰਘ ਆਪਣੇ ਘਰ ਦੀ ਗੁਰਬਤ ਨੂੰ ਦੂਰ ਕਰਨ ਲਈ ਕਰੀਬ ਦੋ ਸਾਲ ਪਹਿਲਾਂ ਮਜ਼ਦੂਰੀ ਕਰਨ ਲਈ ਦੁਬਈ ਗਿਆ ਸੀ ਕਿ ਅਚਾਨਕ ਬੀਤੀ 1 ਜੂਨ ਨੂੰ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪਰਿਵਾਰ ਨੂੰ ਜਦੋਂ ਅਚਾਨਕ ਉਸ ਦੀ ਮੌਤ ਦੀ ਖ਼ਬਰ ਮਿਲੀ, ਤਾਂ ਉਨ੍ਹਾਂ ਦੇ ਪੈਰਾਂ ਥੱਲਿਓਂ ਜ਼ਮੀਨ ਨਿਕਲ ਗਈ। ਸੁਖਵਿੰਦਰ ਸਿੰਘ ਦੇ ਪਰਿਵਾਰਕ ਮੈਂਬਰਾਂ ਨੇ ਡਾ. ਐੱਸ.ਪੀ. ਸਿੰਘ ਓਬਰਾਏ ਦਾ ਇਸ ਵੱਡੇ ਉਪਰਾਲੇ ਲਈ ਸ਼ੁਕਰਾਨਾ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਯਤਨਾਂ ਦੀ ਬਦੌਲਤ ਹੀ ਪਰਿਵਾਰ ਨੂੰ ਸੁਖਵਿੰਦਰ ਦੇ ਅੰਤਿਮ ਦਰਸ਼ਨ ਨਸੀਬ ਹੋ ਸਕੇ ਹਨ।

ਪੀੜਤ ਪਰਿਵਾਰ ਨਾਲ ਹਵਾਈ ਅੱਡੇ 'ਤੇ ਦੁੱਖ ਸਾਂਝਾ ਕਰਨ ਪਹੁੰਚੀ ਟਰੱਸਟ ਦੀ ਟੀਮ ਵੱਲੋਂ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸ਼ਿਸ਼ਪਾਲ ਸਿੰਘ ਲਾਡੀ ਅਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਚਮਿਆਰੀ ਨੇ ਦੱਸਿਆ ਕਿ ਡਾ. ਓਬਰਾਏ ਦੇ ਯਤਨਾਂ ਸਦਕਾ ਹੁਣ ਤੱਕ 357 ਦੇ ਕਰੀਬ ਬਦਨਸੀਬ ਲੋਕਾਂ ਦੇ ਮ੍ਰਿਤਕ ਸਰੀਰ ਉਨ੍ਹਾਂ ਦੇ ਵਾਰਸਾਂ ਤੱਕ ਪਹੁੰਚਾਏ ਜਾ ਚੁੱਕੇ ਹਨ।

# ਡਾ. ਐੱਸ.ਪੀ. ਓਬਰਾਏ ਦੇ ਯਤਨਾਂ ਸਦਕਾ ਫਾਂਸੀ ਤੋਂ ਬਚਿਆ ਨੌਜਵਾਨ ਸੁਖਵੀਰ ਰਿਹਾਈ ਉਪਰੰਤ ਵਤਨ ਪਰਤਿਆ

- ਹਵਾਈ ਅੱਡੇ 'ਤੇ 9 ਸਾਲਾਂ ਬਾਅਦ ਹੋਏ ਮਾਂ-ਪੁੱਤ ਦੇ ਮਿਲਾਪ ਨੇ ਹਰੇਕ ਦੀਆਂ ਅੱਖਾਂ ਕੀਤੀਆਂ ਨਮ
- ਪ੍ਰਮਾਤਮਾ ਮੇਰੀ ਉਮਰ ਵੀ ਡਾ. ਓਬਰਾਏ ਨੂੰ ਲਾ ਦੇਵੇ : ਕੁਲਦੀਪ ਕੌਰ



ਫਾਂਸੀ ਦੀ ਸਜ਼ਾ ਤੋਂ ਬਚ ਕੇ ਆਇਆ ਸੁਖਵੀਰ ਸਿੰਘ ਹਵਾਈ ਅੱਡੇ 'ਤੇ ਆਪਣੇ ਪਰਿਵਾਰ ਅਤੇ ਟਰੱਸਟ ਦੇ ਆਗੂ ਮਨਪ੍ਰੀਤ ਸੰਧੂ ਨਾਲ।

ਅੰਮ੍ਰਿਤਸਰ, (ਪੰਜਾਬ ਮੇਲ)- ਕੌਮਾਂਤਰੀ ਹੱਦਾਂ-ਸਰਹੱਦਾਂ ਤੋਂ ਉੱਤੇ ਉੱਠਦਿਆਂ ਦੇਸ਼-ਵਿਦੇਸ਼ ਵਿਚ ਲੋੜਵੰਦਾਂ ਲਈ ਮਸੀਹਾ ਬਣ ਕੇ ਨਿੱਤ ਦਿਨ ਲੋਕ ਸੇਵਾ ਦੀਆਂ ਨਵੀਆਂ ਮਿਸਾਲਾਂ ਸਿਰਜ ਰਹੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਯਤਨਾਂ ਸਦਕਾ ਤਿੰਨ ਭਾਰਤੀ ਨੌਜਵਾਨਾਂ ਦੀ ਦੁਬਈ ਵਿਖੇ ਫਾਂਸੀ ਦੀ ਸਜ਼ਾ ਮੁਆਫ਼ ਹੋਣ ਉਪਰੰਤ ਲੁਧਿਆਣੇ ਜ਼ਿਲ੍ਹੇ ਨਾਲ ਸੰਬੰਧਿਤ ਨੌਜਵਾਨ ਸੁਖਵੀਰ ਸਿੰਘ ਪੁੱਤਰ ਲਛਮਣ ਸਿੰਘ ਵੀ ਵਤਨ ਪਰਤ ਆਇਆ ਹੈ।

ਮੌਤ ਦੇ ਮੂੰਹ ਤੋਂ ਬਚ ਕੇ ਆਏ ਬਜ਼ੁਰਗ ਮਾਪਿਆਂ ਦੇ ਇਕਲੌਤੇ ਪੁੱਤ ਸੁਖਵੀਰ ਅਤੇ ਉਸਦੀ ਬਜ਼ੁਰਗ ਮਾਂ ਦੇ 9 ਸਾਲਾਂ ਬਾਅਦ ਹਵਾਈ ਅੱਡੇ 'ਤੇ ਹੋਏ ਮਿਲਾਪ ਦੌਰਾਨ ਜਦ ਦੋਵੇਂ ਮਾਂ-ਪੁੱਤ ਰੋਂਦਿਆਂ ਇੱਕ-ਦੂਜੇ ਨੂੰ ਗਲ ਲੱਗ ਕੇ ਮਿਲੇ, ਤਾਂ ਇੱਕ ਵਾਰ ਇੰਝ ਮਹਿਸੂਸ ਹੋਇਆ, ਜਿਵੇਂ ਵਕਤ ਰੁੱਕ ਗਿਆ ਹੋਵੇ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ. ਓਬਰਾਏ ਨੇ ਦੱਸਿਆ ਕਿ ਸਾਲ 2018 ਦੁਬਈ ਵਿਖੇ ਤਿੰਨ ਪੰਜਾਬੀ ਨੌਜਵਾਨ ਜਿਨ੍ਹਾਂ 'ਚ ਸੁਖਵੀਰ ਸਿੰਘ ਤੋਂ ਇਲਾਵਾ ਗੁਰਪ੍ਰੀਤ ਸਿੰਘ ਪੁੱਤਰ ਬਲਵਿੰਦਰ ਸਿੰਘ ਜ਼ਿਲ੍ਹਾ ਅੰਮ੍ਰਿਤਸਰ ਅਤੇ ਜਤਿੰਦਰ ਕੁਮਾਰ ਪੁੱਤਰ ਜਸਵੀਰ ਕੁਮਾਰ ਵਾਸੀ ਬੰਗਾ, ਸੁਡਾਨ ਦੇਸ਼ ਨਾਲ ਸੰਬੰਧਿਤ ਇੱਕ ਨੌਜਵਾਨ ਦੇ ਕਤਲ ਦੇ ਮਾਮਲੇ ਵਿਚ ਫ਼ੜੇ ਗਏ ਸਨ ਅਤੇ ਅਦਾਲਤ ਵੱਲੋਂ ਉਕਤ ਤਿੰਨਾਂ ਨੌਜਵਾਨਾਂ ਨੂੰ 25-25 ਸਾਲ ਦੀ ਸਜ਼ਾ ਸੁਣਾ ਦਿੱਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਸਜ਼ਾ ਉਪਰੰਤ ਉਪਰੋਕਤ ਨੌਜਵਾਨਾਂ ਵੱਲੋਂ ਕੀਤੀ ਗਈ ਅਪੀਲ 'ਤੇ ਅਦਾਲਤ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਇਨ੍ਹਾਂ ਦੀ 25-25 ਸਾਲ ਵਾਲੀ ਸਜ਼ਾ ਨੂੰ ਫਾਂਸੀ ਵਿਚ



ਤਬਦੀਲ ਕਰ ਦਿੱਤਾ, ਜਿਸ ਉਪਰੰਤ ਉਕਤ ਨੌਜਵਾਨਾਂ ਦੇ ਪਰਿਵਾਰਾਂ ਨੇ ਉਨ੍ਹਾਂ ਨਾਲ ਸੰਪਰਕ ਕਰਕੇ ਮਦਦ ਕਰਨ ਦੀ ਅਪੀਲ ਕੀਤੀ ਸੀ। ਡਾ. ਓਬਰਾਏ ਨੇ ਦੱਸਿਆ ਕਿ ਉਨ੍ਹਾਂ ਦੀ ਟੀਮ ਵੱਲੋਂ ਪੀੜਤ ਪਰਿਵਾਰਾਂ ਨਾਲ ਮਿਲ ਕੇ ਸੁਡਾਨ ਨਾਲ ਸੰਬੰਧਿਤ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਕੋਈ ਸਫ਼ਲਤਾ ਨਹੀਂ ਮਿਲੀ, ਜਿਸ ਕਾਰਨ ਸਭ ਨੇ ਇਸ ਕੇਸ ਦੇ ਹੱਲ ਹੋਣ ਦੀ ਆਸ ਛੱਡ ਦਿੱਤੀ ਸੀ। ਉਨ੍ਹਾਂ ਦੱਸਿਆ ਕਿ ਪਰ ਕੁਦਰਤ ਨੇ ਅਜਿਹਾ ਕਰਿਸ਼ਮਾ ਕੀਤਾ ਕਿ ਉਨ੍ਹਾਂ ਦੀ ਸਲਾਹ ਮੁਤਾਬਿਕ ਈਦ ਮੌਕੇ ਪਰਿਵਾਰ ਵੱਲੋਂ ਮੁੜ ਕੀਤੀ ਗਈ ਰਹਿਮ ਦੀ ਅਪੀਲ 'ਤੇ ਅਦਾਲਤ ਵੱਲੋਂ ਉਕਤ ਤਿੰਨੇ ਨੌਜਵਾਨਾਂ ਦੀ ਸਜ਼ਾ ਮੁਆਫ਼ ਕਰ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਹ ਇੱਕ ਅਜਿਹਾ ਵਿਸ਼ੇਸ਼ ਕੇਸ ਸੀ, ਜਿਸ ਵਿਚ ਮਰਨ ਵਾਲੇ ਨੌਜਵਾਨ ਦੇ ਪਰਿਵਾਰ ਨੂੰ ਬਲੱਡ ਮਨੀ ਨਹੀਂ ਦਿੱਤੀ ਗਈ। ਡਾ. ਉਬਰਾਏ ਅਨੁਸਾਰ ਇਸ ਕੇਸ ਨਾਲ ਸੰਬੰਧਿਤ ਦੋ ਨੌਜਵਾਨ ਪਹਿਲਾਂ ਹੀ ਆਪਣੇ ਘਰ ਪਹੁੰਚ ਚੁੱਕੇ ਹਨ, ਜਦਕਿ ਸੁਖਵੀਰ ਦੀ ਵੀ ਵਤਨ ਵਾਪਸੀ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਕੇਸ ਵਿਚ ਉਨ੍ਹਾਂ ਵੱਲੋਂ ਸਮੇਂ-ਸਮੇਂ 'ਤੇ ਪੀੜਤ ਪਰਿਵਾਰਾਂ ਨੂੰ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਉਣ ਤੋਂ ਇਲਾਵਾ ਹਰ ਪੱਖ ਤੋਂ ਸਹਿਯੋਗ ਕੀਤਾ ਗਿਆ ਸੀ। ਉਨ੍ਹਾਂ ਦੱਸਿਆ ਕਿ ਵਤਨ ਪਹੁੰਚੇ ਸੁਖਵੀਰ ਦੀ ਹਵਾਈ ਟਿਕਟ ਵੀ ਉਸਦੇ ਪਰਿਵਾਰ ਦੀ ਮੰਗ 'ਤੇ ਉਨ੍ਹਾਂ ਨੇ ਹੀ ਖਰੀਦ ਕੇ ਦਿੱਤੀ ਹੈ।

ਅੰਮ੍ਰਿਤਸਰ ਦੇ ਗੁਰੂ ਰਾਮਦਾਸ ਕੌਮਾਂਤਰੀ ਹਵਾਈ ਅੱਡੇ 'ਤੇ ਆਪਣੇ ਪੁੱਤ ਨੂੰ ਲੈਣ ਪੁੱਜੀ ਉਸ ਦੀ ਬਜ਼ੁਰਗ ਮਾਂ ਕੁਲਦੀਪ ਕੌਰ, ਭੂਆ ਜਸਵੰਤ ਕੌਰ, ਫੁੱਫੜ ਹਰਜਿੰਦਰ ਸਿੰਘ, ਜੀਜਾ ਅਮਨਦੀਪ ਸਿੰਘ ਅਤੇ ਸਿਮਰਦੀਪ ਸਿੰਘ ਨੇ ਖੁਸ਼ੀ ਭਰੇ ਹੰਝੂਆਂ ਨਾਲ ਜਿੱਥੇ ਸੁਖਵੀਰ ਦਾ ਸਵਾਗਤ ਕੀਤਾ, ਉੱਥੇ ਹੀ ਉਨ੍ਹਾਂ ਡਾ. ਐੱਸ.ਪੀ. ਸਿੰਘ ਉਬਰਾਏ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਲਈ ਡਾ. ਓਬਰਾਏ ਕਿਸੇ ਰੱਬ ਦੇ ਫਰਿਸ਼ਤੇ ਤੋਂ ਘੱਟ ਨਹੀਂ ਹਨ। ਸੁਖਬੀਰ ਦੀ ਮਾਂ ਨੇ ਭਾਵੁਕ ਹੁੰਦਿਆਂ ਕਿਹਾ ਕਿ ਡਾ. ਓਬਰਾਏ ਨੇ ਮੇਰੇ ਪੁੱਤ ਨੂੰ ਮੌਤ ਦੇ ਮੂੰਹੋਂ ਕੱਢ ਮੇਰੀ ਝੋਲੀ ਪਾਇਆ ਹੈ, ਰੱਬ ਮੇਰੀ ਉਮਰ ਵੀ ਉਸਨੂੰ ਲਾ ਦੇਵੇ।

ਫਾਂਸੀ ਦੀ ਸਜ਼ਾ ਤੋਂ ਬਚ ਕੇ ਆਏ ਸੁਖਵੀਰ ਨੇ ਰੋਂਦਿਆਂ ਦੱਸਿਆ ਕਿ ਉਹ 2015 'ਚ ਰੁਜ਼ਗਾਰ ਲਈ ਦੁਬਈ ਗਿਆ ਸੀ ਕਿ 2018 ਵਿਚ ਉਹ ਇੱਕ ਕਤਲ ਦੇ ਕੇਸ ਵਿਚ ਫਸ ਗਏ, ਉਸ ਅਨੁਸਾਰ ਉਹ ਬੇਕਸੂਰ ਸਨ ਅਤੇ ਉਨ੍ਹਾਂ ਨੂੰ ਕੁਝ ਸਮਝ ਨਹੀਂ ਲੱਗਾ ਕਿ ਉਨ੍ਹਾਂ ਨਾਲ ਇਹ ਸਭ ਕੁਝ ਕਿੰਝ ਵਾਪਰ ਗਿਆ। ਉਸ ਨੇ ਕਿਹਾ ਕਿ ਡਾ. ਓਬਰਾਏ ਦਾ ਅਸੀਂ ਸਾਰੀ ਉਮਰ ਦੇਣ ਨਹੀਂ ਦੇ ਸਕਦੇ, ਉਹ ਖਾੜੀ ਮੁਲਕਾਂ ਵਿਚ ਫ਼ਸੇ ਸੈਂਕੜੇ ਲੋਕਾਂ ਲਈ ਰੱਬ ਦਾ ਰੂਪ ਹੀ ਹਨ।




# ਅਮਰੀਕਾ ’ਚ ਹੋਈ ਗੋਲੀਬਾਰੀ ’ਚ 3 ਜ਼ਖਮੀ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੀ ਡਾਊਨਟਾਊਨ ਐਟਲਾਂਟਾ ਫੂਡ ਕੋਰਟ ਵਿਚ ਬੀਤੇ ਦਿਨੀਂ ਹੋਈ ਗੋਲੀਬਾਰੀ ਵਿਚ 3 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਮੌਕੇ ’ਤੇ ਪੁੱਜੇ ਇਕ ਪੁਲਿਸ ਅਫਸਰ ਵੱਲੋਂ ਚਲਾਈ ਗੋਲੀ ਨਾਲ 34 ਸਾਲਾ ਸ਼ੱਕੀ ਦੋਸ਼ੀ ਵੀ ਜ਼ਖਮੀ ਹੋ ਗਿਆ, ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੀੜਤਾਂ ਵਿਚ ਇਕ 47 ਸਾਲਾਂ ਦਾ ਵਿਅਕਤੀ ਤੇ 2 ਔਰਤਾਂ ਸ਼ਾਮਿਲ ਹਨ, ਜਿਨ੍ਹਾਂ ਦੀ ਉਮਰ 70 ਸਾਲ ਦੇ ਕਰੀਬ ਹੈ। ਐਟਲਾਂਟਾ ਪੁਲਿਸ ਮੁਖੀ ਡਰੀਨ



ਗੋਲੀਬਾਰੀ ਉਪੰਰਤ ਮੌਕੇ ’ਤੇ ਪੁੱਜੀ ਪੁਲਿਸ।

ਸ਼ੀਰਬੌਮ ਅਨੁਸਾਰ ਸਾਰੇ ਜ਼ਖਮੀਆਂ ਦੇ ਬਚ ਜਾਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਨੂੰ ਦੁਪਹਿਰ ਬਾਅਦ 2.15 ਵਜੇ ਪੀਚਟਰੀ ਸੈਂਟਰ ਦੀ ਫੂਡ ਕੋਰਟ ’ਚ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਹਥਿਆਰਬੰਦ

**■ ਸ਼ੱਕੀ ਦੋਸ਼ੀ ਵੀ ਗੋਲੀ ਵੱਜਣ ਕਾਰਨ ਹੋਇਆ ਜ਼ਖਮੀ; ਕੀਤਾ ਗ੍ਰਿਫਤਾਰ**

ਸ਼ੱਕੀ ਫੂਡ ਕੋਰਟ ’ਚ ਦਾਖਲ ਹੋਇਆ ਤੇ ਉਥੇ ਉਸ ਦੀ ਕਿਸੇ ਵਿਅਕਤੀ ਨਾਲ ਸੰਖੇਪ ਜਿਹੀ ਬਹਿਸ ਹੋਈ, ਜਿਸ ਉਪਰੰਤ ਉਸ ਨੇ ਉਸ ਉਪਰ ਗੋਲੀ ਚਲਾ ਦਿੱਤੀ। ਬਾਅਦ ਵਿਚ ਉਸ ਨੇ ਦੋ ਹੋਰਨਾਂ ਦੇ ਗੋਲੀਆਂ ਮਾਰੀਆਂ। ਉਨ੍ਹਾਂ ਕਿਹਾ ਕਿ ਸ਼ੱਕੀ ਵਿਅਕਤੀ ਦਾ ਲੰਬਾ ਅਪਰਾਧਿਕ ਰਿਕਾਰਡ ਹੈ। ਉਹ ਹਥਿਆਰਬੰਦ ਲੁੱਟ ਦੇ ਮਾਮਲੇ ਵਿਚ ਕੈਦ ਕੱਟ ਚੁੱਕਾ ਹੈ।

# ਅਮਰੀਕਾ ਵੱਲੋਂ ਭਾਰਤੀ ਵਿਦਿਆਰਥੀਆਂ ਨੂੰ ਰਿਕਾਰਡ ਵੀਜ਼ੇ ਜਾਰੀ

**ਨਵੀਂ ਦਿਲੀ, (ਪੰਜਾਬ ਮੇਲ)-** ਪਿਛਲੇ ਸਾਲ ਰਿਕਾਰਡ 1,40,000 ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਮਗਰੋਂ ਭਾਰਤ ਸਥਿਤ ਅਮਰੀਕੀ ਕੌਂਸਲੇਟ ਇਸ ਸਾਲ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ ’ਚ ਸੰਭਾਵੀ ਵਾਧੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਦੂਤਾਵਾਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਇਸ ਸਾਲ ਵੀਜ਼ਿਆਂ ਦੀ ਅਨੁਮਾਨਤ ਕੁੱਲ ਗਿਣਤੀ ਪਿਛਲੇ ਸਾਲ ਦੇ ਬਰਾਬਰ ਜਾਂ ਉਸ ਤੋਂ ਵੱਧ ਹੋਵੇਗੀ। ਭਾਰਤ ’ਚ ਅਮਰੀਕੀ ਮਿਸ਼ਨ ਨੇ ਦੇਸ਼ ਭਰ ’ਚ ਆਪਣਾ 8ਵਾਂ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਤਹਿਤ ਨਵੀਂ ਦਿੱਲੀ, ਚੇਨੱਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚਲੇ ਕੌਂਸਲੇਟ ਦੂਤਾਵਾਸ ਅਧਿਕਾਰੀਆਂ ਨੇ ਵਿਦਿਆਰਥੀ ਵੀਜ਼ੇ ਦੇ ਅਰਜ਼ੀਕਾਰਾਂ ਨਾਲ ਇੰਟਰਵਿਊਜ਼ ਕੀਤੀਆਂ। ਦਿੱਲੀ ਸਥਿਤ ਅਮਰੀਕੀ ਦੂਤਾਵਾਸ ’ਚ ਸਵੇਰ ਤੋਂ ਹੀ ਵਿਦਿਆਰਥੀਆਂ ਦੀਆਂ ਲੰਮੀਆਂ ਕਤਾਰਾਂ ਦੇਖੀਆਂ ਗਈਆਂ। ਅਮਰੀਕੀ ਯੂਨੀਵਰਸਿਟੀਆਂ ’ਚ ਵੱਡੀ ਗਿਣਤੀ ’ਚ ਭਾਰਤੀ ਵਿਦਿਆਰਥੀ ਪੜ੍ਹਦੇ ਹਨ ਅਤੇ ਪਿਛਲੇ ਸਾਲ ਭਾਰਤ ’ਚ ਅਮਰੀਕੀ ਕੌਂਸਲੇਟ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ,

**■ ਅਮਰੀਕੀ ਦੂਤਾਵਾਸ ਨੂੰ ਇਸ ਸਾਲ ਵੀਜ਼ਿਆਂ ਦੀ ਗਿਣਤੀ ਵਧਣ ਦਾ ਅਨੁਮਾਨ**



**ਨਵੀਂ ਦਿੱਲੀ ਸਥਿਤ ਅਮਰੀਕੀ ਅੰਬੈਸੀ ’ਚ ਇੰਟਰਵਿਊ ਦੇਣ ਲਈ ਖੜ੍ਹੇ ਭਾਰਤੀ ਵਿਦਿਆਰਥੀ।**

ਜੋ ਕਿਸੇ ਵੀ ਹੋਰ ਮੁਲਕ ਮੁਕਾਬਲੇ ਵੱਧ ਸਨ।

ਅਮਰੀਕੀ ਦੂਤਾਵਾਸ ਦੇ ਕਾਰਜਕਾਰੀ ਕੌਂਸਲ ਜਨਰਲ ਸਯਦ ਮੁਜਤਬਾ ਅੰਦਰਾਬੀ ਨੇ ਦੱਸਿਆ ਕਿ ਵਿਦਿਆਰਥੀ ਵੀਜ਼ੇ ਉਨ੍ਹਾਂ ਦੀਆਂ ਤਰਜੀਹਾਂ ’ਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਵਿੱਦਿਅਕ ਆਦਾਨ-ਪ੍ਰਦਾਨ ਇਸ ਪ੍ਰਸ਼ਾਸਨ ਤੇ ਉਨ੍ਹਾਂ ਦੇ ਮਿਸ਼ਨ ਦੀ ਸਭ ਤੋਂ ਵੱਡੀਆਂ ਤਰਜੀਹਾਂ ’ਚੋਂ ਇੱਕ ਹੈ।

## ਗੁਰਬਖ਼ਸ਼ ਸਿੰਘ ਸਿੱਧੂ ਨੇ ਅਮਰੀਕਾ ਦੇ ਸੈਂਟਾ ਰੋਜ਼ਾ ਵਿਖੇ ਐਥਲੀਟ ਮੀਟ ਵਿਚ ਜਿੱਤੇ



**ਫਰਿਜ਼ਨੋ, (ਪੰਜਾਬ ਮੇਲ)-** ਫਰਿਜ਼ਨੋ ਦੇ ਸੀਨੀਅਰ ਐਥਲੀਟ ਸ. ਗੁਰਬਖ਼ਸ਼ ਸਿੰਘ ਸਿੱਧੂ ਜਿਹੜੇ ਕਿ ਅਕਸਰ ਸੀਨੀਅਰ ਖੇਡਾਂ ਵਿਚ ਭਾਗ ਲੈ ਕੇ ਅਮਰੀਕਾ ਵਿਚ ਪੰਜਾਬੀ ਭਾਈਚਾਰੇ ਦਾ ਨਾਮ ਚਮਕਾਉਂਦੇ ਆ ਰਹੇ ਨੇ, ਉਨ੍ਹਾਂ ਐਤਵਾਰ 9 ਜੂਨ, 2024 ਨੂੰ ਕੈਲੀਫੋਰਨੀਆ ਦੇ ਸੈਂਟਾ ਰੋਜ਼ਾ ਵਿਚ ਸੋਨੋਮਾ ਵਾਈਨ ਕੰਟਰੀ ਥ੍ਰੋਇੰਗ ਮੁਕਾਬਲੇ ਵਿਚ ਹਿੱਸਾ ਲਿਆ। ਸੈਂਟਾ ਰੋਜ਼ਾ ਸ਼ਹਿਰ ਫੈਡਰਲ ਹਾਈਵੇਅ 101 ’ਤੇ ਸਾਨ ਫਰਾਂਸਿਸਕੋ ਤੋਂ 60 ਮੀਲ ਉੱਤਰ ਵਿਚ ਹੈ। ਗੁਰਬਖ਼ਸ਼ ਸਿੰਘ ਸਿੱਧੂ ਨੇ ਇੱਥੇ ਹੈਮਰ ਥਰੋਅ, ਵੇਟ ਥਰੋਅ ਡਿਸਕਸ ਥਰੋਅ ਅਤੇ ਪੈਨਟਾਥਲੋਨ ਵਿਚ ਮੁਕਾਬਲਾ ਕਰਦਿਆਂ ਜਿੱਤ ਦਰਜ ਕੀਤੀ। ਉਨ੍ਹਾਂ ਸ਼ਾਟ ਪੁਟ ਵਿਚ ਜਿੱਤ ਹਾਸਲ ਕਰਨ ਦੇ ਨਾਲ-ਨਾਲ ਜੈਵਲਿਨ ਥਰੋਅ ਵਿਚ ਤੀਜਾ ਸਥਾਨ ਜਿੱਤਿਆ। ਇਸ ਤਰ੍ਹਾਂ ਕੁੱਲ ਮਿਲਾਕੇ ਉਨ੍ਹਾਂ 4 ਗੋਲਡ ਮੈਡਲ, 1 ਚਾਂਦੀ ਦਾ ਤਗਮਾ ਅਤੇ ਇੱਕ ਕਾਂਸੀ ਦਾ ਤਗਮਾ ਜਿੱਤਿਆ। ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ 50+ ਉਮਰ ਦੇ ਐਥਲੀਟ ਪੂਰੇ ਕੈਲੀਫੋਰਨੀਆ ਤੋਂ ਆਏ ਸਨ। ਮੁਕਾਬਲੇ ਲਈ 45 ਦੇ ਕਰੀਬ ਪੁਰਸ਼ ਅਤੇ ਮਹਿਲਾ ਅਥਲੀਟ ਉੱਥੇ ਪਹੁੰਚੇ ਹੋਏ ਸਨ।

# ਅਮਰੀਕਾ ’ਚ ਸਾਬਕਾ ਪ੍ਰੇਮਿਕਾ ਦੀ ਹੱਤਿਆ ਮਾਮਲੇ ’ਚ ਦੋਸ਼ੀ ਨੂੰ ਜ਼ਹਿਰ ਦਾ ਟੀਕਾ ਲਾ ਕੇ ਦਿੱਤੀ ਮੌਤ ਦੀ ਸਜ਼ਾ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)-** ਅਮਰੀਕਾ ਦੇ ਮਿਸੂਰੀ ਰਾਜ ਵਿਚ ਸਾਬਕਾ ਪ੍ਰੇਮਿਕਾ ਦੀ ਹੱਤਿਆ ਦੇ ਮਾਮਲੇ ਵਿਚ ਅਦਾਲਤ ਵੱਲੋਂ ਸੁਣਾਈ ਮੌਤ ਦੀ ਸਜ਼ਾ ’ਤੇ ਅਮਲ ਕਰਦਿਆਂ ਦੋਸ਼ੀ ਡੇਵਿਡ ਹੋਸੀਰ ਨੂੰ ਜ਼ਹਿਰ ਦਾ ਟੀਕਾ ਲਾਇਆ ਗਿਆ, ਜਿਸ ਦੇ ਕੁਝ ਹੀ ਮਿੰਟਾਂ ਬਾਅਦ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ ਗਿਆ। ਇਸ ਸਾਲ ਰਾਜ ਵਿਚ ਇਹ ਦੂਸਰਾ ਵਿਅਕਤੀ ਹੈ, ਜਿਸ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਮਿਸੂਰੀ ਡਿਪਾਰਟਮੈਂਟ ਆਫ ਕੋਰੈਕਸ਼ਨਜ ਦੇ ਬੁਲਾਰੇ ਕਾਰੇਨ ਪੋਜਮੈਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਡੇਵਿਡ ਹੋਸੀਰ (69) ਨੂੰ ਪੈਂਟੋਬਰਬੀਟਲ ਦੀ 5 ਗ੍ਰਾਮ ਡੋਜ਼ ਦੇਣ ਉਪਰੰਤ ਸ਼ਾਮ 6.11 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਹੋਸੀਰ ਨੂੰ 2009 ਵਿਚ ਆਪਣੀ ਸਾਬਕਾ ਪ੍ਰੇਮਿਕਾ ਐਂਜੇਲਾ ਗਿਲਪਿਨ ਜੋ ਸ਼ਾਦੀਸ਼ੁਦਾ ਸੀ ਤੇ 2 ਬੱਚਿਆਂ ਦੀ ਮਾਂ ਸੀ, ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇ ਮਾਮਲੇ ਵਿਚ



**ਡੇਵਿਡ ਹੋਸੀਰ ਦੀ ਫਾਇਲ ਤਸਵੀਰ।**

ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ। ਅਦਾਲਤੀ ਰਿਕਾਰਡ ਅਨੁਸਾਰ ਹੋਸੀਰ ਆਪਣੀ ਸਾਬਕਾ ਪ੍ਰੇਮਿਕਾ ਐਂਜੇਲਾ ਗਿਲਪਿਨ ਵੱਲੋਂ ਉਸ ਨਾਲੋਂ ਸਬੰਧ ਤੋੜ ਲੈਣ ਤੋਂ ਖਫਾ ਸੀ।

28 ਸਤੰਬਰ 2009 ਦੀ ਸਵੇਰ ਨੂੰ ਗਵਾਂਢੀ ਨੇ ਗਿਲਪਿਨ ਤੇ ਉਸ ਦੇ ਪਤੀ ਰੋਡਨੀ ਦੀਆਂ ਲਾਸ਼ਾਂ ਉਸ ਦੇ ਅਪਾਰਟਮੈਂਟ ਦੀ ਦਹਿਲੀਜ਼ ’ਤੇ ਪਈਆਂ ਵੇਖੀਆਂ ਸਨ। ਇਸਤਗਾਸਾ ਪੱਖ ਨੇ ਹੋਸੀਰ ਵਿਰੁੱਧ ਰੋਡਨੀ ਦੀ ਹੱਤਿਆ ਦੇ ਲਾਏ ਦੋਸ਼ ਵਾਪਸ ਲੈ ਲਏ ਸਨ। ਹੋਸੀਰ ਨੇ ਆਪਣਾ ਆਖਰੀ ਖਾਣਾ ਸਵੇਰੇ 11 ਵਜੇ ਖਾਧਾ, ਜਿਸ ਵਿਚ ਮਾਸ ਦੀ ਟਿੱਕੀ, ਭੁੰਨਿਆ ਆਲੂ, ਟੋਸਟ, ਸੇਬ ਪਾਈ, ਦੁੱਧ ਤੇ ਜੂਸ ਸ਼ਾਮਿਲ ਸੀ। ਇਥੇ ਜ਼ਿਕਰਯੋਗ ਹੈ ਕਿ ਮਿਸੂਰੀ ਦੇ ਰਿਪਬਲੀਕਨ ਗਵਰਨਰ ਮਾਈਕਲ ਪਰਸਨ ਨੇ ਲੰਘੇ ਸੋਮਵਾਰ ਡੇਵਿਡ ਹੋਸੀਰ ਦੀ ਰਹਿਮ ਦੀ ਅਪੀਲ ਰੱਦ ਕਰ ਦਿੱਤੀ ਸੀ। ਗਵਰਨਰ ਨੇ ਕਿਹਾ ਸੀ ਕਿ ਬੇਹੂਦਾ ਹਿੰਸਾ ਕਾਰਨ ਹੋਸੀਰ ਕਿਸੇ ਵੀ ਰਹਿਮ ਦਾ ਪਾਤਰ ਨਹੀਂ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :**
**www.punjabmailusa.com**

**Global**

**LAW FIRM LLP**

ਕਾਨੂੰਨੀ ਸਲਾਹਾਂ

■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ ’ਤੇ ਸੱਟ ਲਗਣਾ



Atul Kapoor
C.E.O

Asylum & Deportation Defense



Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਸਿਆਟਲ ’ਚ 17 ਸਾਲਾ ਨੌਜਵਾਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ’ਚ ਸ਼ੱਕੀ ਵਿਰੁੱਧ ਹੱਤਿਆ ਦੇ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਨੀਮ ਸ਼ਹਿਰੀ ਖੇਤਰ ਸਿਆਟਲ ’ਚ ਇਕ ਖੇਡਾਂ ਦੇ ਸਮਾਨ ਦੇ ਸਟੋਰ ਦੇ ਬਾਹਰ ਇਕ ਵਿਅਕਤੀ ਵੱਲੋਂ 17 ਸਾਲਾ ਨੌਜਵਾਨ ਜਿਸ ਕੋਲ ਏਅਰ ਸਾਫਟ ਗੰਨ ਸੀ, ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਸ਼ੱਕੀ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਇਸਤਗਾਸਾ ਪੱਖ ਅਨੁਸਾਰ ਆਰੋਨ ਬਰਾਊਨ ਮਾਈਰਜ (51) ਵਿਰੁੱਧ 17 ਸਾਲਾ ਨੌਜਵਾਨ ਜਿਸ ਦੀ ਪਛਾਣ ਐੱਚ.ਆਰ. ਵਜੋਂ ਹੋਈ ਹੈ, ’ਤੇ ਹਮਲਾ ਕਰਨ ਤੇ ਦੂਸਰਾ ਦਰਜਾ ਹੱਤਿਆ ਦੇ ਦੋਸ਼ ਲਾਏ ਗਏ ਹਨ। ਨੌਜਵਾਨ ਦੀ ਪਿੱਠ ਵਿਚ ਘੱਟੋ-ਘੱਟ 6 ਗੋਲੀਆਂ ਮਾਰੀਆਂ ਗਈਆਂ, ਜਿਸ ਕਾਰਨ ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਦੂਸਰੇ ਪਾਸੇ ਮਾਈਰਜ ਦੇ ਵਕੀਲ ਨੇ ਕਿਹਾ ਹੈ ਕਿ ਉਹ ਪੇਸ਼ਾਵਰ ਸੁਰੱਖਿਆ ਸਲਾਹਕਾਰ ਹੈ ਤੇ ਉਸ ਨੇ ਆਪਣੇ ਬਚਾ ਲਈ ਗੋਲੀ ਚਲਾਈ ਸੀ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਇਹ ਘਟਨਾ 5 ਜੂਨ ਦੀ ਸ਼ਾਮ ਨੂੰ ਵਾਪਰੀ, ਜਦੋਂ ਐੱਚ.ਆਰ. ਤੇ ਦੋ ਹੋਰ ਨਬਾਲਗ ਰੈਨਟਨ, ਵਾਸ਼ਿੰਗਟਨ ਵਿਚ 5 ਸਪੋਰਟਿੰਗ ਗੁੱਡਜ ਸਟੋਰ ਵਿਚ ਪੁੱਜੇ। ਐੱਚ.ਆਰ. ਦੀ ਜੇਬ ਵਿਚ ਏਅਰਸਾਫਟ ਗੰਨ ਸੀ, ਜਦਕਿ ਉਸ ਦੇ ਦੋਸਤ ਜਿਸ ਦੀ ਪਛਾਣ ਬੀ.ਏ. ਵਜੋਂ ਹੋਈ ਹੈ, ਕੋਲ ਵੀ ਏਅਰਸਾਫਟ ਗੰਨ ਸੀ। ਮਾਈਰਜ ਜੋ ਲਾਅ ਇਨਫੋਰਸਮੈਂਟ ਦਾ ਮੈਂਬਰ ਨਹੀਂ ਹੈ, ਨੇ ਸਮਝਿਆ ਕਿ ਉਹ ਲੁੱਟਮਾਰ ਕਰਨ ਆਏ ਹਨ। ਉਸ ਨੇ ਤੁਰੰਤ ਪਿਸਤੌਲ ਤਾਣ ਕੇ ਤਿੰਨਾਂ ਨੂੰ ਆਪਣੀਆਂ ਗੰਨਾਂ ਹੇਠਾਂ ਸੁੱਟਣ ਤੇ ਜ਼ਮੀਨ ਉਪਰ ਲੇਟਣ ਲਈ ਕਿਹਾ। ਬੀ.ਏ. ਨੇ ਅਜਿਹਾ ਹੀ ਕੀਤਾ, ਜਦਕਿ ਐੱਚ.ਆਰ. ਹੱਥ ਖੜ੍ਹੇ ਕਰਕੇ ਭੱਜਣ ਲੱਗਾ, ਤਾਂ ਮਾਈਰਜ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਮਾਈਰਜ ਨੂੰ ਮੌਕੇ ਉਪਰ ਹੀ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਇਸ ਸਮੇਂ ਉਹ ਕਿੰਗ ਕਾਊਂਟੀ ਕੋਰੈਕਸ਼ਨਲ ਸੈਂਟਰ ਵਿਚ ਹੈ। ਅਦਾਲਤ ਵਿਚ ਉਸ ਦੀ ਪੇਸ਼ੀ 24 ਜੂਨ ਨੂੰ ਹੋਵੇਗੀ।



ਗੋਲੀਬਾਰੀ ਉਪੰਰਤ ਮੌਕੇ ’ਤੇ ਜਾਂਚ ਲਈ ਪੁੱਜੀ ਪੁਲਿਸ।

# ਭਾਰੀ ਗਰਮੀ ਕਾਰਨ ਮੈਕਸੀਕੋ ਸਰਹੱਦ ਰਾਹੀਂ ਅਮਰੀਕਾ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ 6 ਪ੍ਰਵਾਸੀਆਂ ਦੀ ਮੌਤ

**ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)**- ਦੱਖਣੀ-ਪੱਛਮੀ ਅਮਰੀਕਾ ਜਿੱਥੇ ਇਨ੍ਹੀਂ ਦਿਨੀਂ ਭਿਆਨਕ ਗਰਮੀ ਦਾ ਸਾਹਮਣਾ ਕਰ ਰਿਹਾ ਹੈ। ਉੱਥੇਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਹਸਤਾਖਰ ਕੀਤੇ ਗਏ ਇੱਕ ਨਵੇਂ ਕਾਰਜਕਾਰੀ ਆਦੇਸ਼ ਦੇ ਰੂਪ ਵਿਚ ਪ੍ਰਵਾਸੀ ਦੂਜੇ ਖਤਰਨਾਕ ਰਸਤਿਆਂ ਰਾਹੀਂ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਵਿਚ ਪ੍ਰਵਾਸੀ ਸਹਾਇਤਾ ਅਤੇ ਵਕਾਲਤ ਸਮੂਹਾਂ ਦੁਆਰਾ ਅਮਰੀਕਾ ਵਿਚ ਦਾਖਲ ਹੋਣਾ ਵਧੇਰੇ ਮੁਸ਼ਕਲ ਹੋ ਗਿਆ ਹੈ। ਅਮਰੀਕਾ ਦਾ ਟੈਕਸਾਸ ਰਾਜ ਚੇਤਾਵਨੀ ਦੇ ਰਿਹਾ ਹੈ ਕਿ ਗਰਮੀ ਕਾਰਨ ਇਸ ਕੋਸ਼ਿਸ਼ ਵਿਚ ਉਨ੍ਹਾਂ ਨੂੰ ਆਪਣੀ ਜਾਨ ਗਵਾਉਣੀ ਪੈ ਸਕਦੀ ਹੈ। ਮੈਕਸੀਕੋ ਦੇ ਚਿਹੁਆਹੁਆ ਅਤੇ ਸੋਨੋਰਾ ਰੇਗਿਸਤਾਨ ਵਿਚ ਵੀ ਤਾਪਮਾਨ ਇਨ੍ਹੀਂ ਦਿਨੀਂ ਰਿਕਾਰਡ ਦੀ ਉਚਾਈ ’ਤੇ ਪਹੁੰਚ ਗਿਆ ਹੈ। ਦੂਜੇ ਪਾਸੇ, ਬਹੁਤ ਸਾਰੇ ਪ੍ਰਵਾਸੀ ਅਮਰੀਕੀ ਬਾਰਡਰ ਗਸ਼ਤੀ ਤੋਂ ਬਚਣ ਲਈ ਖਤਰਨਾਕ ਰਸਤੇ ਅਪਣਾ ਰਹੇ ਹਨ, ਪਰ

# ਅਮਰੀਕਾ ’ਚ ਸਿੱਖ ਬਾਰੇ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ ’ਚ ਸੰਘੀ ਨ਼ਫਰਤੀ ਅਪਰਾਧ ਤਹਿਤ ਦੋਸ਼ ਆਇਦ

**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਭੂਸ਼ਨ ਅਠਾਲੇ (48) ਨਾਮੀ ਵਿਅਕਤੀ ਵਿਰੁੱਧ ਇਕ ਨਾਨ ਪ੍ਰਾਫਿਟ ਸੰਸਥਾ ਵਿਚ ਕੰਮ ਕਰਦੇ ਇਕ ਸਿੱਖ ਨੂੰ ਮੰਦਾ ਬੋਲਣ ਤੇ ਧਮਕੀ ਦੇਣ ਦੇ ਮਾਮਲੇ ’ਚ ਸੰਘੀ ਨ਼ਫਰਤੀ ਅਪਰਾਧ ਤਹਿਤ ਦੋਸ਼ ਆਇਦ ਕੀਤੇ ਗਏ ਹਨ। ਨਿਆਂ ਵਿਭਾਗ ਨੇ ਜਾਰੀ ਬਿਆਨ ਵਿਚ ਕਿਹਾ ਹੈ ਕਿ 17 ਸਤੰਬਰ 2022 ਨੂੰ ਕੀਤੀ ਸ਼ਿਕਾਇਤ ਅਨੁਸਾਰ ਅਠਾਲੇ ਨੇ ਅਮਰੀਕਾ ਵਿਚ ਸਿੱਖਾਂ ਦੇ ਮਨੁੱਖੀ ਹੱਕਾਂ ਲਈ ਕੰਮ ਕਰਦੀ ਇਕ ਸੰਸਥਾ ਨੂੰ ਕਥਿਤ ਤੌਰ ’ਤੇ ਫੋਨ ਕੀਤਾ ਤੇ 7 “ਵਾਇਸ ਮੇਲ” ਭੇਜੀਆਂ, ਜਿਨ੍ਹਾਂ ਵਿਚ ਸੰਸਥਾ ਵਿਚ ਕੰਮ ਕਰਦੇ ਇਕ ਸਿੱਖ ਵਿਅਕਤੀ ਲਈ ਨ਼ਫਰਤ ਭਰੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਧਮਕੀ ਦਿੱਤੀ ਕਿ ਉਹ ਉਸ ਨੂੰ ਮਾਰ ਦੇਵੇਗਾ। ਨਿਆਂ ਵਿਭਾਗ ਅਨੁਸਾਰ ਕੀਤੀ ਗਈ ਜਾਂਚ ਵਿਚ ਪਤਾ ਲੱਗਾ ਕਿ ਅਠਾਲੇ ਦਾ ਧਾਰਮਿਕ ਆਧਾਰ ’ਤੇ ਟਿੱਪਣੀਆਂ ਕਰਨ ਤੇ ਧਮਕੀਆਂ ਦੇਣ ਦਾ ਲੰਬਾ ਇਤਿਹਾਸ ਹੈ। ਉਸ ਨੇ ਇਸ ਤੋਂ ਪਹਿਲਾਂ ਪਾਕਿਸਤਾਨ ਤੇ ਮੁਸਲਮਾਨਾਂ ਪ੍ਰਤੀ ਨ਼ਫਰਤੀ ਬਿਆਨ ਦਿੱਤੇ ਸਨ। ਨਿਆਂ ਵਿਭਾਗ ਅਨੁਸਾਰ ਅਠਾਲੇ ਨੂੰ ਉਸ ਵਿਰੁੱਧ ਆਇਦ ਦੋਸ਼ਾਂ ਲਈ ਵਧ ਤੋਂ ਵਧ 10 ਸਾਲ ਤੱਕ ਕੈਦ ਤੇ 2,50,000 ਡਾਲਰ ਤੱਕ ਜੁਰਮਾਨਾ ਹੋ ਸਕਦਾ ਹੈ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : **www.punjabmailusa.com**

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦਾਂ ਦੀ ਕੀਤੀ ਮਦਦ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ’ਤੇ ਸ੍ਰੀ ਮੁਕਤਸਰ ਸਾਹਿਬ ਵਿਖੇ 10 ਲੋੜਵੰਦ ਪਰਿਵਾਰਾਂ ਨੂੰ ਸਹਾਇਤਾ ਰਾਸ਼ੀ ਦੇ ਚੈੱਕ ਤਕਸੀਮ ਕੀਤੇ ਗਏ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਅਤਿ ਦੀ ਗਰੀਬੀ ਵਿਚੋਂ ਗੁਜ਼ਰ ਰਹੇ ਹਨ। ਇਨ੍ਹਾਂ ਦਾ ਕੋਈ ਵੀ ਸਹਾਰਾ ਨਹੀਂ ਹੈ ਅਤੇ ਕੁੱਝ ਬਿਲਕੁਲ ਇਕੱਲੇ ਰਹਿ ਰਹੇ ਹਨ। ਸਰੀਰਕ ਬੀਮਾਰੀਆਂ ਕਾਰਨ ਕੰਮ ਕਰਨ ਤੋਂ ਅਸਮਰਥ ਹਨ, ਤਾਂ ਇਨ੍ਹਾਂ ਦੀ ਬਾਂਹ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਫ਼ੜੀ ਹੋਈ ਹੈ। ਸਮੇਂ-ਸਮੇਂ ’ਤੇ ਸਹਾਇਤਾ ਰਾਸ਼ੀ ਦਿੱਤੀ ਜਾਂਦੀ ਹੈ, ਤਾਂ ਜੋ ਇਹ ਲੋਕ ਆਪਣਾ ਗੁਜ਼ਾਰਾ ਕਰ ਸਕਣ। ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸੁਖਬੀਰ ਸਿੰਘ ਜੈਲਦਾਰ, ਸੋਮਨਾਥ, ਜਸਬੀਰ ਸਿੰਘ ਰਿਟਾਇਰਡ ਏ.ਐੱਸ.ਆਈ., ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

# ਸਰਹੱਦ ’ਤੇ ਪ੍ਰਵਾਸੀਆਂ ਦੇ ਦਾਖਲੇ ’ਤੇ ਪਾਬੰਦੀ ਲਾਉਣ ਕਾਰਨ ਬਾਇਡਨ ਖਿਲਾਫ਼ ਕੇਸ

**ਵਾਸ਼ਿੰਗਟਨ, (ਪੰਜਾਬ ਮੇਲ)**-ਪ੍ਰਵਾਸੀ ਅਧਿਕਾਰ ਸੰਗਠਨਾਂ ਦੇ ਸਮੂਹ ਨੇ ਰਾਸ਼ਟਰਪਤੀ ਜੋਅ ਬਾਇਡਨ ਦੇ ਹਾਲੀਆ ਨਿਰਦੇਸ਼ ਖ਼ਿਲਾਫ਼ ਅਮਰੀਕੀ ਪ੍ਰਸ਼ਾਸਨ ’ਤੇ ਮੁਕੱਦਮਾ ਦਾਇਰ ਕੀਤਾ ਹੈ। ਬਾਇਡਨ ਨੇ ਹਾਲ ਹੀ ਵਿਚ ਦੱਖਣੀ ਸਰਹੱਦ ’ਤੇ ਸ਼ਰਨਾਰਥੀਆਂ ਦੇ ਦਾਖਲੇ ’ਤੇ ਪ੍ਰਭਾਵਸ਼ਾਲੀ ਢੰਗ ਨਾਲ ਪਾਬੰਦੀ ਲਗਾ ਦਿੱਤੀ ਸੀ, ਜਿਸ ਦਾ ਸਮੂਹ ਨੇ ਵਿਰੋਧ ਕੀਤਾ ਹੈ ਅਤੇ ਦਾਅਵਾ ਕੀਤਾ ਕਿ ਰਾਸ਼ਟਰਪਤੀ ਦਾ ਫੈਸਲਾ ਟਰੰਪ ਪ੍ਰਸ਼ਾਸਨ ਦੌਰਾਨ ਚੁੱਕੇ ਕਦਮਾਂ ਤੋਂ ਵੱਖਰਾ ਨਹੀਂ ਹੈ। ਉਦੋਂ ਵੀ ਅਦਾਲਤਾਂ ਨੇ ਉਸ ਫ਼ੈਸਲੇ ’ਤੇ ਰੋਕ ਦਿੱਤਾ ਸੀ। ਲਾਸ ਅਮਰੀਕਾ ਇਮੀਗ੍ਰੇਂਟ ਐਡਵੋਕੇਸੀ ਸੈਂਟਰ ਅਤੇ ‘ਆਰ.ਏ.ਆਈ.ਸੀ.ਈ.ਐੱਸ. ਦੀ ਤਰਫੋਂ ਅਮਰੀਕਨ ਸਿਵਲ ਲਿਬਰਟੀਜ਼ ਯੂਨੀਅਨ ਤੇ ਹੋਰਾਂ ਨੇ ਇਹ ਕੇਸ ਦਾਇਰ ਕੀਤਾ ਹੈ।




# ਲੋਕ ਸਭਾ ਚੋਣਾਂ ’ਚ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ’ਚ ਉੱਠਣ ਲੱਗੇ ਬਗਾਵਤੀ ਸੁਰ

- ਪਾਰਟੀ ਦੀ ਹੋਂਦ ਬਚਾਉਣ ਲਈ ਲੀਡਰਸ਼ਿਪ ਬਦਲਣ ਨੂੰ ਲੈ ਕੇ ਸਿਆਸਤ ਸ਼ੁਰੂ
- ਕਈ ਸੀਨੀਅਰ ਆਗੂ ਚੱਲ ਰਹੇ ਨਾਰਾਜ਼

**ਚੰਡੀਗੜ੍ਹ, (ਪੰਜਾਬ ਮੇਲ)-** ਲੋਕ ਸਭਾ ਚੋਣਾਂ ’ਚ ਮਿਲੀ ਹਾਰ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ’ਚ ਬਗ਼ਾਵਤ ਦੀਆਂ ਸੁਰਾਂ ਉੱਠਣ ਲੱਗੀਆਂ ਹਨ। ਪਾਰਟੀ ਦੀ ਹੋਂਦ ਬਚਾਉਣ ਲਈ ਲੀਡਰਸ਼ਿਪ ਬਦਲਣ ਨੂੰ ਲੈ ਕੇ ਸਿਆਸਤ ਸ਼ੁਰੂ ਹੋ ਗਈ ਹੈ। ਪਾਰਟੀ ਦੇ ਹੀ ਆਗੂ ਚਰਨਜੀਤ ਸਿੰਘ ਬਰਾੜ ਖੁੱਲ੍ਹ ਕੇ ਪਾਰਟੀ ਦੇ ਆਗੂਆਂ ਖ਼ਿਲਾਫ਼ ਬੋਲੇ ਹਨ।

ਉਨ੍ਹਾਂ ਦਾ ਕਹਿਣਾ ਹੈ ਕਿ ਜੇ ਪਾਰਟੀ ਨੂੰ ਬਚਾਉਣਾ ਹੈ, ਤਾਂ ਕੁਝ ਸਖ਼ਤ ਫ਼ੈਸਲੇ ਲੈਣੇ ਪੈਣਗੇ ਅਤੇ ਉਨ੍ਹਾਂ ’ਤੇ ਅਮਲ ਵੀ ਕਰਨਾ ਹੋਵੇਗਾ। ਉਨ੍ਹਾਂ ਨੇ ਅਕਾਲੀ ਦਲ ਦੇ ਹਾਸ਼ੀਏ ’ਤੇ ਜਾਣ ਕਾਰਨ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਖੁੱਲ੍ਹਾ ਖ਼ਤ ਲਿਖ ਕੇ ਪਾਰਟੀ ਨੂੰ ਮੁੜ ਖੜ੍ਹੀ ਕਰਨ ਲਈ ਸੁਝਾਅ ਦਿੱਤੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਤੇ 2024 ਦੀਆਂ ਲੋਕ ਸਭਾ ਚੋਣਾਂ ’ਚ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਤੋਂ ਬਾਅਦ ਪੰਜਾਬ ਦੇ ਸਿਆਸੀ ਹਲਕਿਆਂ ’ਚ ਇਹ ਸਵਾਲ ਪੁੱਛਿਆ ਜਾ ਰਿਹਾ ਹੈ ਕਿ ਕੀ ਅਕਾਲੀ ਦਲ ਦੁਬਾਰਾ ਮਜ਼ਬੂਤ ਹੋਵੇਗਾ ਵੀ ਜਾਂ ਨਹੀਂ?

ਲੋਕ ਸਭਾ ਚੋਣਾਂ ਤੋਂ ਕੁਝ ਦਿਨ ਪਹਿਲਾਂ ਪਾਰਟੀ ਪ੍ਰਧਾਨ ਨੇ ਆਪਣੇ ਜੀਜੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਸੀ ਤੇ ਕੁਝ ਹੋਰ ਆਗੂਆਂ ਨੂੰ ਵੀ ਕੁਝ ਨੇਤਾਵਾਂ ਨੇ ਬਾਹਰ ਕੱਢਣ ਦੀ ਸਿਫ਼ਾਰਸ਼ ਕੀਤੀ ਸੀ ਪਰ ਉਹ ਫ਼ੈਸਲਾ ਨਹੀਂ ਲੈ ਸਕੇ। ਇਸ ਦਾ ਜ਼ਿਕਰ ਕਰਦਿਆਂ ਚਰਨਜੀਤ ਬਰਾੜ ਨੇ ਦੱਸਿਆ ਕਿ ਕੁਝ ਨੇਤਾਵਾਂ ਨੇ ਮੇਰੇ ਬਾਰੇ ਪ੍ਰਧਾਨ ਨੂੰ ਸਿਫ਼ਾਰਸ਼ ਕੀਤੀ ਸੀ ਪਰ ਬਾਅਦ ’ਚ ਪਾਰਟੀ ਦੇ ਕੁਝ ਨੇਤਾਵਾਂ ਨੇ ਕਿਹਾ ਕਿ ਬਰਾੜ ਨੇ ਤਾਂ ਪਾਰਟੀ ਨੂੰ ਸੁਝਾਅ ਹੀ ਦਿੱਤੇ ਹਨ, ਇਸ ਤੋਂ ਇਲਾਵਾ ਪਾਰਟੀ ਦੇ ਵੱਡੇ ਆਗੂ ਵੀ ਪਾਰਟੀ ਦੇ ਕੰਮਕਾਜ ’ਚ ਸੁਧਾਰ ਦੀ ਮੰਗ ਕਰਦੇ ਆਏ ਹਨ।

ਵਿਧਾਇਕ ਦਲ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਚੋਣ ਨਤੀਜਿਆਂ ਤੋਂ ਬਾਅਦ ਬੁਲਾਈ ਗਈ ਮੀਟਿੰਗ ਤੋਂ ਪੂਰੀ ਤਰ੍ਹਾਂ ਦੂਰ ਰਹੇ ਹਨ। ਕੁਝ ਸੀਨੀਅਰ ਆਗੂ ਤਾਂ ਪਹਿਲਾਂ ਤੋਂ ਹੀ ਪਾਰਟੀਆਂ ਦੀ ਮੀਟਿੰਗ ’ਚ ਨਹੀਂ ਆ ਰਹੇ, ਜਿਨ੍ਹਾਂ ’ਚ ਸੁਖਦੇਵ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਬਿਕਰਮ ਸਿੰਘ ਮਜੀਠੀਆ ਜਿਹੇ ਨਾਂ ਸ਼ਾਮਲ ਹਨ। ਇਸ ਤੋਂ ਇਲਾਵਾ ਸੁਖਦੇਵ ਸਿੰਘ ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਵੀ ਪਾਰਟੀ ਦੀਆਂ ਗਤੀਵਿਧੀਆਂ ਤੋਂ ਦੂਰ ਹੀ ਚੱਲ ਰਹੇ ਹਨ।

# ਸੁਖਬੀਰ ਬਾਦਲ ਨੇ ਈ.ਵੀ.ਐੱਮ. ਹੈਕ ਕਰਨ ਦੇ ਲਾਏ ਦੋਸ਼ਾਂ ਦੀ ਨਿਆਂਇਕ ਜਾਂਚ ਮੰਗੀ



**ਚੰਡੀਗੜ੍ਹ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲੋਕ ਸਭਾ ਚੋਣਾਂ ’ਚ ਈ.ਵੀ.ਐੱਮ. ਨੂੰ ਹੈਕ ਕਰਨ ਦੇ ਲਾਏ ਦੋਸ਼ਾਂ ਦੀ ਨਿਆਂਇਕ ਜਾਂਚ ਦੀ ਮੰਗ ਕੀਤੀ ਹੈ। ਚੋਣ ਕਮਿਸ਼ਨ ਵੱਲੋਂ ਸਿਰਫ਼ ਪੰਜਾਬ ਹੀ ਨਹੀਂ, ਦੇਸ਼ ਭਰ ’ਚ ਵੋਟਿੰਗ ਦੇ ਜਾਰੀ ਅੰਕੜਿਆਂ ’ਚ ਭਾਰੀ ਫ਼ਰਕ ਹੋਣ ਦਾ ਹਵਾਲਾ ਦੇ ਕੇ ਉਨ੍ਹਾਂ ਕਿਹਾ ਕਿ ਉਹ ਸਿਰਫ਼ ਪੰਜਾਬ ’ਚ ਹੀ ਬੇਮੇਲ ਰਹੱਸ ਦੀ ਗੱਲ ਨਹੀਂ ਕਰ ਰਹੇ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਪਹਿਲੇ ਤੇ ਅੰਤਿਮ ਅੰਕੜਿਆਂ ਵਿਚਲਾ ਫ਼ਰਕ 12 ਫ਼ੀਸਦੀ ਹੈ, ਜੋ ਜੇਤੂ ਤੇ ਹਾਰਨ ਵਾਲੇ ਉਮੀਦਵਾਰਾਂ ’ਚ ਜਿੱਤ-ਹਾਰ ਦੇ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਜਿੰਨਾ ਜ਼ਿਆਦਾ ਫ਼ਰਕ ਰਿਹਾ, ਓਨੀਆਂ ਹੀ ਭਾਜਪਾ ਦੀਆਂ ਸੀਟਾਂ ਵੱਧ ਆਈਆਂ।

ਪੰਜਾਬ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਵੱਲੋਂ ਪਹਿਲਾਂ ਜਾਰੀ ਕੀਤੇ ਤੇ ਫਿਰ ਜਾਰੀ ਕੀਤੇ ਅੰਤਿਮ ਅੰਕੜਿਆਂ ’ਚ 6.94 ਫ਼ੀਸਦੀ ਦਾ ਫ਼ਰਕ ਹੈ ਤੇ ਇਹ ਸਿਰਫ਼ ਈ.ਵੀ.ਐੱਮ. ਦੇ ਅੰਕੜਿਆਂ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਕਮਾਲ ਇਹ ਹੈ ਕਿ ਸੂਬੇ ’ਚ ਭਾਜਪਾ ਦਾ ਵੋਟ ਸ਼ੇਅਰ ਵਧ ਕੇ 18.56 ਫ਼ੀਸਦੀ ਹੋ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਤੋਂ ਵੀ ਅਹਿਮ ਇਹ ਹੈ ਕਿ ਚੋਣ ਕਮਿਸ਼ਨ ਨੇ 25 ਮਈ ਨੂੰ ਸੁਪਰੀਮ ਕੋਰਟ ’ਚ ਕਿਹਾ ਸੀ ਕਿ ਈ.ਵੀ.ਐੱਮ. ਦੀ ਗਿਣਤੀ ’ਚ ਕੋਈ ਫ਼ਰਕ ਨਹੀਂ ਆ ਸਕਦਾ ਕਿਉਂਕਿ ਮਸ਼ੀਨਾਂ ’ਚ ਕੋਈ ਗੜਬੜ ਨਹੀਂ ਹੋ ਸਕਦੀ।

ਉਨ੍ਹਾਂ ਨੇ ਸੁਪਰੀਮ ਕੋਰਟ ’ਚ ਚੋਣ ਕਮਿਸ਼ਨ ਵੱਲੋਂ ਕੀਤੇ ਦਾਅਵੇ ਨੂੰ ਹੈਰਾਨੀਜਨਕ ਤੇ ਨਾ ਮੰਨਣਯੋਗ ਕਰਾਰ ਦਿੱਤਾ ਕਿਉਂਕਿ ਚੋਣ ਕਮਿਸ਼ਨ ਨੇ ਵੋਟ ਪ੍ਰਤੀਸ਼ਤ ਤਾਂ ਜਾਰੀ ਕੀਤੀ ਪਰ ਕਿਹਾ ਕਿ ਇੰਨੇ ਘੱਟ ਸਮੇਂ ’ਚ ਅਸਲ ਗਿਣਤੀ ਨਹੀਂ ਦੱਸੀ ਜਾ ਸਕਦੀ। ਉਨ੍ਹਾਂ ਕਿਹਾ ਕਿ ਜਦੋਂ ਅਸਲ ਅੰਕੜੇ ਹੀ ਪਤਾ ਨਹੀਂ, ਤਾਂ ਫਿਰ ਵੋਟ ਫ਼ੀਸਦੀ ਦੀ ਦਰ ਕੱਢਣੀ ਕਿਵੇਂ ਸੰਭਵ ਹੈ? ਜਦੋਂ ਤੁਹਾਨੂੰ ਅੰਕੜੇ ਨਹੀਂ ਪਤਾ ਤਾਂ ਵੋਟ ਫ਼ੀਸਦੀ ਦਾ ਫ਼ੈਸਲਾ ਕਿਵੇਂ ਹੋਇਆ? ਕੀ ਇਨ੍ਹਾਂ ਨੇ ਨਵੇਂ ਗਣਿਤ ਦੀ ਖੋਜ ਕਰ ਲਈ ਹੈ?

# ਮਹਿੰਦਰ ਕੇ.ਪੀ. ਦੇ ਕਾਂਗਰਸ ’ਚ ਮੁੜ ਸ਼ਾਮਲ ਹੋਣ ਦੇ ਚਰਚੇ!

- ਕਾਂਗਰਸੀ ਖੇਮੇ ’ਚ ਮਚੀ ਖਲਬਲੀ



**ਜਲੰਧਰ, (ਪੰਜਾਬ ਮੇਲ)-** ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਨੂੰ ਲੈ ਕੇ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨੇ ਉਮੀਦਵਾਰਾਂ ਦਾ ਐਲਾਨ ਕਰਕੇ ਬਾਜ਼ੀ ਮਾਰ ਲਈ ਹੈ ਪਰ ਕਾਂਗਰਸ ਅਜੇ ਵੀ 21 ਦੇ ਚੱਕਰਵਿਊ ਵਿਚ ਫਸੀ ਦਿਸ ਰਹੀ ਹੈ। ਲੱਗਦਾ ਹੈ ਕਿ ਅਜੇ ਕਾਂਗਰਸੀ ਉਮੀਦਵਾਰ ਦੇ ਨਾਂ ਦੇ ਐਲਾਨ ਵਿਚ 1-2 ਦਿਨ ਦੀ ਹੋਰ ਉਡੀਕ ਕਰਨੀ ਪੈ ਸਕਦੀ ਹੈ।

ਪਰ ਕਾਂਗਰਸ ਵਿਚ ਅਚਾਨਕ ਨਵੇਂ ਸਮੀਕਰਨ ਬਣਦੇ ਸੁਣਨ ਨੂੰ ਮਿਲੇ, ਜਿਸ ਵਿਚ ਕਿਆਸ ਅਰਾਈਆਂ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਕਿ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ, ਸਾਬਕਾ ਮੰਤਰੀ ਅਤੇ ਸਾਬਕਾ ਪ੍ਰਦੇਸ਼ ਕਾਂਗਰਸ ਪ੍ਰਧਾਨ ਅਤੇ ਮੌਜੂਦਾ ਸਮੇਂ ਅਕਾਲੀ ਆਗੂ ਮਹਿੰਦਰ ਸਿੰਘ ਕੇ.ਪੀ. ਕਾਂਗਰਸ ਵਿਚ ਸ਼ਾਮਲ ਹੋ ਰਹੇ ਹਨ ਅਤੇ ਪਾਰਟੀ ਉਨ੍ਹਾਂ ਨੂੰ ਵੈਸਟ ਵਿਧਾਨ ਸਭਾ ਹਲਕੇ ਤੋਂ ਚੋਣ ਮੈਦਾਨ ਵਿਚ ਉਤਾਰੇਗੀ, ਹਾਲਾਂਕਿ ਕੇ.ਪੀ. ਖੇਮੇ ਨੇ ਅਜਿਹੀ ਕਿਸੇ ਵੀ ਜੁਆਈਨਿੰਗ ਨੂੰ ਲੈ ਕੇ ਚੱਲ ਰਹੀਆਂ ਕਿਆਸ ਅਰਾਈਆਂ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ ਹੈ, ਪਰ ਕਾਂਗਰਸ ਵਿਚ ਕੇ.ਪੀ. ਦੇ ਆਉਣ ਦੀ ਦਸਤਕ ਨਾਲ ਇਕ ਤਰ੍ਹਾਂ ਨਾਲ ਖਲਬਲੀ ਮਚ ਗਈ ਹੈ।

ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਵੈਸਟ ਹਲਕੇ ਤੋਂ ਟਿਕਟ ਦੇ ਦਾਅਵੇਦਾਰਾਂ ਦੇ ਮੋਬਾਈਲਾਂ ਦੀਆਂ ਘੰਟੀਆਂ ਵੱਜੀਆਂ ਅਤੇ ਉਨ੍ਹਾਂ ਨੂੰ 66 ਫੁੱਟੀ ਰੋਡ ’ਤੇ ਇਕੱਠੇ ਹੋਣ ਦਾ ਸੰਦੇਸ਼ ਦਿੱਤਾ ਗਿਆ, ਜਿਥੇ ਹਲਕੇ ਦੇ ਦਾਅਵੇਦਾਰ ਅਤੇ ਕਾਂਗਰਸੀ ਆਗੂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਦੇ ਸਾਹਮਣੇ ਪੇਸ਼ ਕੀਤੇ ਗਏ ਅਤੇ ਉਨ੍ਹਾਂ ਕੇ.ਪੀ. ਦੀ ਕਾਂਗਰਸ ਵਿਚ ਐਂਟਰੀ ਦਾ ਵਿਰੋਧ ਜਤਾਇਆ।

ਉਕਤ ਦਾਅਵੇਦਾਰਾਂ ਨੇ ਕਿਹਾ ਕਿ ਹਾਈਕਮਾਨ ਉਨ੍ਹਾਂ ਵਿਚੋਂ ਕਿਸੇ ਨੂੰ ਟਿਕਟ ਦੇਵੇ, ਤਾਂ ਉਹ ਐਲਾਨੇ ਉਮੀਦਵਾਰ ਦਾ ਸਮਰਥਨ ਕਰਨਗੇ ਪਰ ਜੇਕਰ ਕੇ.ਪੀ. ਨੂੰ ਪਾਰਟੀ ਵਿਚ ਸ਼ਾਮਲ ਕਰ ਕੇ ਉਮੀਦਵਾਰ ਬਣਾਇਆ ਗਿਆ, ਤਾਂ ਉਹ ਚੋਣ ਪ੍ਰਚਾਰ ਤੋਂ ਦੂਰੀ ਬਣਾ ਲੈਣਗੇ।

ਹਾਲਾਂਕਿ ਸੰਸਦ ਮੈਂਬਰ ਚੰਨੀ ਨੇ ਵੀ ਅਜਿਹਾ ਕਥਨ ਕਹਿ ਕੇ ਸਭ ਨੂੰ ਕਿਹਾ ਕਿ ਟਿਕਟ ਸਿਰਫ ਹਲਕੇ ਨਾਲ ਸਬੰਧਤ ਕਾਂਗਰਸੀਆਂ ਵਿਚੋਂ ਹੀ ਕਿਸੇ ਇਕ ਨੂੰ ਮਿਲੇਗੀ। ਇਸ ਦੌਰਾਨ ਸੰਸਦ ਮੈਂਬਰ ਚੰਨੀ ਨੇ ਮੌਕੇ ’ਤੇ ਹੀ ਕਾਂਗਰਸ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੇਵੇਂਦਰ ਯਾਦਵ ਨੂੰ ਫੋਨ ਕਰਕੇ ਉਨ੍ਹਾਂ ਨੂੰ ਦਾਅਵੇਦਾਰਾਂ ਦੀਆਂ ਭਾਵਨਾਵਾਂ ਤੋਂ ਜਾਣੂ ਕਰਵਾਇਆ। ਇਸ ਭਰੋਸੇ ਉਪਰੰਤ ਸਾਰੇ ਦਾਅਵੇਦਾਰ ਵਾਪਸ ਮੁੜ ਗਏ।



# ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅੰਮ੍ਰਿਤਸਰ ਹੈਰੀਟੇਜ ਸਟਰੀਟ ਦੇ ਨਵੀਨੀਕਰਨ ਦੀ ਲੋੜ 'ਤੇ ਜ਼ੋਰ

**■ ਸ਼ਰਧਾਲੂਆਂ ਦੀ ਸਹੂਲਤ ਲਈ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਸਥਾਪਿਤ ਕੀਤੇ ਜਾਣਗੇ ਸੂਚਨਾ ਕੇਂਦਰ**



ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਥੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰਦਿਆਂ ਅੰਮ੍ਰਿਤਸਰ ਹੈਰੀਟੇਜ ਸਟਰੀਟ ਦੇ ਨਵੀਨੀਕਰਨ ਸਬੰਧੀ ਵੱਖ-ਵੱਖ ਕਾਰਜਾਂ ਨੂੰ ਜਲਦ ਸ਼ੁਰੂ ਕਰਨ ਲਈ ਕਿਹਾ ਹੈ। ਦੱਸਣਯੋਗ ਹੈ ਕਿ ਇਸ ਨਵੀਨੀਕਰਨ ਤਹਿਤ ਹੈਰੀਟੇਜ ਸਟਰੀਟ ਨੂੰ ਜਲਦ ਹੀ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ।

ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਦੀ ਸ਼ਮੂਲੀਅਤ ਵਾਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸ. ਸੰਧਵਾਂ ਨੇ ਹੈਰੀਟੇਜ ਸਟਰੀਟ ਤੋਂ ਨਾਜਾਇਜ਼ ਕਬਜ਼ਿਆਂ ਨੂੰ ਹਟਾ ਕੇ ਇਤਿਹਾਸਕ ਸ਼ਹਿਰ ਦੀਆਂ ਮਹੱਤਵਪੂਰਨ ਥਾਵਾਂ 'ਤੇ ਸੂਚਨਾ ਕੇਂਦਰ ਸਥਾਪਤ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਸੈਲਾਨੀਆਂ ਦੀ ਸਹੂਲਤ ਲਈ ਪਾਰਕਿੰਗ ਵਾਲੀਆਂ ਥਾਵਾਂ 'ਤੇ ਢੁਕਵੀਂ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਦੇ ਪ੍ਰਬੰਧਾਂ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ। ਸਪੀਕਰ ਨੇ ਅਧਿਕਾਰੀਆਂ ਨੂੰ ਹੈਰੀਟੇਜ ਸਟਰੀਟ 'ਚ ਲੱਗੇ ਗਿੱਧੇ-ਭੰਗੜੇ ਦੇ ਬੁੱਤਾਂ ਤੋਂ ਇਲਾਵਾ ਇਥੇ ਜੰਗੀ ਨਾਇਕਾਂ ਦੇ ਬੁੱਤ ਲਗਾਉਣ ਦੇ ਨਿਰਦੇਸ਼ ਵੀ ਦਿੱਤੇ, ਜੋ ਸੂਬੇ ਦੇ ਅਮੀਰ ਇਤਿਹਾਸ ਅਤੇ ਸੱਭਿਆਚਾਰਕ ਵਿਰਾਸਤ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਮੀਟਿੰਗ ਵਿਚ ਸਥਾਨਕ ਸਰਕਾਰਾਂ, ਸੈਰ ਸਪਾਟਾ, ਨਗਰ ਨਿਗਮ, ਸੁਧਾਰ ਟਰੱਸਟ, ਯੋਜਨਾਬੰਦੀ ਬੋਰਡ, ਅੰਮ੍ਰਿਤਸਰ ਵਿਕਾਸ ਅਥਾਰਟੀ ਅਤੇ ਹੋਰ ਸਬੰਧਤ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਇਸ ਨਵੀਨੀਕਰਨ ਦੇ ਨਾਲ ਅੰਮ੍ਰਿਤਸਰ ਹੈਰੀਟੇਜ ਸਟਰੀਟ ਸੂਬੇ ਦੇ ਅਮੀਰ ਇਤਿਹਾਸ, ਸੱਭਿਆਚਾਰ ਅਤੇ ਵਾਸਤੂ-ਕਲਾ ਦੀ ਝਲਕ ਪੇਸ਼ ਕਰਦਿਆਂ ਵਿਸ਼ਵ ਪੱਧਰ 'ਤੇ ਸੈਰ-ਸਪਾਟਾ ਦੇ ਮਹੱਤਵਪੂਰਨ ਕੇਂਦਰ ਵਜੋਂ ਉਭਰੇਗੀ।

# ਪੰਜਾਬ ਪੁਲਿਸ ਵੱਲੋਂ ਨਸ਼ਿਆਂ ਵਿਰੁੱਧ ਵਿਸ਼ੇਸ਼ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਪੁਲਿਸ ਵੱਲੋਂ ਜਿੱਥੇ ਨਸ਼ਾ ਤਸਕਰਾਂ 'ਤੇ ਨਕੇਲ ਕੱਸੀ ਜਾ ਰਹੀ ਹੈ, ਉਥੇ ਹੀ ਪੰਜਾਬ ਪੁਲਿਸ ਵੱਲੋਂ ਇਸ ਗੰਭੀਰ ਸਮੱਸਿਆ ਵਿਰੁੱਧ ਲੜਾਈ ਦੌਰਾਨ ਆਮ ਲੋਕਾਂ ਵਿਚ ਏਕਤਾ ਅਤੇ ਸਹਿਯੋਗ ਦੀ ਭਾਵਨਾ ਪੈਦਾ ਕਰਨ ਵਾਸਤੇ ਵਿਸ਼ੇਸ਼ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਗਈ ਹੈ। ਨਸ਼ਿਆਂ ਵਿਰੁੱਧ ਇਸ ਵਿਸ਼ੇਸ਼ ਜਾਗਰੂਕਤਾ ਮੁਹਿੰਮ ਤਹਿਤ ਪੁਲਿਸ ਕਮਿਸ਼ਨਰ ਅਤੇ ਸੀਨੀਅਰ ਪੁਲਿਸ ਕਪਤਾਨ (ਸੀ.ਪੀਜ਼/ਐੱਸ.ਐੱਸ.ਪੀਜ਼) ਆਪੋ-ਆਪਣੇ ਜ਼ਿਲ੍ਹਿਆਂ 'ਚ ਵੱਖ-ਵੱਖ ਸਮਾਗਮਾਂ ਦਾ ਆਯੋਜਨ ਕਰਨਗੇ, ਤਾਂ ਜੋ ਆਮ ਲੋਕਾਂ, ਨੌਜਵਾਨਾਂ, ਗੈਰ-ਸਰਕਾਰੀ ਸੰਸਥਾਵਾਂ (ਐੱਨ.ਜੀ.ਓਜ਼), ਕਲੱਬਾਂ ਆਦਿ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਕੇ ਇਸ ਲੜਾਈ ਦਾ ਹਿੱਸਾ ਬਣਾਇਆ ਜਾ ਸਕੇ। ਇਸ ਮੁਹਿੰਮ ਦੌਰਾਨ ਬਾਸਕਟਬਾਲ ਟੂਰਨਾਮੈਂਟ, ਕਬੱਡੀ, ਕ੍ਰਿਕਟ ਮੈਚ, ਵਾਲੀਬਾਲ, ਫੁੱਟਬਾਲ, ਸਾਈਕਲੋਥਨ, ਜਾਗਰੂਕਤਾ ਕੈਂਪ, ਨਾਟਕ, ਨੁੱਕੜ ਨਾਟਕ, ਮੈਰਾਥਨ, ਸੈਮੀਨਾਰ ਅਤੇ ਜਨਤਕ ਮੀਟਿੰਗਾਂ ਸਮੇਤ ਵੱਖ-ਵੱਖ ਸਮਾਗਮ ਕਰਵਾਏ ਜਾਣਗੇ।

# ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਲਈ 316 ਸ਼ਰਧਾਲੂਆਂ ਨੂੰ ਮਿਲੇ ਵੀਜ਼ੇ

**■ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ 21 ਜੂਨ ਨੂੰ ਰਵਾਨਾ ਹੋਵੇਗਾ ਸਿੱਖ ਸ਼ਰਧਾਲੂਆਂ ਦਾ ਜਥਾ**



ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ 316 ਸ਼ਰਧਾਲੂਆਂ ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਇਹ ਜਥਾ 21 ਜੂਨ ਨੂੰ ਪਾਕਿਸਤਾਨ ਲਈ ਰਵਾਨਾ ਹੋਵੇਗਾ। ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਸਬੰਧੀ ਗੁਰਦੁਆਰਾ ਸ੍ਰੀ ਡੇਰਾ ਸਾਹਿਬ ਲਾਹੌਰ ਵਿਖੇ ਹੋਣ ਵਾਲੇ ਸਮਾਗਮ 'ਚ ਸ਼ਮੂਲੀਅਤ ਕਰਨ ਦੇ ਨਾਲ ਪਾਕਿਸਤਾਨ ਸਥਿਤ ਹੋਰ ਗੁਰਧਾਮਾਂ ਦੇ ਦਰਸ਼ਨਾਂ ਲਈ 339 ਸ਼ਰਧਾਲੂਆਂ ਦੇ ਪਾਸਪੋਰਟ ਵੀਜ਼ਾ ਲਗਵਾਉਣ ਲਈ ਭੇਜੇ ਗਏ ਸਨ, ਜਿਨ੍ਹਾਂ ਵਿਚੋਂ 316 ਨੂੰ ਵੀਜ਼ੇ ਪ੍ਰਾਪਤ ਹੋਏ ਹਨ। ਉਨ੍ਹਾਂ ਦੱਸਿਆ ਕਿ ਦਿੱਲੀ ਸਥਿਤ ਪਾਕਿਸਤਾਨ ਦੂਤਾਵਾਸ ਵੱਲੋਂ 23 ਸ਼ਰਧਾਲੂਆਂ ਦੇ ਨਾਮ ਕੱਟ ਦਿੱਤੇ ਗਏ ਹਨ। ਇਹ ਜਥਾ 21 ਜੂਨ ਨੂੰ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਰਵਾਨਾ ਕੀਤਾ ਜਾਵੇਗਾ, ਜੋ 30 ਜੂਨ ਨੂੰ ਵਾਪਸ ਦੇਸ਼ ਪਰਤ ਆਵੇਗਾ।


## MATRIMONIAL

ਖੱਤਰੀ ਰਾਮਗੜ੍ਹੀਆ ਸਿੱਖ ਲੜਕਾ 26, ਬੀ.ਏ., 6'-2" ਬਰੈਂਪਟਨ ਵਿੱਚ ਕੱਚਾ, ਲਈ ਕੈਨੇਡਾ ਪੀ.ਆਰ. ਢੁੱਕਵੀਂ ਕੰਨਿਆਂ ਲੋੜੀਂਦੀ ਹੈ। ਸੰਪਰਕ : ਸਤਵੀਰ ਸਿੰਘ ਚਾਨੀਆਂ, 92569-73526 (ਇੰਡੀਆ)


# ਪ੍ਰਵਾਸੀ ਮਜ਼ਦੂਰ ਵੱਲੋਂ ਪੰਜਾਬੀ ਵਿਅਕਤੀ ਦਾ ਕਤਲ



ਨਡਾਲਾ, (ਪੰਜਾਬ ਮੇਲ)- ਪਿੰਡ ਰਾਏਪੁਰ ਅਰਾਈਆਂ ਮੰਡ ਵਿਖੇ ਇਕ ਪ੍ਰਵਾਸੀ ਮਜ਼ਦੂਰ ਤੇ ਪੰਜਾਬੀ ਮਜ਼ਦੂਰ ਵਿਚਾਲੇ ਸ਼ਰਾਬੀ ਹਾਲਤ 'ਚ ਬਹਿਸ ਹੋ ਗਈ, ਜਿਸ ਦੌਰਾਨ ਪ੍ਰਵਾਸੀ ਨੇ ਪੰਜਾਬੀ ਮਜ਼ਦੂਰ ਨੂੰ ਸਿਰ 'ਚ ਲੋਹੇ ਦੀ ਰਾਡ ਮਾਰ-ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮ੍ਰਿਤਕ ਦੀ ਪਛਾਣ ਮੰਗਤ ਰਾਮ ਉਰਫ ਮੰਗੀ ਪੁੱਤਰ ਬਾਵਾ ਵਾਸੀ ਰਾਏਪੁਰ ਅਰਾਈਆਂ ਵਜੋਂ ਹੋਈ ਹੈ।

ਘਟਨਾ ਦੀ ਸੂਚਨਾ ਮਿਲਦੇ ਸਾਰ ਹੀ ਰਾਤ ਥਾਣਾ ਮੁਖੀ ਢਿੱਲਵਾਂ ਸੁਖਬੀਰ ਸਿੰਘ ਪੁਲਿਸ ਪਾਰਟੀ ਸਣੇ ਮੌਕੇ 'ਤੇ ਪੁੱਜੇ ਤੇ ਲਾਸ਼ ਨੂੰ ਕਬਜ਼ੇ 'ਚ ਲਿਆ। ਉਧਰ, ਮਾਮਲੇ ਦੀ ਜਾਂਚ ਕਰ ਰਹੇ ਏ.ਐੱਸ.ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਪ੍ਰਵਾਸੀ ਮਜ਼ਦੂਰ ਸੁਸ਼ੀਲ ਕੁਮਾਰ ਵਾਸੀ ਗਾਮੇਲ, ਜ਼ਿਲ੍ਹਾ ਮਾਧੋਪੁਰ (ਬਿਹਾਰ) ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਹੈ। ਪੋਸਟਮਾਰਟਮ ਕਰਵਾ ਕੇ ਲਾਸ਼ ਵਾਰਿਸਾਂ ਦੇ ਹਵਾਲੇ ਕਰ ਦਿੱਤੀ ਗਈ ਹੈ।


## ਪੰਜਾਬ ਮੇਲ 'ਚ ਮੁਫਤ ਮੈਟਰੀਮੋਨੀਅਲ ਇਸ਼ਤਿਹਾਰ ਲਗਾਉਣ ਲਈ 916-320-9444 'ਤੇ ਸੰਪਰਕ ਕਰੋ।

## MATRIMONIAL

Jatt Sikh boy, 6'-00", 32, Registered Nurse, Pure Vegetarian, Work Permit holder, Bay Area resident, looking for a family oriented match. Parents Green Card holders. Contact: +1-510-453-0085.

## ਕੰਨਿਆ ਦੀ ਲੋੜ

ਅਮਰੀਕਾ ਦੇ ਗਰੀਨ ਕਾਰਡ ਹੋਲਡਰ, ਟਾਂਕ ਕਸ਼ੱਤਰੀ ਲੜਕਾ, ਉਮਰ 32 ਸਾਲ, ਕੱਦ 6 ਫੁੱਟ, ਸਾਊ, ਨਸ਼ਿਆਂ ਤੋਂ ਰਹਿਤ, ਮਿਹਨਤੀ, ਵਿੱਦਿਆ ਗਰੇਡ 12, ਮਾਲਵੇ ਨਾਲ ਸਬੰਧਿਤ ਲਈ ਕੈਨੇਡਾ ਜਾਂ ਅਮਰੀਕਾ ਵਿਚ ਨਾਗਰਿਕਤਾ ਪ੍ਰਾਪਤ ਯੋਗ ਕੰਨਿਆ ਦੀ ਲੋੜ ਹੈ। ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲਡ ਹੈ। ਸੰਪਰਕ ਕਰੋ : +1 (206) 353-6341, ਕੈਨੇਡਾ : 416-509-6200

## ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਰਾਮਗੜ੍ਹੀਆ ਸਿੱਖ ਮੁੰਡਾ, ਜਨਮ 1984, 5'-10", ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਸੰਪਰਕ : +1(510) 200-1772

## MATRIMONIAL

Jath Sikh, 28 yrs, height 6'-2" feet, Australia work Visa Holder since 2022 (At present in Australia), Study : BTech Productions 2017 (GNE Ludhiana). Mother Retired principal (Govt Of Punjab) USA GREEN CARD HOLDER. Looking for a USA Citizen Girl. for Contact # 951-934-8655

## MATRIMONIAL

Lovepreet Singh Gill, 26 yrs old, 5'11". US citizen, own small trucking company, living in Sacramento CA

## MATRIMONIAL

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1-572-273-4588.

## MATRIMONIAL

Seeking alliance for a beautiful 33 year old Sikh Rajput girl height 5'3" Canadian citizen in US. Family is well settled in US. Innocently divorced shortly after marriage. Looking for a Green card holder or US citizen boy. Upper caste-no bar. Please send pictures and bio data on (510) 506-2319

## MATRIMONIAL

Jath Sikh, 32 yrs, height 6 feet, USA Multiple Visa Holder 10 years, Study BTech Electronics and Communications (GNE Ludhiana 2013), MEngg. Electrical and Computer Eng (Ottawa Carlton University Canada 2017. Mother Retired principal (Govt Of Punjab) USA GREEN CARD HOLDER. Looking for a USA Citizen Girl. Contact # 951-934-8655

# ਅਮਿੱਟ ਪੈੜਾਂ ਛੱਡ ਗਿਆ ਗੋਲਡਨ ਪੈਲੇਸ ਫਰਿਜ਼ਨੋ ਵਿਖੇ ਹੋਇਆ ਅਤਿ ਮਿਆਰੀ ਪ੍ਰੋਗਰਾਮ






**ਫਰਿਜ਼ਨੋ, (ਪੰਜਾਬ ਮੇਲ)-** ਕੁਲਦੀਪ ਤੇ ਗੈਰੀ ਜੋੜੀ ਨੇ ਫਰਿਜ਼ਨੋ ਵਿਖੇ ਗੋਲਡਨ ਪੈਲੇਸ ਬਣਾਇਆ ਹੋਇਆ ਹੈ। ਇਸ ਹਾਲ ਵਿਚ ਤੀਆਂ ਅਤੇ ਬਰਾਈਡਲ ਐਕਸਪੋ 2024 ਪ੍ਰੋਗਰਾਮ ਪੂਰੀ ਸ਼ਾਨੋ-ਸ਼ੌਕਤ ਨਾਲ ਨੇਪਰੇ ਚੜ੍ਹਿਆ। ਇਹ ਪ੍ਰੋਗਰਾਮ ਸਿਰਫ਼ ਤੇ ਸਿਰਫ਼ ਬੱਚੀਆਂ ਤੇ ਬੀਬੀਆਂ ਭੈਣਾਂ ਲਈ ਆਯੋਜਿਤ ਕੀਤਾ ਗਿਆ ਸੀ। ਇਸ ਮੌਕੇ ਨਵਕੀਰਤ ਕੌਰ ਚੀਮਾ ਅਤੇ ਪੁਸ਼ਪਿੰਦਰ ਕੌਰ ਦਾ ਵਿਸ਼ੇਸ਼ ਸਹਿਯੋਗ ਰਿਹਾ।

ਜਿਊਲਰੀ ਤੇ ਕੱਪੜਿਆਂ ਦੀਆਂ ਸਟਾਲਾਂ, ਡੈਕੋਰੇਸ਼ਨ ਸਟਾਲਾਂ ਤੇ ਖਾਣੇ ਦੀਆਂ ਸਟਾਲਾਂ ਬਿਲਕੁਲ ਸੈੱਟ ਸਨ।

ਕੁਲਦੀਪ ਕੌਰ ਨੇ ਸਟੇਜਾਂ ਦੀ ਮਲਿਕਾ ਆਸ਼ਾ ਸ਼ਰਮਾ ਨੂੰ ਸਟੇਜ ਸੰਭਾਲਣ ਦਾ ਸੱਦਾ ਦਿੱਤਾ। ਸਟੇਜ 'ਤੇ ਆਉਂਦਿਆਂ ਹੀ ਉਨ੍ਹਾਂ ਆਪਣੇ ਵੱਖਰੇ ਅੰਦਾਜ਼ ਵਿਚ ਸਭ ਨੂੰ ਜੀ ਆਇਆਂ ਕਿਹਾ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਪ੍ਰੋਗਰਾਮ ਦੇ ਮੁਕਾਬਲਿਆਂ ਦੇ ਜੱਜਾਂ ਨੂੰ ਸਟੇਜ 'ਤੇ ਚੋਣਵੇਂ ਸ਼ਬਦਾਂ ਦੇ ਸੰਬੋਧਨ ਨਾਲ ਆਸ਼ਾ ਸ਼ਰਮਾ ਨੇ ਬੁਲਾਇਆ। ਡਾਕਟਰ ਮੋਨਿਕਾ ਚਾਹਲ ਵਾਇਸ ਪ੍ਰੈਜੀਡੈਂਟ ਕਲੋਵਿਸ ਕਮਿਊਨਿਟੀ ਕਾਲਜ, ਸ਼੍ਰੀਮਤੀ ਮਨਜੀਤ ਕੌਰ ਸੇਖੋਂ ਪ੍ਰਸਿੱਧ ਪੰਜਾਬੀ ਲੇਖਿਕਾ। ਜੋਤਨ ਗਿੱਲ ਪ੍ਰਸਿੱਧ ਬਿਜ਼ਨੈੱਸ ਵੋਮੇਨ, ਸ਼ਗਨ ਵੜੈਚ ਪ੍ਰਸਿੱਧ ਗਿੱਧਾ ਕੋਚ, ਜੋਤ ਰਣਜੀਤ ਸਿੰਗਰ ਤੇ ਮੀਡੀਆ ਵੋਮੇਨ ਨਵਪ੍ਰੀਤ ਗਿੱਲ, ਮਿਸ ਪੰਜਾਬਣ ਬੇਸਟ ਡਾਂਸਰ ਰਾਜ ਮਾਨ ਮਿਸਿਜ਼ ਪੰਜਾਬਣ 2019 ਜੱਜਾਂ ਵਜੋਂ ਸ਼ੁਸ਼ੋਭਿਤ ਹੋਏ।

ਮੁਟਿਆਰਾਂ ਨੇ ਗਿੱਧੇ ਦਾ ਪਿੜ ਬੰਨ੍ਹਿਆ। ਓਲਡ ਸਕੂਲ ਭੰਗੜਾਂ ਦੀ ਪੇਸ਼ਕਾਰੀ ਕਮਾਲ ਸੀ ਤੇ ਸੈਂਟਰਲ ਵਿਲੇ ਭੰਗੜਾ ਵਾਲਿਆਂ ਨੇ ਖੂਬ ਵਾਹ-ਵਾਹ ਖੱਟੀ। ਮਾਣਮੱਤੀਆਂ ਮਜਾਜਣਾਂ ਨੇ ਜਿਵੇਂ ਸਭ ਦਾ ਮਨ ਹੀ ਮੋਹ ਲਿਆ।

ਸੰਗੀਤ ਮੁਕਾਬਲੇ ਵਿਚ ਰੂਬੀ ਰੈਡ ਤੇ ਰਮਨਦੀਪ ਗਿੱਲ ਨੇ ਕਮਾਲ ਦਾ ਰੰਗ ਬੰਨ੍ਹਿਆ। ਡੁਏਟ ਡਾਂਸ ਵਿਚ ਅੰਮ੍ਰਿਤ ਕੈਂਥ ਤੇ ਸਿਮਰਨ ਕੈਂਥ ਦੀ ਜੋੜੀ ਤੇ ਅਰੀਤ ਧਾਲੀਵਾਲ ਤੇ ਰੂਹਾਨੀ ਬਰਾੜ ਦੀ ਜੋੜੀ ਨੇ ਵਾਹ-ਵਾਹ ਖੱਟੀ। ਸੋਲੋ ਡਾਂਸ ਵਿਚ ਪ੍ਰੀਤ ਚੱਗਰ, ਸਰੀਨ ਸਿੱਧੂ, ਭਵਲੀਨ ਗਿੱਲ, ਐਸਲੀਨ ਜੌਹਲ, ਰਮਨੀਤ ਸੈਣੀ, ਨਮਰ ਚੀਮਾ ਤੇ ਕੋਮਲ ਢਿੱਲੋਂ ਨੇ ਕਮਾਲਾਂ ਕੀਤੀਆਂ। ਮਹਿੰਦੀ ਲਈ 'ਕਰਮਜੀਤ ਕੌਰ' ਨੇ ਤਾਂ ਸਭ ਦਾ ਮਨ ਹੀ ਮੋਹ ਲਿਆ। ਸਭ ਤੋਂ ਦਿਲਕਸ਼ ਮੁਕਾਬਲੇ ਸਨ ਆਟੇ ਦੇ ਪੇੜੇ ਬਣਾਉਣ ਦੇ, ਲਸਣ ਛਿੱਲਣ ਦੇ, ਬਟਨ ਲਗਾਉਣ ਦੇ।

ਇਸ ਮੌਕੇ ਮਨਜੀਤ ਕੌਰ ਸੇਖੋਂ ਦੀ ਪੁਸਤਕ "ਵਿਆਹ ਗੀਤਾਂ ਦੀ ਅਮਰਵੇਲ ਬਦਲਦੇ ਰੂਪ" ਵੀ ਲੋਕ ਅਰਪਨ ਕੀਤੀ ਗਈ। ਕੁੱਲ ਮਿਲਾ ਕੇ ਇਹ ਪ੍ਰੋਗਰਾਮ ਆਪਣੀ ਹੀ ਕਿਸਮ ਦਾ ਬਹੁਤ ਹੀ ਮਿਆਰੀ ਪ੍ਰੋਗਰਾਮ ਸੀ।

# ਕੈਲੀਫੋਰਨੀਆ 'ਚ ਪੰਜਾਬੀ ਸੀਨੀਅਰ ਚੋਬਰਾਂ ਨੇ ਜਿੱਤੇ ਮੈਡਲ



**ਫਰਿਜ਼ਨੋ, (ਪੰਜਾਬ ਮੇਲ)-** ਐਤਵਾਰ 16 ਜੂਨ, 2024 ਨੂੰ ਬੇ ਏਰੀਆ ਵਿਖੇ ਸੀਨੀਅਰਜ਼ ਗੇਮਜ਼ ਹੋਈਆਂ। ਇਹ ਟ੍ਰੈਕ ਐਂਡ ਫੀਲਡ ਮੀਟ ਸੈਨ ਮਾਟੇਓ, ਕੈਲੀਫੋਰਨੀਆ ਦੇ ਸੈਨ ਮਾਟੇਓ ਸਿਟੀ ਕਾਲਜ ਸਟੇਡੀਅਮ ਵਿਚ ਹੋਈਆਂ। ਇਨ੍ਹਾਂ ਗੇਮਾਂ ਵਿਚ ਫਰਿਜ਼ਨੋ ਅਤੇ ਮਨਟੀਕਾ ਤੋਂ 7 ਅਥਲੀਟਾਂ ਨੇ ਵੱਖ-ਵੱਖ ਉਮਰ ਸਮੂਹਾਂ ਅਤੇ ਫੀਲਡ ਅਤੇ ਟਰੈਕ ਈਵੈਂਟਾਂ ਵਿਚ ਹਿੱਸਾ ਲਿਆ ਤੇ ਕੁੱਲ 20 ਤਗਮੇ ਜਿੱਤੇ। ਇਸ ਮੀਟ ਵਿਚ ਭਾਗ ਲੈਣ ਲਈ ਕੈਲੀਫੋਰਨੀਆ ਰਾਜ ਦੇ ਲਗਭਗ 200 ਐਥਲੀਟ ਪਹੁੰਚੇ ਹੋਏ ਸਨ।

ਫਰਿਜ਼ਨੋ ਤੋ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਹੈਮਰ ਥਰੋਅ ਵਿਚ ਗੋਲਡ ਮੈਡਲ ਡਿਸਕਸ ਥ੍ਰੋ ਵਿਚ ਗੋਲਡ ਗੋਲਡ ਮੈਡਲ ਅਤੇ ਜੈਵਲਿਨ ਥਰੋਅ ਵਿਚ ਗੋਲਡ ਮੈਡਲ ਜਿੱਤਿਆ।

ਰਣਧੀਰ ਸਿੰਘ ਵਿਰਕ ਨੇ ਹੈਮਰ ਥਰੋਅ ਵਿਚ ਗੋਲਡ ਮੈਡਲ ਅਤੇ ਡਿਸਕਸ਼ਨ ਥਰੋਅ, ਸ਼ਾਟ ਪੁਟ, ਜੈਵਲਿਨ ਥਰੋਅ ਅਤੇ 50 ਮੀਟਰ ਡੈਸ਼ ਰੇਸ ਵਿਚ 4 ਚਾਂਦੀ ਦੇ ਤਗਮੇ ਜਿੱਤੇ।

ਫਰਿਜ਼ਨੋ ਦੇ ਕਮਲਜੀਤ ਸਿੰਘ ਬੈਨੀਪਾਲ ਨੇ 400 ਮੀਟਰ ਦੌੜ ਵਿਚ ਕਾਂਸੀ ਦਾ ਤਗਮਾ ਜਿੱਤਿਆ ਅਤੇ 800 ਮੀਟਰ ਦੌੜ ਵਿਚ ਸੋਨ ਤਗਮਾ ਜਿੱਤਿਆ। ਹਰਦੀਪ ਸਿੰਘ ਸੰਘੇੜਾ ਨੇ 400 ਮੀਟਰ ਵਿਚ ਚਾਂਦੀ ਦਾ ਤਗਮਾ ਜਿੱਤਿਆ। ਫਰਿਜ਼ਨੋ ਦੇ ਪਵਿੱਤਰ ਸਿੰਘ ਕਲੇਰ ਨੇ ਉੱਚੀ ਛਾਲ ਵਿਚ ਚਾਂਦੀ ਦਾ ਤਗਮਾ ਜਿੱਤਿਆ। ਮਨਟੀਕਾ ਦੇ ਰਜਿੰਦਰ ਸਿੰਘ ਸੇਖੋਂ ਨੇ 400 ਮੀਟਰ ਵਿਚ ਗੋਲਡ ਮੈਡਲ ਅਤੇ 800 ਮੀਟਰ ਵਿਚ ਗੋਲਡ ਮੈਡਲ ਜਿੱਤਿਆ।

ਮਨਟੀਕਾ ਦੇ ਦਰਸ਼ਨ ਸਿੰਘ ਨੇ 200 ਮੀਟਰ ਵਿਚ ਗੋਲਡ ਮੈਡਲ ਅਤੇ 100 ਮੀਟਰ ਵਿਚ ਕਾਂਸੀ ਦਾ ਤਗਮਾ ਜਿੱਤਿਆ।

ਇਸ ਤੋਂ ਇਲਾਵਾ ਹਰਦੀਪ ਸਿੰਘ ਸੰਘੇੜਾ, ਕਮਲਜੀਤ ਸਿੰਘ ਬੈਨੀਪਾਲ, ਰਜਿੰਦਰ ਸਿੰਘ ਸੇਖੋਂ ਅਤੇ ਦਰਸ਼ਨ ਸਿੰਘ ਦੀ ਟੀਮ ਨੇ 4×100 ਮੀਟਰ ਰਿਲੇਅ ਦੌੜ ਵਿਚ ਚਾਂਦੀ ਦਾ ਤਗਮਾ ਜਿੱਤਿਆ। ਇਨ੍ਹਾਂ ਸਾਰੇ ਪੰਜਾਬੀ ਸੀਨੀਅਰ ਚੋਬਰਾਂ ਨੇ ਅਗਲੇ ਸਾਲ ਲਈ ਰਾਸ਼ਟਰੀ ਸੀਨੀਅਰ ਖੇਡਾਂ ਲਈ ਕੁਆਲੀਫਾਈ ਕੀਤਾ ਹੈ

ਇਨ੍ਹਾਂ ਨੇ 6 ਗੋਲਡ ਮੈਡਲ, 12 ਸਿਲਵਰ ਮੈਡਲ ਅਤੇ 2 ਕਾਂਸੀ ਦੇ ਮੈਡਲ ਜਿੱਤੇ।










# ਪੰਜਾਬ ਦੇ ਵੋਟਰਾਂ ਨੇ ਕਿਸੇ ਵੀ ਸਿਆਸੀ ਧਿਰ ’ਚ ਪੂਰਨ ਵਿਸ਼ਵਾਸ ਨਹੀਂ ਪ੍ਰਗਟਾਇਆ

**■ ‘ਆਪ’ ਨੂੰ ਦਿੱਤੇ ਵੱਡੇ ਫ਼ਤਵੇ ’ਚੋਂ ਮਿਲੀ ਮਾਯੂਸੀ ਬਾਅਦ ਵੋਟਰ ਨਿਰਾਸ਼ਾ ਦੇ ਆਲਮ ਵਿਚ**

**ਚੰਡੀਗੜ੍ਹ**, (ਪੰਜਾਬ ਮੇਲ)-ਪੰਜਾਬ ਦੇ ਵੋਟਰਾਂ ਪਾਰਲੀਮੈਂਟਰੀ ਚੋਣਾਂ ਦੌਰਾਨ ਜਿਵੇਂ ਵੋਟ ਕੀਤਾ ਹੈ ਤੇ ਕਿਸੇ ਵੀ ਸਿਆਸੀ ਧਿਰ ਨੂੰ ਸਪੱਸ਼ਟ ਬਹੁਮਤ ਨਹੀਂ ਦਿੱਤਾ, ਉਹ ਰਾਜਸੀ ਹਲਕਿਆਂ ਲਈ ਵੱਡੀ ਦਿਲਚਸਪੀ ਦਾ ਮੁੱਦਾ ਬਣਿਆ ਹੋਇਆ ਹੈ। ਵੋਟਰਾਂ ਵੱਲੋਂ ਜਿਵੇਂ ਆਮ ਆਦਮੀ ਪਾਰਟੀ ਨੂੰ 32, ਕਾਂਗਰਸ ਨੂੰ 38, ਭਾਜਪਾ ਨੂੰ 23, ਅਕਾਲੀ ਦਲ ਨੂੰ 9 ਤੇ 2 ਆਜ਼ਾਦ ਪੰਥਕ ਉਮੀਦਵਾਰਾਂ ਨੂੰ 15 ਵਿਧਾਨ ਸਭਾ ਹਲਕਿਆਂ ਵਿਚ ਜਿੱਤ ਦਿੱਤੀ ਹੈ, ਉਸ ਤੋਂ ਸਪੱਸ਼ਟ ਹੈ ਕਿ ਅਗਰ ਇਹ ਵੋਟ ਵਿਧਾਨ ਸਭਾ ਲਈ ਹੁੰਦੀ ਤਾਂ ਕੋਈ ਵੀ ਪਾਰਟੀ ਸਰਕਾਰ ਬਣਾਉਣ ਦੇ ਕਾਬਲ ਨਹੀਂ ਹੋਣੀ ਸੀ ਕਿਉਂਕਿ ਬਹੁਮਤ ਲਈ 59 ਵੋਟਾਂ ਦਾ ਹੋਣਾ ਜ਼ਰੂਰੀ ਹੈ ਜੋ ਵੋਟਰਾਂ ਕਿਸੇ ਨੂੰ ਵੀ ਨਹੀਂ ਦਿੱਤੀਆਂ।

ਮਾਹਿਰਾਂ ਦਾ ਮੰਨਣਾ ਹੈ ਕਿ ਵਿਧਾਨ ਸਭਾ ਵਿਚ ‘ਆਪ’ ਨੂੰ ਲੋਕਾਂ ਜਿਵੇਂ ਵੱਡਾ ਫ਼ਤਵਾ ਦਿੱਤਾ ਤੇ ਉਸ ਤੋਂ ਬਾਅਦ ਲੋਕਾਂ ਨੂੰ ਜੋ ਮਾਯੂਸੀ ‘ਆਪ’ ਸਰਕਾਰ ਤੋਂ ਮਿਲੀ ਤੇ ਸੂਬੇ ਦੇ ਵੋਟਰਾਂ ਜਿਵੇਂ ਆਪਣੇ-ਆਪ ਨੂੰ ਠੱਗਿਆ ਮਹਿਸੂਸ ਕੀਤਾ, ਉਸੇ ਕਾਰਨ ‘ਆਪ’ ਨੂੰ ਲੋਕਾਂ 92 ਵਿਧਾਨ ਸਭਾ ਹਲਕਿਆਂ ਤੋਂ 32 ਹਲਕਿਆਂ ’ਤੇ ਪਹੁੰਚਾ ਦਿੱਤਾ। ਤਿੰਨ ਕਰੋੜ ਦੇ ਨੁਮਾਇੰਦਾ ਹੋਣ ਦੇ ਦਾਅਵੇ ਕਰਨ ਵਾਲੇ ਆਗੂਆਂ ਨੂੰ ਖ਼ੁਦ ਨੂੰ ਵੀ ਸ਼ਾਇਦ ਸਮਝ ਨਹੀਂ ਪੈ ਰਹੀ ਕਿ ਉਨ੍ਹਾਂ ਨਾਲ ਕੀ ਵਾਪਰ ਗਿਆ ਹੈ। ਪੰਜਾਬੀ ਜੋ ਬਹੁਤ ਛੇਤੀ ਸਿਆਸੀ ਬਦਲ ਅਪਨਾਉਣ ਤੇ ਦੇਸ਼ ਦੀ ਮੁੱਖ ਸਿਆਸੀ ਧਾਰਾ ਤੋਂ ਵੱਖਰੇ ਤੁਰਨ ਲਈ ਜਾਣੇ ਜਾਂਦੇ ਹਨ, ਵੱਲੋਂ ਦੋ ਆਜ਼ਾਦ ਪੰਥਕ ਉਮੀਦਵਾਰਾਂ ਅੰਮ੍ਰਿਤਪਾਲ ਸਿੰਘ ਤੇ ਸਰਬਜੀਤ ਸਿੰਘ ਖ਼ਾਲਸਾ ਦੇ ਹੱਕ ਵਿਚ ਦਿੱਤਾ ਗਿਆ ਵੱਡਾ ਫਤਵਾ ਸ਼ਾਇਦ ਇਸੇ ਸੋਚ ਦਾ ਪ੍ਰਤੀਕ ਹੈ ਕਿ ਪੰਜਾਬੀ ਮੌਜੂਦਾ ਢਾਂਚੇ ਤੋਂ ਖ਼ੁਸ਼ ਨਹੀਂ ਤੇ ਤਬਦੀਲੀ ਦੀ ਭਾਲ ਵਿਚ ਹਨ। ਰਾਜਸੀ ਹਲਕਿਆਂ ਦਾ ਇਹ ਵੀ ਮੰਨਣਾ ਹੈ ਕਿ ਪੰਜਾਬੀ ਵੋਟਰਾਂ ਵੱਲੋਂ ਬਹੁਤੀਆਂ ਥਾਵਾਂ ’ਤੇ ਪਾਰਟੀਆਂ ਦੀ ਥਾਂ ਉਮੀਦਵਾਰਾਂ ਨੂੰ ਵੋਟ ਪਾਈ ਹੈ, ਜੋ ਉਨ੍ਹਾਂ ਨੂੰ ਬਾਕੀਆਂ ਨਾਲੋਂ ਬਿਹਤਰ ਲੱਗੇ। ਦਿਲਚਸਪ ਗੱਲ ਇਹ ਹੈ ਕਿ ਜੋ ਪੰਜਾਬੀ, ਪੰਜਾਬ ਤੋਂ ਪ੍ਰਵਾਸ ਕਰ ਦੂਜੇ ਦੇਸ਼ਾਂ ਵਿਚ ਚਲੇ ਗਏ ਹਨ ਅੱਜ ਵੀ ਉਹ ਵਿਤਕਰੇ, ਬੇਇਨਸਾਫ਼ੀ ਤੇ ਤਸ਼ੱਦਦ ਦੀਆਂ ਯਾਦਾਂ ਆਪਣੇ ਮਨਾਂ ਵਿਚੋਂ ਨਹੀਂ ਕੱਢ ਸਕੇ ਅਤੇ ਉਹ ਉੱਥੇ ਬੈਠੇ ਵੀ ਆਪਣੇ ਵਿਰੋਧ ਦਾ ਕਿਸੇ ਨਾ ਕਿਸੇ ਢੰਗ ਨਾਲ ਪ੍ਰਗਟਾਵਾ ਕਰਦੇ ਰਹਿੰਦੇ ਹਨ। ਪੰਜਾਬ ਦੇ ਲੋਕ ਇਕ ਤਰ੍ਹਾਂ ਇਨਸਾਫ਼ ਮਿਲਣ ਦੀ ਆਸ ਵੀ ਛੱਡਦੇ ਜਾ ਰਹੇ ਹਨ। ਇਸ ਪੱਤਰਕਾਰ ਬੀਤੇ ਦਿਨੀਂ ਕਿਸੇ ਵੱਲੋਂ ਕੁਝ ਸੇਵਾਮੁਕਤ ਪੁਰਾਣੇ ਪੁਲਿਸ ਕਰਮੀਆਂ ਦੀਆਂ ਵੀਡੀਓ ਭੇਜੀਆਂ, ਜੋ ਅਜਿਹੇ ਫ਼ਰਜ਼ੀ ਮੁਕਾਬਲਿਆਂ ’ਚ ਸਿੱਖ ਨੌਜਵਾਨਾਂ ਨੂੰ ਮਾਰਨ ਦੀ ਜਾਣਕਾਰੀ ਦੇ ਰਹੇ ਹਨ, ਜਿਨ੍ਹਾਂ ਦੇ ਉਹ ਚਸ਼ਮਦੀਦ ਹਨ ਪ੍ਰੰਤੂ ਇਨ੍ਹਾਂ ਮਾਮਲਿਆਂ ’ਚ ਕਾਰਵਾਈ ਕੌਣ ਕਰੇਗਾ। ਪੰਜਾਬੀਆਂ ਦੇ ਮਨਾਂ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਦੇ ਜ਼ਖ਼ਮਾਂ ਨੂੰ ਮੱਲ੍ਹਮ ਲਗਾਉਣ ਤੇ ਇਨਸਾਫ਼ ਦੇਣ ਦੀ ਲੋੜ ਹੈ। ਰਾਜਸੀ ਹਲਕਿਆਂ ਦਾ ਇਹ ਵੀ ਮੰਨਣਾ ਹੈ ਕਿ ਪੰਜਾਬੀ ਵੋਟਰਾਂ ਨੇ ਬਹੁਤੀਆਂ ਥਾਵਾਂ ’ਤੇ ਪਾਰਟੀਆਂ ਦੀ ਥਾਂ ਉਮੀਦਵਾਰਾਂ ਨੂੰ ਵੋਟ ਪਾਈ ਹੈ, ਜੋ ਉਨ੍ਹਾਂ ਨੂੰ ਬਾਕੀਆਂ ਨਾਲੋਂ ਬਿਹਤਰ ਲੱਗੇ ਪਰ ਵੋਟਰਾਂ ਦੀ ਸਿਆਸੀ ਧਿਰਾਂ ਪ੍ਰਤੀ ਮੌਜੂਦਾ ਨਿਰਾਸ਼ਾ ਵਿਚ ਕੋਈ ਤਬਦੀਲੀ ਨਾ ਆਈ ਤਾਂ 2027 ਵਿਚ ਆਉਣ ਵਾਲੀਆਂ ਚੋਣਾਂ ਮੌਕੇ ਪੰਜਾਬੀ ਕੋਈ ਤਜਰਬਾ ਵੀ ਕਰ ਸਕਦੇ ਹਨ ਅਤੇ ਕਿਵੇਂ ਵੋਟ ਕਰਨ ਲੱਗੇ ਉਸ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

# ਨਵੀਂ ਲੋਕ ਸਭਾ ਦਾ ਪਹਿਲਾ ਇਜਲਾਸ 24 ਤੋਂ

**ਨਵੀਂ ਦਿੱਲੀ**, (ਪੰਜਾਬ ਮੇਲ)- 19ਵੀਂ ਲੋਕ ਸਭਾ ਦਾ ਪਹਿਲਾ ਇਜਲਾਸ 24 ਜੂਨ ਤੋਂ ਸ਼ੁਰੂ ਹੋਵੇਗਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜਿਜੂ ਨੇ ਦੱਸਿਆ ਕਿ ਇਜਲਾਸ ਦੌਰਾਨ ਨਵੇਂ ਮੈਂਬਰ ਹਲਫ਼ ਲੈਣਗੇ ਅਤੇ ਸਪੀਕਰ ਦੀ ਚੋਣ ਕੀਤੀ ਜਾਵੇਗੀ। ਰਾਸ਼ਟਰਪਤੀ ਦਰੋਪਦੀ ਮੁਰਮੂ 27 ਜੂਨ ਨੂੰ ਲੋਕ ਸਭਾ ਅਤੇ ਰਾਜ ਸਭਾ ਦੀ ਸਾਂਝੀ ਬੈਠਕ ਨੂੰ ਸੰਬੋਧਨ ਕਰਨਗੇ, ਜਿਸ ’ਚ ਉਹ ਨਵੀਂ ਸਰਕਾਰ ਦੇ ਅਗਲੇ ਪੰਜ ਸਾਲ ਦਾ ਖਾਕਾ ਵੀ ਪੇਸ਼ ਕਰ ਸਕਦੇ ਹਨ। ਇਜਲਾਸ 3 ਜੁਲਾਈ ਨੂੰ ਸਮਾਪਤ ਹੋਵੇਗਾ।

ਇਜਲਾਸ ਦੇ ਪਹਿਲੇ ਤਿੰਨ ਦਿਨ ਨਵੇਂ ਚੁਣੇ ਗਏ ਆਗੂ ਹਲਫ਼ ਲੈਣਗੇ ਅਤੇ ਸਪੀਕਰ ਦੀ ਚੋਣ ਹੋਵੇਗੀ। ਸੰਸਦ ਦੇ ਦੋਵੇਂ ਸਦਨਾਂ ਦੀ ਜੁਲਾਈ ਦੇ ਤੀਜੇ ਹਫ਼ਤੇ ’ਚ ਮੁੜ ਬੈਠਕ ਸੱਦੇ ਜਾਣ ਦੀ ਸੰਭਾਵਨਾ ਹੈ, ਜਿਸ ’ਚ ਕੇਂਦਰੀ ਬਜਟ ਪੇਸ਼ ਕੀਤਾ ਜਾ ਸਕਦਾ ਹੈ। ਨਿਰਮਲਾ ਸੀਤਾਰਾਮਨ ਲਗਾਤਾਰ ਸੱਤ ਵਾਰ ਬਜਟ ਪੇਸ਼ ਕਰਨ ਵਾਲੇ ਪਹਿਲੇ ਵਿੱਤ ਮੰਤਰੀ ਬਣ ਜਾਣਗੇ। ਉਹ ਮੋਰਾਰਜੀ ਦੇਸਾਈ ਦੇ ਛੇ ਬਜਟ ਪੇਸ਼ ਕਰਨ ਦੇ ਰਿਕਾਰਡ ਨੂੰ ਤੋੜ ਦੇਣਗੇ। ਸੰਸਦੀ ਮਾਮਲਿਆਂ ਬਾਰੇ ਮੰਤਰੀ ਰਿਜਿਜੂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 27 ਜੂਨ ਨੂੰ ਆਪਣੇ ਮੰਤਰੀ ਮੰਡਲ ਦੇ ਸਾਥੀਆਂ ਦੀ ਸਦਨ ਦੇ ਮੈਂਬਰਾਂ ਨਾਲ ਜਾਣ-ਪਛਾਣ ਕਰਾਉਣਗੇ। ਰਾਸ਼ਟਰਪਤੀ ਦੇ ਭਾਸ਼ਣ ’ਤੇ ਧੰਨਵਾਦ ਮਤੇ ਉਪਰ ਬਹਿਸ ’ਚ ਵਿਰੋਧੀ ਧਿਰ ਦੇ ਤਿੱਖੇ ਤੇਵਰ ਦੇਖਣ ਨੂੰ ਮਿਲ ਸਕਦੇ ਹਨ ਕਿਉਂਕਿ ਇਸ ਵਾਰ 543 ਮੈਂਬਰੀ ਸਦਨ ’ਚ ਉਨ੍ਹਾਂ ਦੇ ਮੈਂਬਰਾਂ ਦੀ ਗਿਣਤੀ ਪਹਿਲਾਂ ਨਾਲੋਂ ਵੱਧ ਹੈ। ਰਿਜਿਜੂ ਨੇ ਸਾਰੀਆਂ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਇਜਲਾਸ ਦੌਰਾਨ ਉਸਾਰੂ ਬਹਿਸ ਹੋਵੇ ਕਿਉਂਕਿ ਮੁਲਕ ਸਦਨ ’ਚ ਵਧੀਆ ਬਹਿਸ ਦੇਖਣਾ ਚਾਹੁੰਦਾ ਹੈ।

# ਅੱਤਵਾਦੀਆਂ ਨਾਲ ਨੇੜਤਾ ਕਾਰਨ 1984 ’ਚ ਬਰਖ਼ਾਸਤ ਕੀਤੇ ਕਾਂਸਟੇਬਲਾਂ ਨੂੰ 40 ਸਾਲ ਬਾਅਦ ਵੀ ਹਾਈ ਕੋਰਟ ਨੇ ਰੱਖਿਆ ਬਰਖਾਸਤ

**ਚੰਡੀਗੜ੍ਹ**, (ਪੰਜਾਬ ਮੇਲ)- ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਪੰਜਾਬ ਪੁਲਿਸ ਦੇ ਕਾਂਸਟੇਬਲ ਦੀ ਅੱਤਵਾਦੀਆਂ ਨਾਲ ਨੇੜਤਾ ਦੇ ਆਧਾਰ ’ਤੇ 1984 ’ਚ ਜਾਰੀ ਬਰਖ਼ਾਸਤਗੀ ਦੇ ਹੁਕਮ ਨੂੰ 40 ਸਾਲ ਬਾਅਦ ਵੀ ਬਰਕਰਾਰ ਰੱਖਿਆ ਹੈ। ਇਲਜ਼ਾਮ ਅਨੁਸਾਰ ਕਾਂਸਟੇਬਲ ਨੇ ਅੱਤਵਾਦ ਦੇ ਦੌਰ ਵਿਚ ਜਰਨੈਲ ਸਿੰਘ ਭਿੰਡਰਾਂਵਾਲਾ ਤੋਂ ਦੋ ਪਿਸਤੌਲ ਲਏ ਸਨ, ਜਿਨ੍ਹਾਂ ਵਿਚੋਂ ਇਕ ਅੱਤਵਾਦੀ ਨੂੰ ਦਿੱਤਾ ਸੀ ਤੇ ਦੂਜਾ ਨਹਿਰ ਵਿਚ ਸੁੱਟ ਦਿੱਤਾ ਸੀ। ਪੰਜਾਬ ਸਰਕਾਰ ਨੇ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਦੇ ਹੋਏ ਦੀਵਾਨੀ ਮੁਕੱਦਮੇ ਵਿਚ ਜਾਰੀ ਉਸ ਹੁਕਮ ਨੂੰ ਚੁਣੌਤੀ ਦਿੱਤੀ ਸੀ, ਜਿਸਦੇ ਤਹਿਤ ਜਸਵਿੰਦਰ ਸਿੰਘ ਦੀ ਬਰਖ਼ਾਸਤਗੀ ਦੇ ਹੁਕਮਾਂ ਨੂੰ 1984 ਵਿਚ ਰੱਦ ਕਰ ਦਿੱਤਾ ਗਿਆ ਸੀ। ਪੰਜਾਬ ਸਰਕਾਰ ਨੇ ਦੱਸਿਆ ਕਿ ਜਸਵਿੰਦਰ 1977 ਵਿਚ ਪੰਜਾਬ ਪੁਲਿਸ ਵਿਚ ਕਾਂਸਟੇਬਲ ਨਿਯੁਕਤ ਹੋਇਆ ਸੀ। ਇਸ ਤੋਂ ਬਾਅਦ ਉਸ ਵਿਰੁੱਧ ਆਰਮਜ਼ ਐਕਟ ਤਹਿਤ ਐੱਫ.ਆਈ.ਆਰ. ਦਰਜ ਕੀਤੀ ਗਈ ਤੇ ਇਸ ਆਧਾਰ ’ਤੇ ਅਕਤੂਬਰ 1984 ਵਿਚ ਉਸਨੂੰ ਬਰਖ਼ਾਸਤ ਕਰ ਦਿੱਤਾ ਗਿਆ। ਜਸਵਿੰਦਰ ਸਿੰਘ ਦਾ ਸੰਬੰਧ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਸੀ, ਪਰ ਅਸਲਾ ਬਰਾਮਦ ਨਾ ਹੋਣ ਕਾਰਨ ਅਸਲਾ ਐਕਟ ਦਾ ਕੇਸ ਵਾਪਸ ਲੈ ਲਿਆ ਗਿਆ ਸੀ। ਜਸਵਿੰਦਰ ਸਿੰਘ ਨੇ ਦਲੀਲ ਦੇ ਕੇ ਪਟੀਸ਼ਨਰ ਵਿਚ ਕਿਹਾ ਕਿ ਉਸਨੂੰ ਬਰਖ਼ਾਸਤ ਕਰਦੇ ਸਮੇਂ ਵਿਭਾਗੀ ਜਾਂਚ ਨਹੀਂ ਕਰਵਾਈ ਗਈ, ਜੋ ਕਿ ਸੰਵਿਧਾਨ ਦੀ ਧਾਰਾ 311 (2) ਤਹਿਤ ਲਾਜ਼ਮੀ ਸੀ। ਉਸਨੇ ਦੀਵਾਨੀ ਮੁਕੱਦਮਾ ਦਾਇਰ ਕਰਕੇ ਇਸ ਹੁਕਮ ਨੂੰ ਚੁਣੌਤੀ ਦਿੱਤੀ ਤੇ ਦੀਵਾਨੀ ਮੁਕੱਦਮੇ ਦਾ ਫ਼ੁਰਮਾਨ ਉਸਦੇ ਹੱਕ ਵਿਚ ਆਇਆ। ਹਾਈਕੋਰਟ ਨੇ ਆਪਣਾ ਫ਼ੈਸਲਾ ਸੁਣਾਉਂਦੇ ਹੋਏ ਪੰਜਾਬ ਪੁਲਿਸ ਦੇ ਲਗਭਗ 40 ਸਾਲ ਪੁਰਾਣੇ ਬਰਖ਼ਾਸਤਗੀ ਦੇ ਹੁਕਮ ਨੂੰ ਬਰਕਰਾਰ ਰੱਖਿਆ ਹੈ।




US
US Transport Inc.
Davinder Singh Jhawar
916-919-7061
ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।
Hiring safe and experienced owner-operators
9875 Dino Drive, Elk Grove, CA 95624
Designed By Punjab Mail USA

# ਓਲੰਪਿਕਸ ’ਚ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਜੇਤੂ ਨੂੰ ਮਿਲਣਗੇ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇੱਕ ਕਰੋੜ ਰੁਪਏ



**ਚੰਡੀਗੜ੍ਹ, (ਪੰਜਾਬ ਮੇਲ)-** ਅਗਲੇ ਮਹੀਨੇ ਪੈਰਿਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਪੰਜਾਬੀ ਖਿਡਾਰੀ ਵੱਡੀ ਗਿਣਤੀ ਵਿਚ ਸੂਬੇ ਦੀ ਨੁਮਾਇੰਦਗੀ ਕਰਨਗੇ। ਪੰਜਾਬ ਸਰਕਾਰ ਵੱਲੋਂ ਬਣਾਈ ਨਵੀਂ ਖੇਡ ਨੀਤੀ ਦੇ ਸਾਰਥਿਕ ਨਤੀਜੇ ਸਾਹਮਣੇ ਆਉਣ ਲੱਗ ਗਏ ਹਨ ਅਤੇ ਨਵੀਂ ਨੀਤੀ ਤਹਿਤ ਓਲੰਪਿਕਸ ਵਿਚ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਤਿਆਰੀ ਲਈ 15 ਲੱਖ ਰੁਪਏ ਪ੍ਰਤੀ ਖਿਡਾਰੀ ਦਿੱਤੇ ਜਾਣਗੇ। ਓਲੰਪਿਕਸ ਵਿਚ ਸੋਨੇ, ਚਾਂਦੀ ਤੇ ਕਾਂਸੀ ਦਾ ਤਮਗਾ ਜੇਤੂ ਪੰਜਾਬੀ ਖਿਡਾਰੀ ਨੂੰ ਕ੍ਰਮਵਾਰ 3 ਕਰੋੜ, 2 ਕਰੋੜ ਤੇ ਇੱਕ ਕਰੋੜ ਰੁਪਏ ਮਿਲਣਗੇ। ਇਹ ਗੱਲ ਸੂਬੇ ਦੇ ਖੇਡ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜਾਰੀ ਪ੍ਰੈੱਸ ਬਿਆਨ ਵਿਚ ਕਹੀ।

ਮੀਤ ਹੇਅਰ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਖੇਡ ਵਿਭਾਗਾਂ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਕਿਹਾ ਕਿ ਓਲੰਪਿਕਸ ਜਾਣ ਵਾਲੇ ਪੰਜਾਬੀ ਖਿਡਾਰੀਆਂ ਨੂੰ ਤਿਆਰੀ ਰਾਸ਼ੀ ਜਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਹੁਣ ਤੱਕ ਪੰਜਾਬ ਦੇ ਛੇ ਨਿਸ਼ਾਨੇਬਾਜ਼ਾਂ ਦੀ ਓਲੰਪਿਕਸ ਲਈ ਚੋਣ ਹੋ ਚੁੱਕੀ ਹੈ, ਜਦੋਂਕਿ ਹਾਕੀ, ਨਿਸ਼ਾਨੇਬਾਜ਼ੀ ਅਤੇ ਅਥਲੈਟਿਕਸ ਵਿਚ ਹੋਰ ਵੀ ਵੱਡੀ ਗਿਣਤੀ ਵਿਚ ਪੰਜਾਬੀ ਖਿਡਾਰੀਆਂ ਦੀ ਚੋਣ ਕੀਤੀ ਜਾਣੀ ਰਹਿੰਦੀ ਹੈ ਕਿਉਂਕਿ ਹਾਲੇ ਤੱਕ ਸਾਰੀਆਂ ਕੌਮੀ ਟੀਮਾਂ ਦਾ ਐਲਾਨ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਪਿਛਲੇ ਸਾਲ ਏਸ਼ੀਅਨ ਗੇਮਜ਼ ਵਿਚ ਪੰਜਾਬੀ ਖਿਡਾਰੀਆਂ ਵੱਲੋਂ ਤਮਗੇ ਜਿੱਤਣ ਅਤੇ ਹਿੱਸਾ ਲੈਣ ਦੇ ਬਣਾਏ ਰਿਕਾਰਡ ਵਾਂਗ ਇਸ ਵਾਰ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਜਾਣ ਵਾਲੇ ਪੰਜਾਬੀ ਖਿਡਾਰੀਆਂ ਦਾ ਵੀ ਰਿਕਾਰਡ ਬਣੇਗਾ। ਉਨ੍ਹਾਂ ਕਿਹਾ ਕਿ ਪੰਜਾਬ ਮੁੜ ਖੇਡਾਂ ਵਿਚ ਦੇਸ਼ ਦਾ ਮੋਢੀ ਸੂਬਾ ਬਣੇਗਾ।

# ਗੈਂਗਸਟਰ ਲਖਬੀਰ ਲੰਡਾ ਦੀ ਮਾਂ, ਭੈਣ ਅਤੇ ਕਾਂਸਟੇਬਲ ਜੀਜਾ ਗ੍ਰਿਫ਼ਤਾਰ

**ਜਲੰਧਰ, (ਪੰਜਾਬ ਮੇਲ)-** ਜਲੰਧਰ ਦੇ ਮਾਡਲ ਟਾਊਨ ’ਚ ਇਕ ਕਾਰੋਬਾਰੀ ਤੋਂ 2 ਕਰੋੜ ਰੁਪਏ ਦੀ ਫਿਰੌਤੀ ਮੰਗਣ ਵਾਲੇ ਅੱਤਵਾਦੀ ਅਤੇ ਗੈਂਗਸਟਰ ਲੰਡਾ ਅਤੇ ਉਸ ਦੇ ਸਾਥੀ ਦੇ 6 ਰਿਸ਼ਤੇਦਾਰਾਂ ਨੂੰ ਪੁਲਿਸ ਨੇ ਗ੍ਰਿਫਤਾਰ ਕੀਤਾ ਹੈ। ਪੁਲਿਸ ਨੇ ਲਖਬੀਰ ਸਿੰਘ ਲੰਡਾ ਦੀ ਮਾਂ ਪਰਮਿੰਦਰ ਕੌਰ, ਭੈਣ ਜਸਪਾਲ ਕੌਰ, ਕਾਂਸਟੇਬਲ ਜੀਜਾ ਰਣਜੋਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ।

ਪੁਲਿਸ ਕਮਿਸ਼ਨਰ ਸਵਪਨ ਸ਼ਰਮਾ ਨੇ ਸ਼ਨੀਵਾਰ ਨੂੰ ਕਿਹਾ ਕਿ ਸਾਰੇ ਮੈਂਬਰਾਂ ਨੂੰ ਗੈਂਗਸਟਰਾਂ ਨੂੰ ਪਨਾਹ ਦੇਣ ਅਤੇ ਅਪਰਾਧਿਕ ਸਾਜ਼ਿਸ਼ ’ਚ ਸ਼ਾਮਲ ਹੋਣ ਦੇ ਦੋਸ਼ ’ਚ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਲੰਧਰ ਵਿਚ 12 ਜੂਨ 2024 ਨੂੰ ਆਈ.ਪੀ.ਸੀ. ਦੀ ਧਾਰਾ 384, 386, 387, 212, 216ਏ ਅਤੇ 120ਬੀ ਤਹਿਤ ਕੇਸ ਦਰਜ ਕੀਤਾ ਗਿਆ ਸੀ। ਐੱਫ.ਆਈ.ਆਰ. ਦਰਜ ਕਰਨ ਤੋਂ ਬਾਅਦ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਗਈ, ਜਿਨ੍ਹਾਂ ਨੇ ਯਾਦਵਿੰਦਰ ਸਿੰਘ ਅਤੇ ਲਖਬੀਰ ਸਿੰਘ ਲੰਡਾ ਦੇ ਪਰਿਵਾਰਕ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ’ਚ ਸਫਲਤਾ ਹਾਸਲ ਕੀਤੀ। ਗ੍ਰਿਫਤਾਰ ਵਿਅਕਤੀ ਲਖਬੀਰ ਸਿੰਘ ਦੇ ਸਾਲੇ ਰਣਜੋਧ ਸਿੰਘ, ਉਸਦੀ ਭੈਣ ਜਸਪਾਲ ਕੌਰ ਅਤੇ ਉਸਦੀ ਮਾਤਾ ਪਰਮਿੰਦਰ ਕੌਰ ਹਨ। ਇਸੇ ਤਰ੍ਹਾਂ ਯਾਦਵਿੰਦਰ ਸਿੰਘ ਦੇ ਪਿਤਾ ਜੈਕਾਰ ਸਿੰਘ, ਉਸ ਦੀ ਮਾਤਾ ਬਲਜੀਤ ਕੌਰ ਅਤੇ ਉਸ ਦੀ ਭੈਣ ਹੁਸਨਪ੍ਰੀਤ ਕੌਰ ਨੂੰ ਵੀ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਇਹ ਗ੍ਰਿਫਤਾਰੀਆਂ ਯਾਦਵਿੰਦਰ ਸਿੰਘ ਅਤੇ ਲਖਬੀਰ ਸਿੰਘ ਲੰਡਾ ਵੱਲੋਂ ਕਥਿਤ ਤੌਰ ’ਤੇ ਕੀਤੇ ਗਏ ਫਿਰੌਤੀ ਨਾਲ ਸਬੰਧਤ ਅਪਰਾਧਾਂ ਦੀ ਜਾਂਚ ਦੇ ਹਿੱਸੇ ਵਜੋਂ ਕੀਤੀਆਂ ਗਈਆਂ ਹਨ।

# ਜਲੰਧਰ ਜ਼ਿਮਨੀ ਚੋਣ ਲਈ ਮੁੱਖ ਮੰਤਰੀ ਨੇ ਜਲੰਧਰ ’ਚ ਲਿਆ ਕਿਰਾਏ ਦਾ ਮਕਾਨ



**ਜਲੰਧਰ, (ਪੰਜਾਬ ਮੇਲ)-** ਜਲੰਧਰ ਪੱਛਮੀ ਵਿਧਾਨ ਸਭਾ ਸੀਟ ’ਤੇ ਹੋਣ ਵਾਲੀ ਜ਼ਿਮਨੀ ਚੋਣ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੱਡਾ ਫ਼ੈਸਲਾ ਲਿਆ ਹੈ। ਜ਼ਿਮਨੀ ਚੋਣ ਦੇ ਮੈਦਾਨ ਵਿਚ ਡਟਣ ਲਈ ਮੁੱਖ ਮੰਤਰੀ ਨੇ ਜਲੰਧਰ ਵਿਚ ਕਿਰਾਏ ਦਾ ਮਕਾਨ ਲੈ ਲਿਆ ਹੈ। ਜਿੱਥੇ ਉਹ ਪਰਿਵਾਰ ਸਮੇਤ ਰਹਿਣਗੇ। ਮਿਲੀ ਜਾਣਕਾਰੀ ਮੁਤਾਬਕ ਮੁੱਖ ਭਗਵੰਤ ਸਿੰਘ ਮਾਨ ਨੇ ਦੀਪ ਨਗਰ ’ਚ ਕਿਰਾਏ ਦਾ ਮਕਾਨ ਲੈ ਕੇ ਜ਼ਿਮਨੀ ਚੋਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ।

ਸੂਤਰਾਂ ਮੁਤਾਬਕ ਮੁੱਖ ਮੰਤਰੀ ਹੁਣ ਚੋਣਾਂ ਖ਼ਤਮ ਹੋਣ ਤੱਕ ਜਲੰਧਰ ਛਾਉਣੀ ਦੇ ਦੀਪ ਨਗਰ ਵਿਚ ਹੀ ਕਿਰਾਏ ਦੇ ਮਕਾਨ ਵਿਚ ਰਹਿਣਗੇ। ਉਨ੍ਹਾਂ ਦੀ ਪਤਨੀ ਡਾ. ਗੁਰਪ੍ਰੀਤ ਕੌਰ ਅਤੇ ਭੈਣ ਮਨਪ੍ਰੀਤ ਕੌਰ ਵੀ ਉਨ੍ਹਾਂ ਦੇ ਨਾਲ ਹੀ ਰਹਿਣਗੀਆਂ। ਇਹ ਫੈਸਲਾ ਕੱਲ੍ਹ ਚੰਡੀਗੜ੍ਹ ਵਿਚ ਹੋਈ ਮੀਟਿੰਗ ਤੋਂ ਬਾਅਦ ਲਿਆ ਗਿਆ ਹੈ।

ਦੱਸਣਯੋਗ ਹੈ ਕਿ ਜਲੰਧਰ ਪੱਛਮੀ ਵਿਧਾਨ ਸਭਾ ਸੀਟ ’ਤੇ ਹੋਣ ਵਾਲੀ ਜ਼ਿਮਨੀ ਚੋਣ ਲਈ 10 ਜੁਲਾਈ ਨੂੰ ਵੋਟਿੰਗ ਹੋਵੇਗੀ, ਜਦਕਿ ਨਤੀਜੇ 13 ਜੁਲਾਈ ਨੂੰ ਐਲਾਨੇ ਜਾਣਗੇ। ਨਾਮਜ਼ਦਗੀਆਂ 21 ਜੂਨ ਤੱਕ ਭਰੀਆਂ ਜਾਣਗੀਆਂ। ਇਹ ਸੀਟ ਸ਼ੀਤਲ ਅੰਗੁਰਾਲ ਦੇ ਅਸਤੀਫੇ ਤੋਂ ਬਾਅਦ ਖਾਲੀ ਹੋਈ ਹੈ।

# ਪੰਜਾਬ ਪੁਲਿਸ ਦੀ ਏ.ਜੀ.ਟੀ.ਐੱਫ. ਵੱਲੋਂ ਜੇਲ੍ਹ ਵਿਚ ਬੰਦ ਗੈਂਗਸਟਰ ਦੀਪਕ ਟੀਨੂੰ ਦਾ ਸਾਥੀ ਗ੍ਰਿਫ਼ਤਾਰ; ਪਿਸਤੌਲ ਬਰਾਮਦ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐੱਫ.) ਨੇ ਲਾਰੈਂਸ ਬਿਸ਼ਨੋਈ ਅਤੇ ਵਿਦੇਸ਼ ਆਧਾਰਿਤ ਅੱਤਵਾਦੀ ਗੋਲਡੀ ਬਰਾੜ ਗੈਂਗ ਦੇ ਜੇਲ੍ਹ ਵਿਚ ਬੰਦ ਗੈਂਗਸਟਰ ਦੀਪਕ ਟੀਨੂੰ ਦੇ ਇੱਕ ਸਾਥੀ ਨੂੰ ਗ੍ਰਿਫ਼ਤਾਰ ਕੀਤਾ ਹੈ।

ਇਹ ਜਾਣਕਾਰੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਵਿਜੇ ਵਾਸੀ ਮੋਹਮਦਪੁਰ, ਐੱਸ.ਏ.ਐੱਸ. ਨਗਰ ਵਜੋਂ ਹੋਈ ਹੈ, ਜਿਸ ਨੇ 2017 ਵਿਚ ਗੈਂਗਸਟਰ ਦੀਪਕ ਟੀਨੂੰ ਨੂੰ ਭੱਜਣ ਵਿਚ ਮਦਦ ਕੀਤੀ ਸੀ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਸ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਵਿਚ ਕਈ ਘਿਨਾਉਣੇ ਅਪਰਾਧਾਂ ਦੇ ਕੇਸ ਦਰਜ ਹਨ।

ਪੁਲਿਸ ਟੀਮ ਨੇ ਉਸ ਦੇ ਕਬਜ਼ੇ ਵਿਚੋਂ ਇੱਕ .30 ਬੋਰ ਦਾ ਪਿਸਤੌਲ ਅਤੇ ਪੰਜ ਜਿੰਦਾ ਕਾਰਤੂਸ ਵੀ ਬਰਾਮਦ ਕੀਤੇ ਹਨ।

ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਠੋਸ ਸੂਚਨਾਵਾਂ ’ਤੇ ਕਾਰਵਾਈ ਕਰਦੇ ਹੋਏ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏ.ਜੀ.ਟੀ.ਐੱਫ. ਦੀਆਂ ਟੀਮਾਂ ਨੇ ਰਾਜਪੁਰਾ-ਚੰਡੀਗੜ੍ਹ ਹਾਈਵੇਅ ’ਤੇ ਗਗਨ ਚੌਕ ਨੇੜੇ ਜਾਲ ਵਿਛਾਇਆ ਅਤੇ ਮੁਲਜ਼ਮ ਨੂੰ ਪਿਸਤੌਲ ਸਮੇਤ ਗ੍ਰਿਫ਼ਤਾਰ ਕਰ ਲਿਆ। ਪੁਲਿਸ ਟੀਮਾਂ ਨੇ ਇਹ ਕਾਰਵਾਈ ਡੀ.ਐੱਸ.ਪੀ. ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਵਿਚ ਕੀਤੀ, ਜਿਸ ਦੀ ਨਿਗਰਾਨੀ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਅਤੇ ਏ.ਆਈ.ਜੀ. ਸੰਦੀਪ ਗੋਇਲ ਨੇ ਕੀਤੀ।

ਡੀ.ਜੀ.ਪੀ. ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਗ੍ਰਿਫਤਾਰ ਕੀਤੇ ਗਏ ਦੋਸ਼ੀ ਨੂੰ ਉਸਦੇ ਜੇਲ੍ਹ ਵਿਚ ਬੰਦ/ਵਿਦੇਸ਼ੀ ਹੈਂਡਲਰਾਂ ਨੇ ਵਿਰੋਧੀ ਬੰਬੀਹਾ ਗੈਂਗ ਦੇ ਮੈਂਬਰਾਂ ਨੂੰ ਮਾਰਨ ਦਾ ਕੰਮ ਸੌਂਪਿਆ ਸੀ। ਉਨ੍ਹਾਂ ਕਿਹਾ ਕਿ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।

ਹੋਰ ਵੇਰਵੇ ਸਾਂਝੇ ਕਰਦਿਆਂ ਏ.ਆਈ.ਜੀ. ਸੰਦੀਪ ਗੋਇਲ ਨੇ ਦੱਸਿਆ ਕਿ ਸਾਲ 2018 ਵਿਚ ਮੁਲਜ਼ਮ ਵਿਜੇ ਮਲੇਸ਼ੀਆ ਭੱਜ ਗਿਆ ਸੀ ਅਤੇ ਉਥੇ ਰਹਿੰਦਿਆਂ ਉਸ ਨੇ ਮ੍ਰਿਤਕ ਗੈਂਗਸਟਰ ਅੰਕਿਤ ਭਾਦੂ ਰਾਹੀਂ ਅੰਬਾਲਾ ਸ਼ਹਿਰ ਦੇ ਸਰਾਫਾ ਬਾਜ਼ਾਰ ਵਿਚ ਇੱਕ ਜਵੈਲਰ ਦੇ ਕਤਲ ਨੂੰ ਅੰਜਾਮ ਦਿੱਤਾ ਸੀ। ਜ਼ਿਕਰਯੋਗ ਹੈ ਕਿ ਗੈਂਗਸਟਰ ਅੰਕਿਤ ਭਾਦੂ ਨੂੰ 2019 ’ਚ ਪੰਜਾਬ ਪੁਲਿਸ ਨੇ ਐਨਕਾਊਂਟਰ ’ਚ ਢੇਰ ਕਰ ਦਿੱਤਾ ਸੀ। ਇਸ ਮਾਮਲੇ ’ਚ ਦੋਸ਼ੀ ਵਿਜੇ 2 ਸਾਲ ਤੱਕ ਅੰਬਾਲਾ ਜੇਲ ’ਚ ਬੰਦ ਰਿਹਾ।

ਇਸ ਸਬੰਧੀ ਪੁਲਿਸ ਸਟੇਸ਼ਨ ਸਟੇਟ ਕ੍ਰਾਈਮ, ਪੰਜਾਬ ਵਿਖੇ ਅਸਲਾ ਐਕਟ ਦੀ ਧਾਰਾ 25 (6) (7) ਦੇ ਤਹਿਤ ਐੱਫ.ਆਈ.ਆਰ. ਨੰਬਰ 23 ਮਿਤੀ 12-06-24 ਦਰਜ ਹੈ।




# ਪੰਜਾਬੀ ਕੁੜੀਆਂ ਨੇ ਛੂਹੀਆਂ ਬੁਲੰਦੀਆਂ: ਦੋ ਧੀਆਂ ਭਾਰਤੀ ਹਵਾਈ ਫ਼ੌਜ 'ਚ ਅਫ਼ਸਰ ਬਣੀਆਂ

**■ ਮਾਈ ਭਾਗੋ ਪ੍ਰੈਪਰੇਟਰੀ ਇੰਸਟੀਚਿਊਟ ਦੀ ਕੈਡਿਟ ਹਰੂਪ ਕੌਰ ਅਤੇ ਨਿਵੇਦਿਤਾ ਸੈਣੀ ਭਾਰਤੀ ਹਵਾਈ ਸੈਨਾ 'ਚ ਫ਼ਲਾਇੰਗ ਅਫ਼ਸਰ ਵਜੋਂ ਸ਼ਾਮਲ**





**ਚੰਡੀਗੜ੍ਹ, (ਪੰਜਾਬ ਮੇਲ)-** ਮਾਈ ਭਾਗੋ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ ਫਾਰ ਗਰਲਜ਼, ਐੱਸ.ਏ.ਐੱਸ. ਨਗਰ (ਮੋਹਾਲੀ) ਨੇ ਇੱਕ ਵਾਰ ਫੇਰ ਸਫ਼ਲਤਾ ਦੇ ਝੰਡੇ ਗੱਡੇ ਹਨ। ਇਸ ਵੱਕਾਰੀ ਸੰਸਥਾ ਦੀਆਂ ਦੋ ਕੈਡਿਟ ਹਰੂਪ ਕੌਰ ਅਤੇ ਨਿਵੇਦਿਤਾ ਸੈਣੀ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਤੋਂ ਸਫਲਤਾਪੂਰਵਕ ਪਾਸ ਹੋਣ ਉਪਰੰਤ ਭਾਰਤੀ ਹਵਾਈ ਸੈਨਾ 'ਚ ਫ਼ਲਾਇੰਗ ਅਫ਼ਸਰ ਵਜੋਂ ਸ਼ਾਮਲ ਹੋ ਗਈਆਂ ਹਨ। ਪਾਸਿੰਗ ਆਊਟ ਪਰੇਡ ਦਾ ਨਿਰੀਖਣ ਚੀਫ਼ ਆਫ਼ ਏਅਰ ਸਟਾਫ, ਏਅਰ ਚੀਫ਼ ਮਾਰਸ਼ਲ ਵਿਵੇਕ ਰਾਮ ਚੌਧਰੀ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ., ਵੀ.ਐੱਮ., ਏ.ਡੀ.ਸੀ. ਵੱਲੋਂ ਕੀਤਾ ਗਿਆ।

ਪੰਜਾਬ ਪੁਲਿਸ, ਐੱਸ.ਏ.ਐੱਸ. ਨਗਰ (ਮੋਹਾਲੀ) ਜ਼ਿਲ੍ਹੇ ਵਿਚ ਤੈਨਾਤ ਹੈੱਡ ਕਾਂਸਟੇਬਲ ਸ. ਭਗਵੰਤ ਸਿੰਘ ਦੀ ਧੀ ਫ਼ਲਾਇੰਗ ਅਫ਼ਸਰ ਹਰੂਪ ਕੌਰ ਐਜੂਕੇਸ਼ਨ ਬ੍ਰਾਂਚ 'ਚ ਸ਼ਾਮਲ ਹੋਵੇਗੀ। ਪਠਾਨਕੋਟ ਜ਼ਿਲ੍ਹੇ ਦੀ ਰਹਿਣ ਵਾਲੀ ਫਲਾਇੰਗ ਅਫ਼ਸਰ ਨਿਵੇਦਿਤਾ ਸੈਣੀ ਦੇ ਪਿਤਾ ਸ. ਹਰਿੰਦਰ ਸਿੰਘ ਸੈਣੀ ਸਰਕਾਰੀ ਸਕੂਲ 'ਚ ਪ੍ਰਿੰਸੀਪਲ ਹਨ ਅਤੇ ਨਿਵੇਦਿਤਾ ਹਵਾਈ ਸੈਨਾ ਦੀ ਲਾਜਿਸਟਿਕ ਬ੍ਰਾਂਚ ਵਿਚ ਸ਼ਾਮਲ ਹੋਵੇਗੀ।

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਦੋਵੇਂ ਕੈਡਿਟਾਂ ਨੂੰ ਉਨ੍ਹਾਂ ਦੀ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਯਕੀਨੀ ਤੌਰ 'ਤੇ ਪੰਜਾਬ ਦੀਆਂ ਹੋਰ ਧੀਆਂ ਨੂੰ ਵੀ ਰੱਖਿਆ ਸੇਵਾਵਾਂ 'ਚ ਕਰੀਅਰ ਬਣਾਉਣ ਦੇ ਮੌਕੇ ਤਲਾਸ਼ਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕਮਿਸ਼ਨਡ ਅਫਸਰਾਂ ਵਜੋਂ ਰੱਖਿਆ ਸੇਵਾਵਾਂ ਵਿਚ ਸ਼ਾਮਲ ਹੋਣ ਦੀਆਂ ਚਾਹਵਾਨ ਸੂਬੇ ਦੀਆਂ ਧੀਆਂ ਦੀਆਂ ਇੱਛਾਵਾਂ ਪੂਰੀਆਂ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਐੱਨ.ਆਰ.ਆਈ. ਜੋੜੇ 'ਤੇ ਹਮਲੇ ਦੇ ਮਾਮਲੇ 'ਚ ਹਿਮਾਚਲ ਦੇ ਮੁੱਖ ਮੰਤਰੀ ਨੇ ਲਿਆ ਸਖ਼ਤ ਨੋਟਿਸ



**ਸ਼ਿਮਲਾ (ਪੰਜਾਬ ਮੇਲ)-** ਜ਼ਿਲ੍ਹਾ ਚੰਬਾ ਦੇ ਡਲਹੌਜ਼ੀ ਖਜਿਆਰ 'ਚ ਇਕ ਐੱਨ.ਆਰ.ਆਈ. ਜੋੜੇ 'ਤੇ ਹਮਲੇ ਨਾਲ ਸਬੰਧਤ ਘਟਨਾ ਨੂੰ ਲੈ ਕੇ ਅੰਮ੍ਰਿਤਸਰ 'ਚ ਜੋੜੇ ਵਲੋਂ ਜ਼ੀਰੋ ਐੱਫ.ਆਈ.ਆਰ. ਦਰਜ ਕੀਤੇ ਜਾਣ ਦੀ ਰਿਪੋਰਟ ਦਾ ਮੁੱਖ ਮੰਤਰੀ ਠਾਕੁਰ ਸੁਖਵਿੰਦਰ ਸਿੰਘ ਸੁੱਖੂ ਨੇ ਸਖਤ ਨੋਟਿਸ ਲਿਆ ਹੈ। ਇਸ ਦੇ ਤਹਿਤ ਮੁੱਖ ਮੰਤਰੀ ਨੇ ਮਾਮਲੇ ਦੀ ਸਖਤ ਨਿੰਦਾ ਕਰਦੇ ਹੋਏ ਪੁਲਿਸ ਨੂੰ ਸਬੰਧਤ ਮਾਮਲੇ 'ਚ ਵਿਸਥਾਰਤ ਜਾਂਚ ਕਰਕੇ ਦੋਸ਼ੀਆਂ ਵਿਰੁੱਧ ਸਖਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਖਜਿਆਰ 'ਚ ਬੀਤੇ ਦਿਨੀਂ ਇਕ ਸਪੈਨਿਸ਼-ਪੰਜਾਬੀ ਜੋੜੇ 'ਤੇ ਕੁਝ ਲੋਕਾਂ ਨੇ ਹਮਲਾ ਕਰ ਦਿੱਤਾ ਸੀ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਹੈ ਕਿ ਸੂਬਾ ਪੁਲਿਸ ਅੰਮ੍ਰਿਤਸਰ ਪੁਲਿਸ ਸਟੇਸ਼ਨ ਤੋਂ ਆਉਣ ਵਾਲੀ ਜਾਣਕਾਰੀ ਦੇ ਆਧਾਰ 'ਤੇ ਲੋੜੀਂਦੀ ਕਾਰਵਾਈ ਕਰੇਗੀ। ਉਨ੍ਹਾਂ ਨੇ ਸੋਮਵਾਰ ਨੂੰ ਸ਼ਿਮਲਾ 'ਚ ਕਿਹਾ ਕਿ ਸੂਬੇ ਦੇ ਲੋਕ ਆਪਣੀ ਸਾਦਗੀ ਅਤੇ ਨਰਮ ਸੁਭਾਅ ਲਈ ਜਾਣੇ ਜਾਂਦੇ ਹਨ।

ਜ਼ਿਕਰਯੋਗ ਹੈ ਕਿ ਇਹ ਪੰਜਾਬੀ ਪਰਿਵਾਰ ਸਪੇਨ ਵਿਚ ਰਹਿੰਦਾ ਸੀ ਤੇ ਆਪਣਾ ਸਭ ਕੁਝ ਉੱਥੇ ਛੱਡ ਕੇ ਪੰਜਾਬ ਵਿਚ ਰੋਜ਼ਗਾਰ ਸ਼ੁਰੂ ਕਰਨ ਤੇ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੇ ਲਈ ਆਇਆ। ਉਹ ਹਿਮਾਚਲ ਦੇ ਡਲਹੌਜ਼ੀ ਇਲਾਕੇ ਵਿਚ ਘੁੰਮਣ ਲਈ ਗਿਆ ਸੀ, ਜਿਥੇ ਪਾਰਕਿੰਗ ਨੂੰ ਲੈ ਕੇ ਪਾਰਕਿੰਗ ਦੇ ਠੇਕੇਦਾਰ ਨਾਲ ਬਹਿਸਬਾਜ਼ੀ ਹੋ ਗਈ ਅਤੇ ਪਾਰਕਿੰਗ ਦੇ ਠੇਕੇਦਾਰ ਨੇ ਸੌ ਤੋਂ ਵੱਧ ਬੰਦਾ ਇਕੱਠਾ ਕਰ ਉਸ ਐੱਨ.ਆਰ.ਆਈ. ਪਰਿਵਾਰ 'ਤੇ ਹਮਲਾ ਕਰ ਦਿੱਤਾ। ਇਸ 'ਚ ਐੱਨ.ਆਰ.ਆਈ. ਪਰਿਵਾਰ ਦੇ ਮੁਖੀ ਖੁਦ ਤੇ ਉਸਦਾ ਭਰਾ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਹੋ ਗਏ, ਜਿਸ ਕਾਰਨ ਪਰਿਵਾਰ ਦਾ ਮੁਖੀ ਦੋ ਦਿਨ ਕੋਮਾ 'ਚ ਰਿਹਾ। ਜਦੋਂ ਉਸ ਨੂੰ ਹੋਸ਼ ਆਇਆ, ਤਾਂ ਐੱਨ.ਆਰ.ਆਈ. ਜੋੜੇ ਨੇ ਮੀਡੀਆ ਨਾਲ ਗੱਲਬਾਤ ਸਾਂਝੀ ਕੀਤੀ।

# ਪੰਜਾਬ ਦੇ ਕੰਵਰਨੂਰ ਸਿੰਘ ਅਤੇ ਅੰਮ੍ਰਿਤਸਰ ਦਾ ਅਨੀਸ਼ ਪਾਂਡੇ ਭਾਰਤੀ ਹਵਾਈ ਸੈਨਾ 'ਚ ਕਮਿਸ਼ਨਡ ਅਫ਼ਸਰ ਬਣੇ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਏ.ਐੱਫ.ਪੀ.ਆਈ.) ਦੇ 8ਵੇਂ ਕੋਰਸ ਦੇ ਦੋ ਕੈਡਿਟਾਂ ਨੇ ਭਾਰਤੀ ਹਵਾਈ ਸੈਨਾ ਵਿਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋ ਕੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ।

ਇਨ੍ਹਾਂ ਦੋਵੇਂ ਕੈਡਿਟਾਂ ਨੂੰ ਏਅਰ ਫੋਰਸ ਅਕੈਡਮੀ, ਡੁੰਡੀਗਲ (ਹੈਦਰਾਬਾਦ) ਵਿਚ ਹੋਈ ਕੰਬਾਈਂਡ ਗ੍ਰੈਜੂਏਸ਼ਨ ਪਰੇਡ (ਸੀ.ਜੀ.ਪੀ.) ਉਪਰੰਤ ਭਾਰਤੀ ਹਵਾਈ ਸੈਨਾ 'ਚ ਅਫ਼ਸਰ ਵਜੋਂ ਕਮਿਸ਼ਨ ਮਿਲਿਆ ਹੈ। ਦੱਸਣਯੋਗ ਹੈ ਕਿ ਇਸ ਪਰੇਡ ਦਾ ਨਿਰੀਖਣ ਏਅਰ ਚੀਫ ਮਾਰਸ਼ਲ ਵੀ.ਆਰ. ਚੌਧਰੀ, ਪੀ.ਵੀ.ਐੱਸ.ਐੱਮ., ਏ.ਵੀ.ਐੱਸ.ਐੱਮ., ਵੀ.ਐੱਮ., ਏ.ਡੀ.ਸੀ. ਵੱਲੋਂ ਕੀਤਾ ਗਿਆ।

ਤਰਨ ਤਾਰਨ ਵਾਸੀ ਫਲਾਇੰਗ ਅਫ਼ਸਰ ਕੰਵਰਨੂਰ ਸਿੰਘ ਫਾਈਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿਚ ਸ਼ਾਮਲ ਹੋਣਗੇ, ਜਦੋਂਕਿ ਅੰਮ੍ਰਿਤਸਰ ਵਾਸੀ ਫਲਾਇੰਗ ਅਫ਼ਸਰ ਅਨੀਸ਼ ਪਾਂਡੇ ਹੈਲੀਕਾਪਟਰ ਪਾਇਲਟ ਵਜੋਂ ਫਲਾਇੰਗ ਬ੍ਰਾਂਚ ਵਿਚ ਸ਼ਾਮਲ ਹੋਣਗੇ।

**■ ਅਮਨ ਅਰੋੜਾ ਵੱਲੋਂ ਦੋਵੇਂ ਅਫ਼ਸਰਾਂ ਨੂੰ ਵਧਾਈ ਤੇ ਭਵਿੱਖ ਲਈ ਸ਼ੁਭਕਾਮਨਾਵਾਂ**

ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਦੋਵਾਂ ਕੈਡਿਟਾਂ ਨੂੰ ਭਾਰਤੀ ਹਵਾਈ ਸੈਨਾ ਦੇ ਅਧਿਕਾਰੀ ਬਣਨ 'ਤੇ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਇਨ੍ਹਾਂ ਕੈਡਿਟਾਂ ਦੇ ਕਮਿਸ਼ਨਡ ਅਫਸਰ ਬਣਨ ਨਾਲ ਮਹਾਰਾਜਾ ਰਣਜੀਤ ਸਿੰਘ ਏ.ਐੱਫ.ਪੀ.ਆਈ. ਦੇ 160 ਸਾਬਕਾ ਕੈਡਿਟ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਵੱਖ-ਵੱਖ ਵਿੰਗਾਂ 'ਚ ਕਮਿਸ਼ਨਡ ਅਫ਼ਸਰ ਵਜੋਂ ਸ਼ਾਮਲ ਹੋ ਚੁੱਕੇ ਹਨ, ਜਿਨ੍ਹਾਂ ਵਿਚ 21 ਅਫ਼ਸਰ ਭਾਰਤੀ ਹਵਾਈ ਸੈਨਾ, 121 ਅਫ਼ਸਰ ਭਾਰਤੀ ਫੌਜ ਅਤੇ 18 ਅਫ਼ਸਰ ਭਾਰਤੀ ਜਲ ਸੈਨਾ 'ਚ ਸ਼ਾਮਲ ਹੋਏ ਹਨ। ਇਸ ਤੋਂ ਇਲਾਵਾ 69 ਸਾਬਕਾ ਕੈਡਿਟ ਤਿੰਨਾਂ ਸੇਵਾਵਾਂ ਵਿਚ ਕਮਿਸ਼ਨਡ ਅਫਸਰ ਬਣਨ ਲਈ ਸਿਖਲਾਈ ਲੈ ਰਹੇ ਹਨ।


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਜਲੰਧਰ ਜ਼ਿਮਨੀ ਚੋਣ: ਭਾਜਪਾ ਨੇ ਸ਼ੀਤਲ ਅੰਗੁਰਾਲ ਨੂੰ ਐਲਾਨਿਆ ਉਮੀਦਵਾਰ

**ਜਲੰਧਰ, (ਪੰਜਾਬ ਮੇਲ)**- ਜਲੰਧਰ ਵੈਸਟ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਸ਼ੀਤਲ ਅੰਗੁਰਾਲ ਦੇ ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿਣ ਅਤੇ ਵਿਧਾਇਕ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਬਾਅਦ ਖ਼ਾਲੀ ਹੋਈ ਸੀਟ ’ਤੇ ਇਕ ਵਾਰ ਫਿਰ ਚੋਣਾਵੀ ਦੰਗਲ ਸ਼ੁਰੂ ਹੋਣ ਜਾ ਰਿਹਾ ਹੈ। ਇਸ ਦੰਗਲ ’ਚ ਭਾਰਤੀ ਜਨਤਾ ਪਾਰਟੀ ਨੇ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਨੂੰ ਹੀ ਆਪਣਾ ਉਮੀਦਵਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਸ਼ੀਤਲ ਅੰਗੁਰਾਲ ਭਾਜਪਾ ਨਾਲ ਜੁੜੇ ਸਨ ਪਰ 2022 ਦੇ ਵਿਧਾਨ ਸਭਾ ਚੋਣ ਤੋਂ ਪਹਿਲਾਂ ਉਹ ਆਮ ਆਦਮੀ ਪਾਰਟੀ ’ਚ ਸ਼ਾਮਲ ਹੋ ਗਏ। ‘ਆਪ’ ਨੇ ਸ਼ੀਤਲ ਅੰਗੁਰਾਲ ਨੂੰ ਵੈਸਟ ਹਲਕੇ ਤੋਂ ਆਪਣਾ ਉਮੀਦਵਾਰ ਬਣਾਇਆ।



ਉਸ ਸਮੇਂ ਸ਼ੀਤਲ ਅੰਗੁਰਾਲ ਨੇ ਆਮ ਆਦਮੀ ਪਾਰਟੀ, ਮਹਿੰਦਰ ਭਗਤ ਨੇ ਭਾਜਪਾ ਅਤੇ ਸੁਸ਼ੀਲ ਰਿੰਕੂ ਨੇ ਕਾਂਗਰਸ ਦੀ ਟਿਕਟ ’ਤੇ ਚੋਣ ਲੜੀ ਸੀ। ਸ਼ੀਤਲ ਅੰਗੁਰਾਲ ਨੇ 39,213 ਵੋਟਾਂ ਹਾਸਲ ਕਰਕੇ ਇਹ ਚੋਣ ਜਿੱਤੀ ਅਤੇ ਵਿਧਾਇਕ ਬਣ ਗਏ। 2024 ਦੀ ਲੋਕ ਸਭਾ ਚੋਣ ਤੋਂ ਪਹਿਲਾਂ ਵਿਧਾਇਕ ਸ਼ੀਤਲ ਅੰਗੁਰਾਲ ਨੇ ਆਮ ਆਦਮੀ ਪਾਰਟੀ ਛੱਡ ਦਿੱਤੀ ਅਤੇ ਵਿਧਾਇਕ ਅਹੁਦੇ ਤੋਂ ਆਪਣਾ ਅਸਤੀਫ਼ਾ ਵਿਧਾਨ ਸਭਾ ਸਪੀਕਰ ਨੂੰ ਭੇਜ ਦਿੱਤਾ। 31 ਮਈ ਨੂੰ ਸ਼ੀਤਲ ਅੰਗੁਰਾਲ ਨੇ ਅਸਤੀਫ਼ਾ ਵਾਪਸ ਲੈਣਾ ਚਾਹਿਆ, ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ 30 ਮਈ ਨੂੰ ਹੀ ਉਨ੍ਹਾਂ ਦਾ ਅਸਤੀਫ਼ਾ ਸਵੀਕਾਰ ਕਰ ਲਿਆ ਗਿਆ ਹੈ। ਇਸ ਮਾਮਲੇ ’ਚ ਸ਼ੀਤਲ ਅੰਗੁਰਾਲ ਨੇ ਕੋਰਟ ’ਚ ਜਾਣ ਦੀ ਗੱਲ ਕਹੀ ਪਰ ਇਸ ਵਿਚਕਾਰ ਚੋਣ ਕਮਿਸ਼ਨ ਨੇ ਜ਼ਿਮਨੀ ਚੋਣ ਦਾ ਐਲਾਨ ਕਰ ਦਿੱਤਾ।

ਵਿਧਾਨ ਸਭਾ ਚੋਣ ਦੇ 2 ਸਾਲ ਬਾਅਦ ਹੁਣ ਇਕ ਵਾਰ ਫਿਰ ਸਥਿਤੀ ਉਲਟ ਹੋ ਗਈ ਹੈ। ਹੁਣ ਸ਼ੀਤਲ ਅੰਗੁਰਾਲ ਭਾਜਪਾ ਅਤੇ ਮਹਿੰਦਰ ਭਗਤ ‘ਆਪ’ ਵੱਲੋਂ ਚੋਣ ਲੜਨ ਜਾ ਰਹੇ ਹਨ। ਫਿਲਹਾਲ ਕਾਂਗਰਸ ਅਤੇ ਅਕਾਲੀ ਦਲ ਨੇ ਹੁਣ ਤੱਕ ਆਪਣੇ ਉਮੀਦਵਾਰ ਦਾ ਐਲਾਨ ਨਹੀਂ ਕੀਤਾ ਹੈ। ਲੋਕ ਸਭਾ ਚੋਣ ’ਚ ਭਾਜਪਾ ਨੇ ਵੈਸਟ ਵਿਚ ਪੂਰਾ ਦਮਖਮ ਦਿਖਾਇਆ। ਭਾਜਪਾ ਉਮੀਦਵਾਰ ਸੁਸ਼ੀਲ ਰਿੰਕੂ ਨੂੰ ਜਿਤਾਉਣ ਲਈ ਸ਼ੀਤਲ ਅੰਗੁਰਾਲ ਸਮੇਤ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰਾਂ ਨੇ ਕਾਫੀ ਮਿਹਨਤ ਕੀਤੀ ਪਰ ਭਾਜਪਾ ਕਰੀਬ 1550 ਵੋਟਾਂ ਤੋਂ ਪਿੱਛੇ ਰਹੀ। ਹੁਣ ਵਿਧਾਨ ਸਭਾ ਜ਼ਿਮਨੀ ਚੋਣ ਜਿੱਤਣਾ ਸਾਰੇ ਸਿਆਸੀ ਪਾਰਟੀਆਂ ਦੇ ਲਈ ਇੱਜ਼ਤ ਦਾ ਸਵਾਲ ਬਣ ਚੁੱਕਾ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਵਿਧਾਇਕ ਸ਼ੀਤਲ ਅੰਗੁਰਾਲ ਅਸਤੀਫ਼ਾ ਦੇਣ ’ਚ ਜਲਦਬਾਜ਼ੀ ਕਰ ਗਏ, ਜਦਕਿ ਉਨ੍ਹਾਂ ਦਾ ਕਰੀਬ 3 ਸਾਲ ਦਾ ਕਾਰਜਕਾਲ ਅਜੇ ਬਾਕੀ ਸੀ। ਜਦੋਂ ਤੱਕ ਸ਼ੀਤਲ ਅੰਗੁਰਾਲ ਨੂੰ ਇਸ ਗੱਲ ਦਾ ਅਹਿਸਾਸ ਹੋਇਆ, ਉਦੋਂ ਤੱਕ ਉਨ੍ਹਾਂ ਦਾ ਅਸਤੀਫ਼ਾ ਸਵੀਕਾਰ ਹੋ ਚੁੱਕਾ ਸੀ। ਖੈਰ, ਹੁਣ ਭਾਜਪਾ ਇਸ ਸੀਟ ਨੂੰ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਾਵੇਗੀ। ਸ਼ੀਤਲ ਅੰਗੁਰਾਲ ਨੇ ਵੀ ਕਿਹਾ ਕਿ ਉਹ ਚੋਣ ਲਈ ਪੂਰੀ ਤਰ੍ਹਾਂ ਤਿਆਰ ਹਨ। ਵੈਸਟ ਹਲਕੇ ਦੇ ਲੋਕਾਂ ਨੇ ਉਨ੍ਹਾਂ ’ਤੇ ਜੋ ਭਰੋਸਾ ਜਤਾਇਆ ਹੈ, ਉਹ ਉਸਨੂੰ ਹਰ ਹਾਲਤ ’ਚ ਕਾਇਮ ਰੱਖਣਗੇ ਅਤੇ ਚੋਣ ਜਿੱਤ ਕੇ ਹਲਕੇ ਦੇ ਸਾਰੇ ਅਧੂਰੇ ਕੰਮਾਂ ਨੂੰ ਪੂਰਾ ਕਰਨਗੇ

ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

## ਨਿਊਜਰਸੀ ਦਾ ਹਰਸ਼ ਪਟੇਲ ਕਤਲ ਦੀ ਕੋਸ਼ਿਸ਼ ’ਚ ਗ੍ਰਿਫਤਾਰ

**ਨਿਊਜਰਸੀ, (ਰਾਜ ਗੋਗਨਾ/ ਪੰਜਾਬ ਮੇਲ)**- ਨਿਊਜਰਸੀ ਪੁਲਿਸ ਨੇ ਇਕ ਭਾਰਤੀ ਗੁਜਰਾਤੀ ਹਰਸ਼ ਪਟੇਲ ਨੂੰ ਇੱਕ ਲੜਕੀ ’ਤੇ ਜਾਨਲੇਵਾ ਚਾਕੂ ਮਾਰਨ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਹੈ। 30 ਸਾਲਾਂ ਦੀ ਇਕ ਲੜਕੀ ਨੂੰ ਚਾਕੂ ਮਾਰ ਕੇ ਫਰਾਰ ਹੋਏ ਹਰਸ਼ ਪਟੇਲ ਨੂੰ ਉਸ ਦੇ ਘਰੋਂ ਪੁਲਿਸ ਵੱਲੋਂ ਗ੍ਰਿਫਤਾਰ ਕੀਤਾ ਗਿਆ। ਲੜਕੀ ’ਤੇ ਹਮਲੇ ਦੇ ਪਿੱਛੇ ਦਾ ਕਾਰਨ ਅਜੇ ਵੀ ਭੇਤ ਭਰਿਆ ਬਣਿਆ ਹੋਇਆ ਹੈ। ਦੋਸ਼ ਸਾਬਤ ਹੋਣ ’ਤੇ ਉਸ ਨੂੰ ਇਕ ਲੰਬੀ ਸਜ਼ਾ ਹੋ ਸਕਦੀ ਹੈ । ਨਿਊਜਰਸੀ ਦੀ ਗਲਵੁੱਡ ਕਲਿਫ ਪੁਲਿਸ ਨੇ ਐਤਵਾਰ ਨੂੰ 29 ਸਾਲਾ ਹਰਸ਼ ਪਟੇਲ ਨੂੰ ਗ੍ਰਿਫਤਾਰ ਕੀਤਾ। ਨਿਊਜਰਸੀ ਦੀ ਬਰਗਨ ਕਾਉਂਟੀ ਦੇ ਵਕੀਲ ਮਾਰਕ ਮੁਸੇਲਾ ਦੇ ਮੁਤਾਬਕ, ਹਰਸ਼ ਪਟੇਲ ਨੇ ਇੱਕ ਪਾਰਕਿੰਗ ਵਿਚ ਪੀੜਤਾ ’ਤੇ ਹਮਲਾ ਕੀਤਾ। ਜਦੋਂ ਉਹ ਆਪਣੀ ਕਾਰ ਵਿਚ ਸੀ, ਤਾਂ ਹਰਸ਼ ਪੀੜਤਾਂ ਕੋਲ ਪਹੁੰਚਿਆ ਅਤੇ ਉਸ ਦੀ ਕਾਰ ਦੀ ਖਿੜਕੀ ਦਾ ਸ਼ੀਸ਼ਾ ਖੜਕਾਇਆ। ਪੀੜਤ ਨੇ ਕਾਰ ਦੀ ਖਿੜਕੀ ਦੇ ਸ਼ੀਸ਼ੇ ਹੇਠਾਂ ਕਰ ਦਿੱਤੇ। ਹਰਸ਼ ਪਟੇਲ ਨੇ ਉਸ ’ਤੇ ਚਾਕੂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਹਰਸ਼ ਪਟੇਲ ਨੇ ਪੀੜਤਾ ਦੇ ਗਲੇ ’ਚ ਚਾਕੂ ਮਾਰਨਾ ਚਾਹਿਆ ਪਰ ਦੋਵਾਂ ਵਿਚਾਲੇ ਹੋਏ ਝਗੜੇ ਦੌਰਾਨ ਪੀੜਤ ਲੜਕੀ ਦੇ ਹੱਥ ’ਤੇ ਚਾਕੂ ਦਾ ਜ਼ਖਮ ਹੋ ਗਿਆ ਅਤੇ ਹਰਸ਼ ਮੌਕੇ ’ਤੋਂ ਫਰਾਰ ਹੋ ਗਿਆ। ਹਰਸ਼ ’ਤੇ ਦੂਜੇ ਦਰਜੇ ਦੇ ਹਮਲੇ ਤੋਂ ਇਲਾਵਾ ਪਹਿਲੀ ਡਿਗਰੀ ਕਤਲ ਦੀ ਕੋਸ਼ਿਸ਼ ਦਾ ਦੋਸ਼ ਹੈ।

# ਭਾਰਤੀ-ਅਮਰੀਕੀ ਨੇ 11 ਉਮੀਦਵਾਰਾਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ

**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)**- ਵਰਜੀਨੀਆ ਰਾਜ ਦੇ 10ਵੇਂ ਕਾਂਗਰੇਸ਼ਨਲ ਡਿਸਟ੍ਰਿਕਟ ਤੋਂ ਅਮਰੀਕੀ ਪ੍ਰਤੀਨਿਧੀ ਸਭਾ ਲਈ ਚੋਣ ਲੜ ਰਹੇ, ਭਾਰਤੀ-ਅਮਰੀਕੀ ਸੁਹਾਸ ਸੁਬਰਾਮਨੀਅਮ ਵੱਲੋਂ ਕਾਂਗਰਸ ਦੀ ਸੀਟ ਲਈ ਡੈਮੋਕ੍ਰੇਟਿਕ ਪ੍ਰਾਇਮਰੀ ਚੋਣ ਜਿੱਤ ਗਏ ਹਨ। ਵਰਜੀਨੀਆ ’ਚ ਵੱਡੀ ਗਿਣਤੀ ਵਿਚ ਭਾਰਤੀ-ਅਮਰੀਕੀਆ ਦੀ ਆਬਾਦੀ ਹੈ। ਸੁਹਾਸ ਸੁਬਰਾਮਨੀਅਮ ਨੇ 11 ਉਮੀਦਵਾਰਾਂ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਹੈ। ਦੱਸਣਯੋਗ ਹੈ ਕਿ ਸੰਨ 2015 ਵਿਚ ਉਸ ਨੂੰ ਬਰਾਕ ਓਬਾਮਾ ਦੁਆਰਾ ਵ੍ਹਾਈਟ ਹਾਊਸ ਵਿਚ ਤਕਨੀਕੀ ਨੀਤੀ ਸਲਾਹਕਾਰ ਨਿਯੁਕਤ ਕੀਤਾ ਗਿਆ



ਸੀ। ਉਸ ਨੇ ਪਹਿਲਾਂ ਹੀ ਕਿਹਾ ਸੀ ਕਿ ਉਹ ਅਮਰੀਕਾ ਦੇ ਬਿਹਤਰ ਭਵਿੱਖ ਨੂੰ ਯਕੀਨੀ ਬਣਾਉਣ ਲਈ ਕਾਂਗਰਸ ਲਈ ਚੋਣ ਮੈਦਾਨ ਵਿਚ ਨਿੱਤਰਣਗੇ। 37 ਸਾਲਾ ਸੁਬਰਾਮਨੀਅਮ ਦਾ ਜਨਮ ਹਿਊਸਟਨ ਟੈਕਸਾਸ ਵਿਚ ਭਾਰਤੀ-ਅਮਰੀਕੀ ਮਾਪਿਆਂ ਦੇ ਘਰ ਹੋਇਆ ਸੀ, ਜੋ ਭਾਰਤ ਦੇ ਬੇਂਗਲੁਰੂ ਰਾਜ ਤੋਂ ਅਮਰੀਕਾ ਪਰਵਾਸ ਕਰ ਗਏ ਸਨ।

## ਜਲੰਧਰ ਜ਼ਿਮਨੀ ਚੋਣ: ਕਾਂਗਰਸ ਨੂੰ ਨਹੀਂ ਮਿਲ ਰਿਹੈ ਮਜ਼ਬੂਤ ਉਮੀਦਵਾਰ

**ਜਲੰਧਰ, (ਪੰਜਾਬ ਮੇਲ)**- ਜਲੰਧਰ ਵੈਸਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਦਾ ਐਲਾਨ ਹੋਣ ਦੇ ਬਾਵਜੂਦ ਕਾਂਗਰਸ ਨੂੰ ਅਜੇ ਤੱਕ ਕੋਈ ਅਜਿਹਾ ਮਜ਼ਬੂਤ ਚਿਹਰਾ ਨਹੀਂ ਮਿਲ ਰਿਹਾ, ਜਿਸ ਨੂੰ ਉਹ ਚੋਣ ਮੈਦਾਨ ਵਿਚ ਉਤਾਰ ਸਕੇ। ਹਾਲਾਂਕਿ 21 ਟਿਕਟਾਂ ਦੇ ਦਾਅਵੇਦਾਰਾਂ ’ਚ ਆਖਰੀ ਪੇਚ ਨਗਰ ਨਿਗਮ ਦੀ ਸਾਬਕਾ ਸੀਨੀ. ਡਿਪਟੀ ਮੇਅਰ ਸੁਰਿੰਦਰ ਕੌਰ ਅਤੇ ਜ਼ਿਲ੍ਹਾ ਕਾਂਗਰਸ ਦੇ ਸੀਨੀਅਰ ਮੀਤ ਪ੍ਰਧਾਨ ਪਵਨ ਕੁਮਾਰ ਵਿਚਾਲੇ ਹੀ ਫਸਿਆ ਮੰਨਿਆ ਜਾ ਰਿਹਾ ਹੈ।

ਬੀਤੇ ਦਿਨੀਂ ਸਾਰਾ ਦਿਨ ਕਾਂਗਰਸ ਦੇ ਸੀਨੀਅਰ ਆਗੂ ਇਹ ਦਾਅਵੇ ਕਰਦੇ ਰਹੇ ਕਿ ਹਾਈਕਮਾਂਡ ਸ਼ਾਮ ਤੱਕ ਉਮੀਦਵਾਰਾਂ ਦੀ ਚੋਣ ਕਰਕੇ ਉਨ੍ਹਾਂ ਦੇ ਨਾਵਾਂ ਦਾ ਐਲਾਨ ਕਰ ਦੇਵੇਗੀ ਪਰ ਦਿਨ ਭਰ ਇਕ-ਦੂਜੇ ਦੀ ਨਬਜ਼ ਟਟੋਲਦੇ ਦਾਅਵੇਦਾਰ ਦੇਰ ਸ਼ਾਮ ਤੱਕ ਕਾਫ਼ੀ ਬੇਚੈਨ ਨਜ਼ਰ ਆਏ। ਭਾਵੇਂ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦੀ ਆਖਰੀ ਮਿਤੀ 21 ਜੂਨ ਹੈ ਪਰ ਭਾਜਪਾ ਉਮੀਦਵਾਰ ਸਾਬਕਾ ਵਿਧਾਇਕ ਸ਼ੀਤਲ ਅੰਗੁਰਾਲ ਤੇ ‘ਆਪ’ ਦੇ ਉਮੀਦਵਾਰ ਮਹਿੰਦਰ ਭਗਤ ਨੇ ਆਪਣੇ ਨਾਵਾਂ ਦਾ ਐਲਾਨ ਹੋਣ ਤੋਂ ਬਾਅਦ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ।

# ਜਲੰਧਰ ਜ਼ਿਮਨੀ ਚੋਣ: ਭਾਜਪਾ ਵੱਲੋਂ 38 ਸਟਾਰ ਪ੍ਰਚਾਰਕਾਂ ਦੀ ਲਿਸਟ ਜਾਰੀ

**ਜਲੰਧਰ, (ਪੰਜਾਬ ਮੇਲ)**- ਜਲੰਧਰ ਵੈਸਟ ਹਲਕੇ ਵਿਚ ਹੋਣ ਵਾਲੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਨੇ 38 ਸਟਾਰ ਪ੍ਰਚਾਰਕਾਂ ਦੀ ਲਿਸਟ ਜਾਰੀ ਕੀਤੀ ਹੈ, ਜੋ ਕਿ ਅਗਲੇ ਦਿਨਾਂ ਵਿਚ ਭਾਜਪਾ ਉਮੀਦਵਾਰ ਸ਼ੀਤਲ ਅੰਗੁਰਾਲ ਲਈ ਪ੍ਰਚਾਰ ਕਰਨਗੇ।

ਇਨ੍ਹਾਂ ਸਟਾਰ ਪ੍ਰਚਾਰਕਾਂ ’ਚ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ, ਨਾਇਬ ਸਿੰਘ ਸੈਣੀ, ਸੌਦਨ ਸਿੰਘ, ਤਰੁਣ ਚੁੱਘ, ਕੇਂਦਰੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ, ਅਰਜੁਨ ਰਾਮ ਮੇਘਵਾਲ, ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ, ਅਨੁਰਾਗ ਠਾਕੁਰ, ਸੋਮ ਪ੍ਰਕਾਸ਼, ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਨੀ, ਨਰਿੰਦਰ ਸਿੰਘ ਰੈਣਾ, ਕੈਪਟਨ ਅਮਰਿੰਦਰ ਸਿੰਘ, ਸਾਬਕਾ ਮੰਤਰੀ ਮਨੋਰੰਜਨ ਕਾਲੀਆ, ਅਦਾਕਾਰਾ ਅਤੇ ਭਾਜਪਾ ਆਗੂ ਹੇਮਾ ਮਾਲਿਨੀ, ਚਰਨਜੀਤ ਸਿੰਘ ਅਟਵਾਲ, ਅਸ਼ਵਨੀ ਸ਼ਰਮਾ ਤੇ ਅਵਿਨਾਸ਼ ਰਾਏ ਖੰਨਾ ਸ਼ਾਮਲ ਹਨ।

ਇਸ ਤੋਂ ਇਲਾਵਾ ਹਰਜੀਤ ਸਿੰਘ ਗਰੇਵਾਲ, ਮਨਜਿੰਦਰ ਸਿੰਘ ਸਿਰਸਾ, ਭੋਜਪੁਰੀ ਗਾਇਕ ਅਤੇ ਸੰਸਦ ਮੈਂਬਰ ਮਨੋਜ ਤਿਵਾੜੀ, ਸ਼ਵੇਤ ਮਲਿਕ, ਕੇਵਲ ਸਿੰਘ ਢਿੱਲੋਂ, ਜੰਗੀ ਲਾਲ ਮਹਾਜਨ, ਮਨਪ੍ਰੀਤ ਸਿੰਘ ਬਾਦਲ, ਫਤਹਿਜੰਗ ਸਿੰਘ ਬਾਜਵਾ, ਅਸ਼ਵਨੀ ਸੇਖੜੀ, ਰਵੀ ਕਿਸ਼ਨ, ਭੋਜਪੁਰੀ ਐਕਟਰ ਦਿਨੇਸ਼ ਲਾਲ ਯਾਦਵ ਉਰਫ ਨਿਰਹੁਆ, ਭਾਜਪਾ ਆਗੂ ਅਤੇ ਅਦਾਕਾਰਾ ਪ੍ਰੀਤੀ ਸਪਰੂ, ਮੰਤਰੀ ਸ਼੍ਰੀਨਿਵਾਸੁਲੂ, ਰਾਕੇਸ਼ ਰਾਠੌਰ, ਦਿਆਲ ਸਿੰਘ ਸੋਢੀ, ਅਨਿਲ ਸਰੀਨ, ਜਗਮੋਹਨ ਸਿੰਘ ਰਾਜੂ, ਪਰਮਿੰਦਰ ਸਿੰਘ ਬਰਾੜ, ਰਾਣਾ ਗੁਰਮੀਤ ਸਿੰਘ ਸੋਢੀ ਅਤੇ ਸੁਸ਼ੀਲ ਰਿੰਕੂ ਦੇ ਨਾਂ ਵੀ ਸ਼ਾਮਲ ਹਨ।

## ਪੋਰਨ ਸਟਾਰ ਨੂੰ ਚੁੱਪ ਰਹਿਣ ਲਈ ਭੁਗਤਾਨ ਕਰਨ ਦਾ ਮਾਮਲਾ

**ਨਿਊਯਾਰਕ, (ਪੰਜਾਬ ਮੇਲ)**- ਨਿਊਯਾਰਕ ਦੀ ਸਿਖਰਲੀ ਅਦਾਲਤ ਨੇ ਮੰਗਲਵਾਰ ਨੂੰ ਡੋਨਾਲਡ ਟਰੰਪ ਦੀ ਸਟੇਅ ਪਟੀਸ਼ਨ ’ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਤਰ੍ਹਾਂ, ਇੱਕ ਗੰਭੀਰ ਅਪਰਾਧ ਲਈ ਪਿਛਲੇ ਮਹੀਨੇ ਉਨ੍ਹਾਂ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਉਨ੍ਹਾਂ ਵਿਰੁੱਧ ਲਗਾਈਆਂ ਗਈਆਂ ਪਾਬੰਦੀਆਂ ਬਰਕਰਾਰ ਰਹਿਣਗੀਆਂ। ਅਪੀਲੀ ਅਦਾਲਤ ਨੇ ਪਾਇਆ ਕਿ ਆਦੇਸ਼ ਨੇ ਕੋਈ ਵੀ “ਮਹੱਤਵਪੂਰਨ” ਸੰਵਿਧਾਨਕ ਮੁੱਦਾ ਨਹੀਂ ਉਠਾਇਆ, ਜਿਸ ਲਈ ਤੁਰੰਤ ਦਖਲ ਦੀ ਲੋੜ ਹੈ। ਇਹ ਫੈਸਲਾ ਸਾਬਕਾ ਰਾਸ਼ਟਰਪਤੀ ਲਈ ਇੱਕ ਕਾਨੂੰਨੀ ਝਟਕਾ ਹੈ, ਜਿਸ ਨੇ ਵਾਰ-ਵਾਰ ਇੱਕ ਅਜਿਹੇ ਆਦੇਸ਼ ਦੇ ਖਿਲਾਫ ਵਿਰੋਧ ਕੀਤਾ ਹੈ, ਜੋ ਉਸਨੂੰ ਇੱਕ ਪੋਰਨ ਸਟਾਰ ਨੂੰ ਚੁੱਪ ਰਹਿਣ ਲਈ ਭੁਗਤਾਨ ਕਰਨ ਦੇ ਮਾਮਲੇ ਵਿਚ ਗਵਾਹਾਂ, ਜੱਜਾਂ ਅਤੇ ਹੋਰਾਂ ਨੂੰ ਟਿੱਪਣੀ ਕਰਨ ਤੋਂ ਰੋਕਦਾ ਹੈ। ਇਹ ਸਟੇਅ, ਹਾਲਾਂਕਿ, ਥੋੜ੍ਹੇ ਸਮੇਂ ਲਈ ਹੋ ਸਕਦਾ ਹੈ।

## ਇਟਲੀ ’ਚ ਪ੍ਰਵਾਸੀਆਂ ਨੂੰ ਲਿਜਾ ਰਹੀਆਂ 2 ਕਿਸ਼ਤੀਆਂ ਡੁੱਬੀਆਂ; 11 ਲੋਕਾਂ ਦੀ ਮੌਤ

**ਇਟਲੀ, (ਪੰਜਾਬ ਮੇਲ)**- ਇਟਲੀ ਦੇ ਲੈਂਪੇਸੁਡਾ ਟਾਪੂ ’ਤੇ ਇਕ ਦੁਖ਼ਦਾਈ ਘਟਨਾ ’ਚ ਪ੍ਰਵਾਸੀਆਂ ਨੂੰ ਲਿਜਾ ਰਹੀਆਂ 2 ਕਿਸ਼ਤੀਆਂ ਹਾਦਸੇ ਦਾ ਸ਼ਿਕਾਰ ਹੋ ਗਈਆਂ। ਕਿਸ਼ਤੀਆਂ ਡੁੱਬਣ ਨਾਲ 11 ਲੋਕਾਂ ਦੀ ਮੌਤ ਹੋ ਗਈ, ਜਦਕਿ 64 ਹੋਰ ਲਾਪਤਾ ਹੋ ਗਏ। ਪਹਿਲੇ ਹਾਦਸੇ ’ਚ ਇਟਲੀ ਦੇ ਦੱਖਣੀ ਤੱਟ ’ਤੇ ਇਕ ਜਹਾਜ਼ ਦੇ ਡੁੱਬਣ ਕਾਰਨ 64 ਲੋਕ ਸਮੁੰਦਰ ’ਚ ਲਾਪਤਾ ਹੋ ਗਏ, ਜਦਕਿ 11 ਨੂੰ ਬਚਾ ਲਿਆ ਗਿਆ। ਮੌਕੇ ਤੋਂ ਇਕ ਲਾਸ਼ ਮਿਲੀ ਹੈ। ਬਚਾਏ ਗਏ ਪ੍ਰਵਾਸੀਆਂ ਤੋਂ ਮਿਲੀ ਸ਼ੁਰੂਆਤੀ ਜਾਣਕਾਰੀ ਤੋਂ ਪਤਾ ਲੱਗਾ ਹੈ ਕਿ ਜਹਾਜ਼ ਤੁਰਕੀ ਤੋਂ ਰਵਾਨਾ ਹੋਇਆ ਸੀ, ਜਿਸ ਵਿਚ ਇਰਾਕ, ਸੀਰੀਆ ਅਤੇ ਈਰਾਨ ਦੇ ਪ੍ਰਵਾਸੀਆਂ ਅਤੇ ਸ਼ਰਨਾਰਥੀ ਸਵਾਰ ਸਨ। ਇਕ ਹੋਰ ਘਟਨਾ ਵਿਚ ਜਰਮਨ ਐੱਨ.ਜੀ.ਓ. ‘ਰੈਸਕਿਊਸ਼ਿਪ’ ਵੱਲੋਂ ਮਾਲਟਾ ਦੇ ਪਾਣੀ ’ਚ ਡੁੱਬੇ ਜਹਾਜ਼ ਤੋਂ ਘੱਟੋ-ਘੱਟ 51 ਲੋਕਾਂ ਨੂੰ ਬਚਾਅ ਲਿਆ, ਜਦਕਿ 10 ਲੋਕਾਂ ਦੀ ਮੌਤ ਹੋ ਗਈ।

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold # 2867, Gem # 375, TV Zon # 6888,
Glow TV # 1828, Tashan # 131, Real TV etc.

You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

# ਡੀ.ਜੀ.ਪੀ. ਪੰਜਾਬ ਦੀਆਂ ਹਦਾਇਤਾਂ 'ਤੇ ਪੁਲਿਸ ਸਟੇਸ਼ਨਾਂ 'ਚ ਤਾਇਨਾਤ ਪੁਲਿਸ ਬਲ ਵਿਚ ਵੱਡਾ ਫੇਰਬਦਲ

■ 2017 ਤੋਂ ਹੈਰੋਇਨ ਬਰਾਮਦਗੀ ਵਿਚ 5.6 ਗੁਣਾ ਵਾਧਾ
■ ਐੱਨ.ਡੀ.ਪੀ.ਐੱਸ. ਐਕਟ ਵਿਚ ਦੋਸ਼ ਸਾਬਤ ਹੋਣ ਦੀ ਦਰ 81 ਫੀਸਦੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ, ਪੰਜਾਬ ਪੁਲਿਸ ਵੱਲੋਂ ਨਸ਼ਿਆਂ ਦੇ ਪਛਾਣੇ ਗਏ ਹੌਟਸਪੌਟਸ ਅਤੇ ਸੰਵੇਦਨਸ਼ੀਲ ਖੇਤਰਾਂ ਵਿਚ ਨਸ਼ਾ ਸਪਲਾਈ ਦੀ ਕੜੀ ਨੂੰ ਵਿਕਰੀ ਦੇ ਪੱਧਰ (ਪੁਆਇੰਟ ਆਫ ਸੇਲ) ਤੋਂ ਤੋੜਨ ਦੇ ਉਦੇਸ਼ ਨਾਲ ਵਿਆਪਕ ਸੂਬਾ ਪੱਧਰੀ ਘੇਰਾਬੰਦੀ ਅਤੇ ਤਲਾਸ਼ੀ ਆਪ੍ਰੇਸ਼ਨ (ਸੀ.ਏ.ਐੱਸ.ਓ.) ਚਲਾਇਆ ਗਿਆ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿਚ ਸਵੇਰੇ 11 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਇਆ ਗਿਆ। ਸਾਰੀਆਂ ਰੇਂਜਾਂ ਦੇ ਏ.ਡੀ.ਜੀ.ਪੀਜ਼/ਆਈ.ਜੀ.ਪੀਜ਼/ਡੀ.ਆਈ.ਜੀਜ਼ ਅਤੇ ਸੀ.ਪੀਜ਼/ਐੱਸ.ਐੱਸ.ਪੀਜ਼ ਨੂੰ ਆਪੋ-ਆਪਣੇ ਜ਼ਿਲ੍ਹੇ ਵਿਚ ਨਿੱਜੀ ਤੌਰ 'ਤੇ ਇਸ ਆਪਰੇਸ਼ਨ ਦੌਰਾਨ ਨਿਗਰਾਨੀ ਕਰਨ ਲਈ ਕਿਹਾ ਗਿਆ ਸੀ।

ਸੀ.ਪੀਜ਼/ ਐੱਸ.ਐੱਸ.ਪੀਜ਼ ਨੂੰ ਉਨ੍ਹਾਂ ਦੇ ਸਬੰਧਤ ਜ਼ਿਲ੍ਹਿਆਂ ਵਿਚ ਨਸ਼ਿਆਂ ਦੇ ਹੌਟਸਪੌਟਸ - ਨਸ਼ੀਲੇ ਪਦਾਰਥਾਂ ਅਤੇ ਮਨੋਵਿਗਿਆਨਕ ਪਦਾਰਥਾਂ ਦੀ ਵਿਕਰੀ ਸਥਾਨਾਂ ਜਾਂ ਉਹ ਖੇਤਰ ਜੋ ਨਸ਼ਾ ਤਸਕਰਾਂ ਲਈ ਛੁਪਣਗਾਹ/ਸੁਰੱਖਿਅਤ ਸਥਾਨ ਬਣ ਗਏ ਹਨ - ਦੀ ਪਛਾਣ ਕਰਕੇ ਵੱਡੀ ਗਿਣਤੀ ਵਿਚ ਪੁਲਿਸ ਬਲ ਨਾਲ ਸਾਵਧਾਨੀਪੂਰਵਕ ਢੰਗ ਨਾਲ ਇਸ ਆਪ੍ਰੇਸ਼ਨ ਨੂੰ ਨੇਪਰੇ ਚਾੜਨ ਦੀ ਯੋਜਨਾ ਬਣਾਉਣ ਲਈ ਕਿਹਾ ਗਿਆ ਸੀ।

ਸਪੈਸ਼ਲ ਡੀ.ਜੀ.ਪੀ. ਲਾਅ ਐਂਡ ਆਰਡਰ ਅਰਪਿਤ ਸ਼ੁਕਲਾ, ਜੋ ਐੱਸ.ਏ.ਐੱਸ. ਨਗਰ ਵਿਖੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀ.ਆਈ.ਜੀ.) ਰੋਪੜ ਰੇਂਜ ਨੀਲਾਂਬਰੀ ਜਗਦਲੇ ਅਤੇ ਸੀਨੀਅਰ ਪੁਲਿਸ ਕਪਤਾਨ (ਐੱਸ.ਐੱਸ.ਪੀ.) ਡਾ. ਸੰਦੀਪ ਗਰਗ ਨਾਲ ਇਸ ਆਪ੍ਰੇਸ਼ਨ ਵਿਚ ਸ਼ਾਮਲ ਹੋਏ, ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਤੋਂ ਨਸ਼ਿਆਂ ਦੇ ਖ਼ਾਤਮੇ ਲਈ ਬਹੁ-ਪੱਖੀ ਰਣਨੀਤੀ 'ਇਨਫੋਰਸਮੈਂਟ, ਡੀ-ਐਡਿਕਸ਼ਨ ਅਤੇ ਪ੍ਰੀਵੈਂਸ਼ਨ (ਈ.ਡੀ.ਪੀ.)' ਅਪਣਾਈ ਗਈ ਹੈ।

ਉਨ੍ਹਾਂ ਕਿਹਾ ਕਿ ਇਸ ਬਹੁ-ਪੱਖੀ ਰਣਨੀਤੀ ਦੇ ਇਨਫੋਰਸਮੈਂਟ ਹਿੱਸੇ ਤਹਿਤ, ਪੁਲਿਸ ਵੱਲੋਂ ਛੋਟੇ ਨਸ਼ਾ ਤਸਕਰਾਂ ਨੂੰ ਨਾਮਜ਼ਦ ਕਰਕੇ ਨਸ਼ਾ ਸਪਲਾਈ ਦੀ ਕੜੀ ਨੂੰ ਵਿਕਰੀ ਦੇ ਪੱਧਰ ਤੋਂ ਹੀ ਤੋੜਨ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਐੱਨ.ਡੀ.ਪੀ.ਐੱਸ. ਐਕਟ ਦੀ ਧਾਰਾ 68 ਐੱਫ. ਤਹਿਤ ਵੱਡੀਆਂ ਮੱਛੀਆਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ ਨੂੰ ਵੀ ਜ਼ਬਤ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਸਰਹੱਦ ਪਾਰੋਂ ਨਸ਼ਿਆਂ ਦੀ ਤਸਕਰੀ ਨੂੰ ਰੋਕਣ ਲਈ ਸਰਹੱਦ ਦੇ ਨਾਲ-ਨਾਲ ਸੁਰੱਖਿਆ ਦੀ ਦੂਜੀ ਕਤਾਰ ਨੂੰ ਵੀ ਮਜ਼ਬੂਤ ਕੀਤਾ ਗਿਆ ਹੈ।

ਸਪੈਸ਼ਲ ਡੀ.ਜੀ.ਪੀ. ਨੇ ਕਿਹਾ ਕਿ ਡੀ.ਜੀ.ਪੀ. ਪੰਜਾਬ ਦੇ ਸਪੱਸ਼ਟ ਨਿਰਦੇਸ਼ਾਂ ਤੋਂ ਬਾਅਦ ਕਾਂਸਟੇਬਲ ਰੈਂਕ ਤੋਂ ਲੈ ਕੇ ਇੰਸਪੈਕਟਰ ਰੈਂਕ ਤੱਕ ਦੇ ਸਾਰੇ ਪੁਲਿਸ ਮੁਲਾਜ਼ਮਾਂ, ਜੋ ਤਿੰਨ ਜਾਂ ਤਿੰਨ ਤੋਂ ਵੱਧ ਸਾਲਾਂ ਤੋਂ ਥਾਣੇ ਵਿਚ ਤਾਇਨਾਤ ਹਨ, ਦਾ ਸੂਬੇ ਭਰ ਦੇ ਥਾਣਿਆਂ ਵਿਚ ਵੱਡੇ ਪੱਧਰ 'ਤੇ ਫੇਰਬਦਲ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪੁਲਿਸ ਅਧਿਕਾਰੀਆਂ ਨੂੰ ਐੱਨ.ਡੀ.ਪੀ.ਐੱਸ. ਐਕਟ ਤਹਿਤ ਦਰਜ ਕੀਤੇ ਸਾਰੇ ਕੇਸਾਂ ਦੇ ਅਗਲੇ ਅਤੇ ਪਿਛਲੇ ਸਬੰਧਾਂ ਨੂੰ ਘੋਖਣ ਤੇ ਨਸ਼ਾ ਤਸਕਰਾਂ ਨਾਲ ਮਿਲੀਭੁਗਤ ਵਿਚ ਸ਼ਾਮਲ ਸਾਰੇ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕਰਨ ਲਈ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਜੇਲ੍ਹਾਂ ਵਿਚ ਬੰਦ ਸਾਰੇ ਨਸ਼ਾ ਤਸਕਰਾਂ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ।

ਸਪੈਸ਼ਲ ਡੀ.ਜੀ.ਪੀ. ਅਰਪਿਤ ਸ਼ੁਕਲਾ ਨੇ ਦੱਸਿਆ ਕਿ ਸੂਬੇ ਵਿਚੋਂ ਨਸ਼ਿਆਂ ਦੀ ਅਲਾਮਤ ਨੂੰ ਜੜ੍ਹੋਂ ਪੁੱਟਣ ਲਈ ਪੰਜਾਬ ਪੁਲਿਸ ਦੇ ਸਖ਼ਤ ਯਤਨਾਂ ਸਦਕਾ 2017 ਤੋਂ ਹੁਣ ਤੱਕ ਹੈਰੋਇਨ ਦੀ ਬਰਾਮਦਗੀ ਵਿਚ 5.6 ਗੁਣਾ (567 ਫ਼ੀਸਦੀ) ਵਾਧਾ ਹੋਇਆ ਹੈ। ਜ਼ਿਕਰਯੋਗ ਹੈ ਕਿ 2023 ਵਿਚ ਪੰਜਾਬ ਪੁਲਿਸ ਵੱਲੋਂ ਰਿਕਾਰਡ 1346 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ ਹੈ, ਜਦਕਿ 2022 ਵਿਚ 594 ਕਿਲੋਗ੍ਰਾਮ, 2021 ਵਿਚ 571 ਕਿਲੋਗ੍ਰਾਮ, 2020 ਵਿਚ 760 ਕਿਲੋਗ੍ਰਾਮ, 2019 ਵਿਚ 460 ਕਿਲੋਗ੍ਰਾਮ, 2018 ਵਿਚ 424 ਕਿਲੋਗ੍ਰਾਮ ਅਤੇ 2017 ਵਿਚ 179 ਕਿਲੋਗ੍ਰਾਮ ਹੈਰੋਇਨ ਜ਼ਬਤ ਕੀਤੀ ਗਈ ਸੀ।

# ਜੀ-7 ਵੱਲੋਂ ਇਰਾਨ ਨੂੰ ਪਰਮਾਣੂ ਗਤੀਵਿਧੀਆਂ ਸਬੰਧੀ ਚਿਤਾਵਨੀ




ਬਾਰੀ (ਇਟਲੀ), (ਪੰਜਾਬ ਮੇਲ)- ਜੀ-7 ਸਮੂਹ ਨੇ ਇਕ ਡਰਾਫਟ ਸੰਦੇਸ਼ ਰਾਹੀਂ ਇਰਾਨ ਨੂੰ ਆਪਣੇ ਪਰਮਾਣੂ ਸੋਧ ਦੇ ਪ੍ਰੋਗਰਾਮ ਨੂੰ ਅੱਗੇ ਵਧਾਉਣ ਖ਼ਿਲਾਫ਼ ਚਿਤਾਵਨੀ ਦਿੰਦਿਆਂ ਕਿਹਾ ਕਿ ਤਹਿਰਾਨ ਜੇ ਰੂਸ ਨੂੰ ਬੈਲਿਸਟਿਕ ਮਿਜ਼ਾਈਲਾਂ ਦਿੰਦਾ ਹੈ, ਤਾਂ ਉਸ ਖ਼ਿਲਾਫ਼ ਨਵੇਂ ਕਦਮ ਉਠਾਉਣ ਲਈ ਤਿਆਰ ਹੈ। ਰਾਇਟਰਜ਼ ਦੁਆਰਾ ਦਰਜ ਇੱਕ ਬਿਆਨ ਅਨੁਸਾਰ ਕਿਹਾ ਗਿਆ ਹੈ ਕਿ ਅਸੀਂ ਤਹਿਰਾਨ ਦੀਆਂ ਪਰਮਾਣੂ ਗਤੀਵਿਧੀਆਂ ਨੂੰ ਵਾਪਸ ਲੈਣ ਅਤੇ ਯੂਰੇਨੀਅਮ ਸੋਧ ਗਤੀਵਿਧੀਆਂ ਨੂੰ ਰੋਕਣ ਦੀ ਅਪੀਲ ਕਰਦੇ ਹਾਂ।

ਸੰਯੁਕਤ ਰਾਸ਼ਟਰ ਦੀ ਪਰਮਾਣੂ ਨਿਗਰਾਨ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਇਰਾਨ ਨੇ ਆਪਣੇ ਫੋਰਦੋ ਪਰਮਾਣੂ ਟਿਕਾਣੇ 'ਤੇ ਯੂਰੇਨੀਅਮ ਸੋਧਣ ਵਾਲੇ ਸੈਂਟਰੀਫਿਊਜ਼ ਸਥਾਪਿਤ ਕੀਤੇ ਹਨ ਅਤੇ ਹੋਰ ਥਾਵਾਂ 'ਤੇ ਸਥਾਪਿਤ ਕਰਨਾ ਸ਼ੁਰੂ ਕੀਤਾ ਹੈ। ਇਰਾਨ ਯੂਰੇਨੀਅਮ ਦੀ 60 ਫ਼ੀਸਦੀ ਸ਼ੁੱਧਤਾ ਨਾਲ ਭਰਪੂਰ ਹੈ, ਜੋ ਕਿ ਹਥਿਆਰਾਂ ਦੇ 90 ਫ਼ੀਸਦੀ ਗ੍ਰੇਡ ਦੇ ਨਜ਼ਦੀਕ ਹੈ ਅਤੇ ਤਿੰਨ ਪ੍ਰਮਾਣੂ ਹਥਿਆਰਾਂ ਲਈ ਉਨ੍ਹਾਂ ਕੋਲ ਭਰਪੂਰ ਸਮੱਗਰੀ ਹੈ। ਬੋਰਡ ਆਫ਼ ਗਵਰਨਰਜ਼ ਦੇ 5 ਜੂਨ ਦੇ ਮਤੇ ਅਨੁਸਾਰ ਜੀ-7 ਨੇ ਕਿਹਾ ਕਿ ਇਰਾਨ ਨੂੰ ਇਸ ਗੰਭੀਰ ਗੱਲਬਾਤ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਭਰੋਸਾ ਦੇਣਾ ਚਾਹੀਦਾ ਹੈ ਕਿ ਪਰਮਾਣੂ ਗਤੀਵਿਧੀਆਂ ਪੂਰੀ ਤਰ੍ਹਾਂ ਸ਼ਾਤੀਪੂਰਨ ਹਨ, ਆਈ.ਏ.ਈ.ਏ. ਦੇ ਸਹਿਯੋਗ, ਨਿਗਰਾਨੀ ਤੇ ਤਸਦੀਕ ਵਿਧੀ ਵਿਚ ਹੈ। ਇਰਾਨ ਨੇ ਕਿਹਾ ਕਿ ਪਰਮਾਣੂ ਗਤੀਵਿਧੀ ਸ਼ਾਂਤੀਪੂਰਵਕ ਉਦੇਸ਼ ਨਾਲ ਕੀਤੀ ਜਾ ਰਹੀ ਹੈ। ਇਰਾਨ ਵੱਲੋਂ ਰੂਸ ਦੀ ਯੂਕਰੇਨ ਖ਼ਿਲਾਫ਼ ਜੰਗ ਵਿਚ ਮਦਦ ਲਈ ਬੈਲਿਸਟਿਕ ਮਿਜ਼ਾਈਲ ਸਬੰਧੀ ਸੌਦੇ ਬਾਰੇ ਚੇਤਾਵਨੀ ਦਿੰਦਿਆਂ ਜੀ-7 ਨੇ ਕਿਹਾ ਕਿ ਜੇ ਅਜਿਹਾ ਹੁੰਦਾ ਤਾਂ ਉਹ ਇਸਦੇ ਉਪਾਵਾਂ ਨਾਲ ਜਵਾਬ ਦੇਣ ਲਈ ਤਿਆਰ ਸੀ। ਜੀ-7 ਨੇ ਕਿਹਾ ਕਿ ਅਸੀਂ ਇਰਾਨ ਕੋਲੋਂ ਰੂਸ ਯੂਕਰੇਨ ਲੜਾਈ ਵਿਚ ਰੂਸ ਦੀ ਮਦਦ ਕਰਨਾ ਬੰਦ ਕਰਨ, ਬੈਲਿਸਟਿਕ ਮਿਜ਼ਾਈਲਾਂ ਅਤੇ ਸਬੰਧਤ ਸਮੱਗਰੀ ਨਾ ਭੇਜਣ ਦੀ ਮੰਗ ਕਰਦੇ ਹਾਂ। ਇਹ ਕਾਰਵਾਈ ਠੋਸ ਸਮੱਗਰੀ ਦੇ ਵਾਧੇ ਨੂੰ ਦਰਸਾਉਂਦੀ ਹੈ ਅਤੇ ਯੂਰਪੀਅਨ ਸੁਰੱਖਿਆ ਲਈ ਸਿੱਧਾ ਖ਼ਤਰਾ ਹੈ।

## 40 ਸਾਲਾ ਤੱਕ ਔਰਤਾਂ ਨਾਲ ਜਬਰ-ਜ਼ਨਾਹ ਦੇ ਦੋਸ਼ 'ਚ 91 ਸਾਲਾ ਕੈਨੇਡੀਅਨ ਅਰਬਪਤੀ ਗ੍ਰਿਫਤਾਰ

ਟੋਰਾਂਟੋ, (ਪੰਜਾਬ ਮੇਲ)-ਪੁਲਿਸ ਨੇ ਕੈਨੇਡੀਅਨ ਅਰਬਪਤੀ ਫਰੈਂਕ ਸਟ੍ਰੋਨਾਚ ਨੂੰ ਜਬਰ-ਜ਼ਨਾਹ ਅਤੇ ਸਰੀਰਕ ਸ਼ੋਸ਼ਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। 91 ਸਾਲਾ ਕਾਰੋਬਾਰੀ ਨੂੰ ਟੋਰਾਂਟੋ ਦੇ ਉਪਨਗਰ ਔਰੋਰਾ ਤੋਂ ਗ੍ਰਿਫਤਾਰ ਕੀਤਾ ਗਿਆ। ਪੀਲ ਖੇਤਰੀ ਪੁਲਿਸ ਨੇ ਕਿਹਾ ਕਿ ਕਥਿਤ ਸਰੀਰਕ ਸ਼ੋਸ਼ਣ 1980 ਦੇ ਦਹਾਕੇ ਤੋਂ ਲੈ ਕੇ 2023 ਤੱਕ ਦੇ ਹਨ। ਸਟ੍ਰੋਨਾਚ ਕੈਨੇਡਾ ਦੀ ਮੈਗਨਾ ਇੰਟਰਨੈਸ਼ਨਲ ਦੇ ਸੰਸਥਾਪਕ ਹਨ, ਜੋ ਵਾਹਨ ਨਿਰਮਾਤਾਵਾਂ ਲਈ ਪੁਰਜ਼ੇ ਬਣਾਉਂਦੀ ਹੈ, ਨੂੰ ਸ਼ਰਤਾਂ ਨਾਲ ਰਿਹਾਅ ਕਰ ਦਿੱਤਾ ਗਿਆ ਹੈ। ਉਹ ਬਾਅਦ 'ਚ ਬਰੈਂਪਟਨ 'ਚ ਓਨਟਾਰੀਓ ਕੋਰਟ ਆਫ਼ ਜਸਟਿਸ 'ਚ ਪੇਸ਼ ਹੋਣਗੇ। ਹਾਲਾਂਕਿ ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਉਹ ਆਪਣੇ 'ਤੇ ਲਗਾਏ ਗਏ ਸਾਰੇ ਦੋਸ਼ਾਂ ਨੂੰ 'ਸਪੱਸ਼ਟ ਤੌਰ 'ਤੇ ਨਕਾਰਦੇ ਹਨ।' ਪੀਲ ਰਿਜਨਲ ਪੁਲਿਸ ਕਾਂਸਟੇਬਲ ਟੇਲਰ ਬੈੱਲ ਨੇ ਕਿਹਾ ਕਿ ਕਾਰੋਬਾਰੀ 'ਤੇ ਇਕ ਤੋਂ ਵੱਧ ਔਰਤਾਂ ਵੱਲੋਂ ਸ਼ੋਸ਼ਣ ਦਾ ਦੋਸ਼ ਲਗਾਇਆ ਗਿਆ ਹੈ। ਹਾਲਾਂਕਿ ਉਨ੍ਹਾਂ ਨੇ ਇਹ ਜਾਣਕਾਰੀ ਨਹੀਂ ਦਿੱਤੀ ਕਿ ਕਿੰਨੀਆਂ ਔਰਤਾਂ ਨੇ ਇਹ ਦੋਸ਼ ਲਗਾਇਆ ਹੈ। ਉਨ੍ਹਾਂ ਕਿਹਾ ਕਿ ਇਹ ਹਾਈ-ਪ੍ਰੋਫਾਈਲ ਕੇਸ ਹੈ। ਪੀੜਤਾਂ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਾਡੀ ਟੀਮ ਦੀ ਹੈ। ਉਨ੍ਹਾਂ ਦੀ ਸੁਰੱਖਿਆ ਲਈ, ਅਸੀਂ ਇਹ ਖੁਲਾਸਾ ਨਹੀਂ ਕਰ ਰਹੇ ਕਿ ਕਿੰਨੇ ਪੀੜਤਾਂ ਨੇ ਸਟ੍ਰੋਨਾਚ ਵਿਰੁੱਧ ਸ਼ਿਕਾਇਤਾਂ ਦਰਜ ਕਰਵਾਈਆਂ ਹਨ। ਬੈੱਲ ਨੇ ਕਿਹਾ ਕਿ ਉਹ ਲੋਕਾਂ ਨੂੰ ਅੱਗੇ ਆਉਣ ਦੀ ਅਪੀਲ ਕਰ ਰਹੇ ਹਨ, ਜੇਕਰ ਉਨ੍ਹਾਂ ਕੋਲ ਸਟ੍ਰੋਨਾਚ ਨਾਲ ਸਬੰਧਤ ਕੋਈ ਜਾਣਕਾਰੀ ਹੈ ਜਾਂ ਜੇਕਰ ਉਨ੍ਹਾਂ ਨਾਲ ਵੀ ਦੁਰਵਿਵਹਾਰ ਹੋਇਆ ਹੈ।

# ਨਾਮਵਰ ਸ਼ਾਇਰ ਜਸਵਿੰਦਰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ




ਸਰੀ, (ਹਰਦਮ ਮਾਨ/ਪੰਜਾਬ ਮੇਲ)- ਸਰੀ ਸ਼ਹਿਰ ਦੇ ਵਸਨੀਕ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਜਸਵਿੰਦਰ ਨੂੰ ਅਰਪਨ ਲਿਖਾਰੀ ਸਭਾ ਕੈਲਗਰੀ ਵੱਲੋਂ ਸਾਲ 2024 ਦੇ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਐਵਾਰਡ ਸਭਾ ਵੱਲੋਂ ਬੀਤੇ ਦਿਨੀਂ ਟੈਂਪਲ ਕਮਿਊਨਿਟੀ ਹਾਲ, ਕੈਲਗਰੀ ਵਿਚ ਕਰਵਾਏ ਗਏ ਸਾਲਾਨਾ ਸਾਹਿਤਕ ਸਮਾਗਮ ਦੌਰਾਨ ਪ੍ਰਦਾਨ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ, ਸ਼ਾਇਰ ਜਸਵਿੰਦਰ ਅਤੇ ਪ੍ਰਸਿੱਧ ਸ਼ਾਇਰ ਕੇਸਰ ਸਿੰਘ ਨੀਰ ਨੇ ਕੀਤੀ।

ਇਸ ਮੌਕੇ ਕੇਸਰ ਸਿੰਘ ਨੀਰ ਨੇ ਕਿਹਾ ਕਿ ਭਾਰਤੀ ਸਾਹਿਤ ਅਕੈਡਮੀ ਦਾ ਵਡੇਰਾ ਐਵਾਰਡ ਹੁਣ ਤੱਕ ਪੰਜਾਬੀ ਦੀਆਂ ਦੋ ਗ਼ਜ਼ਲ ਪੁਸਤਕਾਂ ਨੂੰ ਹੀ ਮਿਲਿਆ ਹੈ : ਡਾ. ਜਗਤਾਰ ਦੀ ਪੁਸਤਕ 'ਜੁਗਨੂੰ, ਦੀਵਾ ਤੇ ਦਰਿਆ' ਅਤੇ ਜਸਵਿੰਦਰ ਦੇ ਗ਼ਜ਼ਲ ਸੰਗ੍ਰਹਿ 'ਅਗਰਬੱਤੀ' ਨੂੰ। ਜਸਵਿੰਦਰ ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਾਲ 2012 ਲਈ 'ਸ਼੍ਰੋਮਣੀ ਕਵੀ ਐਵਾਰਡ' ਵੀ ਮਿਲ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅਰਪਨ ਲਿਖਾਰੀ ਸਭਾ ਨਾਮਵਰ ਸ਼ਾਇਰ ਜਸਵਿੰਦਰ ਨੂੰ 'ਇਕਬਾਲ ਅਰਪਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕਰ ਕੇ ਬੇਹੱਦ ਫ਼ਖ਼ਰ ਮਹਿਸੂਸ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਸਵਿੰਦਰ ਦੀਆਂ ਤਿੰਨ ਗ਼ਜ਼ਲ ਪੁਸਤਕਾਂ 'ਕਾਲੇ ਹਰਫ਼ਾਂ ਦੀ ਲੋਅ', 'ਕੱਕੀ ਰੇਤ ਦੇ ਵਰਕੇ' ਅਤੇ 'ਅਗਰਬੱਤੀ' ਹਨ। ਸਭਾ ਦੇ ਪ੍ਰਧਾਨ ਡਾ. ਜੋਗਾ ਸਿੰਘ ਸਹੋਤਾ, ਸਕੱਤਰ ਜਰਨੈਲ ਸਿੰਘ ਤੱਗੜ, ਕੇਸਰ ਸਿੰਘ ਨੀਰ, ਸਤਨਾਮ ਢਾਅ, ਜਸਵੰਤ ਸਿੰਘ ਸੇਖੋਂ ਅਤੇ ਸਭਾ ਦੇ ਅਹੁਦੇਦਾਰਾਂ ਵੱਲੋਂ ਇਸ ਮੌਕੇ ਜਸਵਿੰਦਰ ਨੂੰ ਸਨਮਾਨਿਤ ਕਰਨ ਦੀ ਰਸਮ ਅਦਾ ਕੀਤੀ।

ਸਭਾ ਦੇ ਸਾਰੇ ਅਹੁਦੇਦਾਰਾਂ ਦਾ ਧੰਨਵਾਦ ਕਰਦਿਆਂ ਜਸਵਿੰਦਰ ਨੇ ਕਿਹਾ ਕਿ ਉਹ ਹਮੇਸ਼ਾ ਅਰਪਨ ਲਿਖਾਰੀ ਸਭਾ ਅਤੇ ਕੈਲਗਰੀ ਵਾਸੀਆਂ ਦੇ ਰਿਣੀ ਰਹਿਣਗੇ। ਉਨ੍ਹਾਂ ਸਭਾ ਵੱਲੋਂ ਸਮਾਗਮ ਦੌਰਾਨ ਨਵੀਂ ਪੀੜ੍ਹੀ ਨੂੰ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਜੋੜਨ ਅਤੇ ਉਤਸ਼ਾਹਿਤ ਕਰਨ ਦੇ ਉੱਦਮ ਦੀ ਸ਼ਲਾਘਾ ਕੀਤੀ।

## ਯੂ.ਐੱਨ. ਸੁਰੱਖਿਆ ਕੌਂਸਲ ਨੇ ਗਾਜ਼ਾ 'ਚ ਇਜ਼ਰਾਈਲ-ਹਮਾਸ ਜੰਗਬੰਦੀ ਮਤੇ ਨੂੰ ਦਿੱਤੀ ਮਨਜ਼ੂਰੀ

ਸੰਯੁਕਤ ਰਾਸ਼ਟਰ, (ਪੰਜਾਬ ਮੇਲ)-ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਨੇ ਗਾਜ਼ਾ ਵਿਚ ਇਜ਼ਰਾਈਲ ਅਤੇ ਹਮਾਸ ਵਿਚਾਲੇ ਅੱਠ ਮਹੀਨਿਆਂ ਤੋਂ ਚੱਲੀ ਜੰਗ ਨੂੰ ਖ਼ਤਮ ਕਰਨ ਦੇ ਉਦੇਸ਼ ਨਾਲ ਆਪਣੇ ਪਹਿਲੇ ਮਤੇ ਨੂੰ ਮਨਜ਼ੂਰੀ ਦਿੱਤੀ। ਅਮਰੀਕੀ ਸਮਰਥਨ ਵਾਲੇ ਜੰਗਬੰਦੀ ਪ੍ਰਸਤਾਵ ਦਾ ਐਲਾਨ ਰਾਸ਼ਟਰਪਤੀ ਜੋਅ ਬਾਇਡਨ ਨੇ ਕੀਤਾ ਸੀ। ਅਮਰੀਕਾ ਦਾ ਕਹਿਣਾ ਹੈ ਕਿ ਇਜ਼ਰਾਈਲ ਨੇ ਇਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ। ਸਾਰਿਆਂ ਦੀਆਂ ਨਜ਼ਰਾਂ ਕੱਟੜਪੰਥੀ ਫਲਸਤੀਨੀ ਸਮੂਹ ਹਮਾਸ 'ਤੇ ਹਨ, ਜਿਸ ਨੇ ਸ਼ੁਰੂ 'ਚ ਕਿਹਾ ਸੀ ਕਿ ਉਹ ਇਸ ਤਿੰਨ-ਪੜਾਵੀ ਯੋਜਨਾ ਦੇ ਪ੍ਰਸਤਾਵ ਨੂੰ ਸਵੀਕਾਰ ਕਰਨ 'ਤੇ ਸਾਕਾਰਾਤਮਕ ਤੌਰ 'ਤੇ ਵਿਚਾਰ ਕਰ ਰਿਹਾ ਹੈ। ਹਮਾਸ ਨੇ ਇਸ ਘਟਨਾਕ੍ਰਮ ਦੇ ਜਵਾਬ ਵਿਚ ਕਿਹਾ ਕਿ ਉਹ ਪ੍ਰਸਤਾਵ ਦਾ ਸੁਆਗਤ ਕਰਦਾ ਹੈ ਅਤੇ ਇਸ ਨੂੰ ਲਾਗੂ ਕਰਨ ਲਈ ਇਜ਼ਰਾਈਲ ਨਾਲ ਸਿੱਧੀ ਗੱਲਬਾਤ ਕਰਨ ਦੀ ਬਜਾਏ ਵਿਚੋਲਗੀ ਰਾਹੀਂ ਕੰਮ ਕਰਨ ਲਈ ਤਿਆਰ ਹੈ।

## ਕੈਲੀਫੋਰਨੀਆ 'ਚ ਸੁਨਿਆਰਿਆਂ ਦੇ ਸਟੋਰ ਵਿਚ ਚਿੱਟੇ ਦਿਨ ਡਾਕਾ ਮਾਰਨ ਵਾਲੇ 20 ਸ਼ੱਕੀਆਂ ਵਿਚੋਂ ਪੁਲਿਸ ਵੱਲੋਂ 5 ਗ੍ਰਿਫਤਾਰ



ਗ੍ਰਿਫਤਾਰ ਸ਼ੱਕੀ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਕੈਲੀਫੋਰਨੀਆ 'ਚ ਸਨੀਵੇਲ ਵਿਖੇ ਭਾਰਤੀ ਅਮਰੀਕੀ ਦੀ ਮਾਲਕੀ ਵਾਲੇ ਸਟੋਰ ਪੀ.ਐੱਨ.ਜੀ. ਜਿਊਲਰਜ਼ ਵਿਚ ਦਿਨ-ਦਿਹਾੜੇ ਦਲੇਰਾਨਾ ਡਾਕਾ ਮਾਰਨ ਵਾਲੇ 20 ਸ਼ੱਕੀਆਂ ਵਿਚੋਂ ਪੁਲਿਸ ਵੱਲੋਂ ਪਿੱਛਾ ਕਰਕੇ 5 ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਸਨੀਵੇਲ ਡਿਪਾਰਟਮੈਂਟ ਆਫ ਪਬਲਿਕ ਸੇਫਟੀ (ਡੀ.ਪੀ.ਐੱਸ.) ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਲੁੱਟਮਾਰ ਦੀ ਇਹ ਘਟਨਾ ਬੀਤੇ ਦਿਨੀਂ ਵਾਪਰੀ। ਅੰਦਾਜ਼ਨ 20 ਸ਼ੱਕੀ ਵਿਅਕਤੀ ਹੇਸੀਨਡਾ ਸ਼ਾਪਿੰਗ ਸੈਂਟਰ ਵਿਚ ਆਏ, ਜਿਨ੍ਹਾਂ ਕੋਲ ਹਥੌੜੇ ਤੇ ਹੋਰ ਸੰਦ ਸਨ। ਉਨ੍ਹਾਂ ਨੇ ਗਹਿਣਿਆਂ ਵਾਲੇ ਬਕਸਿਆਂ ਨੂੰ ਤੋੜਿਆ ਤੇ ਕੀਮਤੀ ਸਮਾਨ ਲੈ ਕੇ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਕਾਰਾਂ ਵਿਚ ਫਰਾਰ ਹੋ ਗਏ। ਪੁਲਿਸ ਨੇ ਸ਼ੱਕੀ ਵਿਅਕਤੀਆਂ ਦੀਆਂ ਦੋ ਕਾਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਫਰਾਰ ਹੋ ਗਏ। ਪੁਲਿਸ ਅਨੁਸਾਰ ਇਨ੍ਹਾਂ ਦੋਨਾਂ ਕਾਰਾਂ ਦਾ ਪਿੱਛਾ ਕੀਤਾ ਗਿਆ।

ਸਫ਼ਾ 1 ਦਾ ਬਾਕੀ

## ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਅਮਰੀਕੀ ਨਾਗਰਿਕਤਾ...

ਉਮਰ ਦੇ ਵੱਡੀ ਗਿਣਤੀ 'ਚ ਗੈਰ ਨਾਗਰਿਕ ਬੱਚੇ ਵੀ ਸੰਭਾਵਿਤ ਤੌਰ 'ਤੇ ਇਸ ਪ੍ਰਕਿਰਿਆ ਲਈ ਯੋਗ ਹੋ ਸਕਦੇ ਹਨ। ਅਧਿਕਾਰੀ ਅਨੁਸਾਰ ਅਰਜ਼ੀ ਦਾਖਲ ਕਰਨ ਦੀ ਪ੍ਰਕਿਰਿਆ ਇਨ੍ਹਾਂ ਗਰਮੀਆਂ ਦੇ ਅੰਤ ਤੱਕ ਹੀ ਖੁੱਲ੍ਹੀ ਹੋਵੇਗੀ। ਪਰ ਹਾਲੇ ਇਸ ਦੇ ਲਈ ਫੀਸਾਂ ਤੈਅ ਨਹੀਂ ਹੋਈਆਂ। ਇੱਕ ਵਾਰ ਮਨਜ਼ੂਰੀ ਮਿਲਣ ਤੋਂ ਬਾਅਦ, ਪ੍ਰਾਪਤ ਕਰਤਾਵਾਂ ਕੋਲ ਪੈਰੋਲ ਇਨ ਪਲੇਸ (ਪੀ.ਆਈ.ਪੀ.) ਪ੍ਰੋਗਰਾਮ ਦੁਆਰਾ ਸਥਾਈ ਨਿਵਾਸ ਲਈ ਅਰਜ਼ੀ ਦੇਣ ਲਈ ਤਿੰਨ ਸਾਲ ਹੋਣਗੇ ਅਤੇ ਇਸ ਸਮੇਂ ਦੌਰਾਨ ਕੰਮ ਦੀ ਅਧਿਕਾਰਤਤਾ ਲਈ ਯੋਗ ਹੋਣਗੇ।

ਇੱਕ ਵਾਰ ਗੈਰ-ਦਸਤਾਵੇਜ਼ੀ ਪਤੀ-ਪਤਨੀ ਪੀ.ਆਈ.ਪੀ. ਪ੍ਰੋਗਰਾਮ ਵਿਚੋਂ ਲੰਘਦੇ ਹਨ, ਉਨ੍ਹਾਂ ਨੂੰ ਇੱਕ ਆਈ-94 ਯਾਤਰਾ ਰਿਕਾਰਡ ਪ੍ਰਾਪਤ ਹੋਵੇਗਾ। ਇਹ ਰਿਕਾਰਡ ਮਹੱਤਵਪੂਰਨ ਹੈ ਕਿਉਂਕਿ ਇਹ ਉਨ੍ਹਾਂ ਨੂੰ ਵਿਆਹ ਆਧਾਰਿਤ ਗ੍ਰੀਨ ਕਾਰਡ ਲਈ ਆਪਣੀ ਸਥਿਤੀ ਨੂੰ ਅਨੁਕੂਲ ਕਰਨ ਦੇ ਯੋਗ ਬਣਾਉਂਦਾ ਹੈ।

ਪ੍ਰਕਿਰਿਆ ਮੌਜੂਦਾ ਪੀ.ਆਈ.ਪੀ. ਪ੍ਰੋਗਰਾਮ ਦੇ ਸਮਾਨ ਹੋਣ ਦੀ ਉਮੀਦ ਹੈ। ਇਨ੍ਹਾਂ ਕੇਸਾਂ 'ਤੇ ਆਮ ਤੌਰ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾਂਦੀ ਹੈ ਅਤੇ ਜ਼ਿਆਦਾਤਰ ਲਾਭਪਾਤਰੀ ਪੈਰੋਲ ਮਨਜ਼ੂਰ ਹੋਣ ਤੋਂ ਬਾਅਦ ਗ੍ਰੀਨ ਕਾਰਡ ਧਾਰਕ ਲਈ ਆਪਣੀ ਸਥਿਤੀ ਨੂੰ ਅਨੁਕੂਲ ਕਰਨ ਲਈ ਆਈ-485 ਅਰਜ਼ੀ ਲਈ ਤੁਰੰਤ ਦਾਇਰ ਕਰ ਸਕਦੇ ਹਨ।

ਜ਼ਿਕਰਯੋਗ ਹੈ ਕਿ ਲੰਮੇ ਸਮੇਂ ਤੋਂ ਗੈਰ ਕਾਨੂੰਨੀ ਢੰਗ ਨਾਲ ਆਏ ਅਤੇ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਵਾ ਚੁੱਕੇ ਇਨ੍ਹਾਂ ਲੋਕਾਂ ਤੋਂ ਹੁਣ ਦੇਸ਼ ਨਿਕਾਲੇ ਦਾ ਖਤਰਾ ਟਲ ਗਿਆ ਹੈ। ਉਹ ਆਪਣੇ ਪਰਿਵਾਰਾਂ ਨਾਲ ਅਮਰੀਕਾ ਵਿਚ ਰਹਿ ਸਕਣਗੇ। ਨਵੇਂ ਪਾਲਿਸੀ ਅਧੀਨ ਪਰਿਵਾਰਾਂ ਨੂੰ ਕਾਨੂੰਨੀ ਦਰਜ ਪ੍ਰਾਪਤ ਕਰਨ 'ਤੇ ਅਮਰੀਕਾ ਵਿਚ ਰਹਿਣ ਦੀ ਮਨਜ਼ੂਰੀ ਹੋਵੇਗੀ।


ਸਫ਼ਾ 1 ਦਾ ਬਾਕੀ


## ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਨੌਜਵਾਨਾਂ ਦੀਆਂ ਮੌਤਾਂ 'ਚ...

ਅਸਲ ਕਾਰਨ ਲੁਕਾਉਣ ਪਿੱਛੇ ਤਰਸ ਦੇ ਪਾਤਰ ਬਣੇ ਪੀੜਤ ਮਾਪਿਆਂ ਨਾਲ ਹਮਦਰਦੀ ਜੁੜੀ ਹੁੰਦੀ ਹੈ। ਇੱਕ ਪੰਜਾਬੀ ਪੁਲਿਸ ਅਫਸਰ ਨੇ ਨਸ਼ਿਆਂ ਦੀ ਭੇਟ ਚੜ੍ਹੇ ਆਪਣੇ ਪਿਤਾ ਦਾ ਦੁੱਖ ਫਰੋਲਦਿਆਂ ਕਿਹਾ ਕਿ ਮੌਤਾਂ ਦਾ ਅਸਲ ਕਾਰਨ ਮਿਲਾਵਟ ਤੋਂ ਬਿਨਾ (ਭਾਵ ਖ਼ਾਲਸ) ਨਸ਼ਾ ਤੇ ਰਸਾਇਣਾਂ ਦੀ ਵਰਤੋਂ ਹੈ। ਉਸ ਨੇ ਦੱਸਿਆ ਕਿ ਕਈ ਪੰਜਾਬੀ ਨੌਜਵਾਨਾਂ ਦੀਆਂ ਲਾਸ਼ਾਂ ਨੇੜਿਓਂ ਉਸ ਨੇ ਖੁਦ ਸੂਈਆਂ ਬਰਾਮਦ ਕੀਤੀਆਂ ਹਨ। ਇਸੇ ਤਰ੍ਹਾਂ ਡਾਕਟਰ ਪਰਗਟ ਸਿੰਘ ਭੁਰਜੀ ਨੇ ਦੱਸਿਆ ਕਿ ਹਾਥੀਆਂ ਨੂੰ ਬੇਹੋਸ਼ ਕਰਨ ਲਈ ਵਰਤੀ ਜਾਂਦੀ ਦਵਾਈ ਕਾਰਫੈਂਟਾਨਿਲ ਰਵਾਇਤੀ ਨਸ਼ਿਆਂ ਤੋਂ ਸਸਤੀ ਹੋਣ ਕਰਕੇ ਇਸ ਦੀ ਓਵਰਡੋਜ਼ ਮੌਤ ਦਾ ਕਾਰਨ ਬਣਦੀ ਹੈ।

# ਡਾ. ਬਲਦੇਵ ਸਿੰਘ ਕੰਦੋਲਾ ਦੀ 'ਵਿਗਿਅਨਕ ਤਰਕ' ਨਿਵੇਕਲੀ ਖੋਜੀ ਪੁਸਤਕ

ਭਾਰਤ ਦੀ ਪੁਰਾਤਨ ਵਿਗਿਆਨਕ ਅਤੇ ਧਾਰਮਿਕ ਪਰੰਪਰਾ ਬਹੁਤ ਅਮੀਰ ਹੈ। ਇਸ ਪਰੰਪਰਾ ਨੂੰ ਸਥਾਪਤ ਕਰਨ ਵਿਚ ਬਹੁਤ ਸਾਰੇ ਧਾਰਮਿਕ ਰਿਸ਼ੀਆਂ, ਮੁਨੀਆਂ, ਗੁਰੂਆਂ ਅਤੇ ਪਾਂਧੇ ਪੰਡਤਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਹੈ। ਭਾਰਤੀ ਵਿਦਵਾਨ ਉਸ ਪਰੰਪਰਾ ਨੂੰ ਅਣਗੌਲਿਆਂ ਕਰੀ ਬੈਠੇ ਹਨ। ਉਸ ਸਮੇਂ ਦੀ ਵਿਗਿਆਨਕ ਤਰਕ ਸਥਾਪਤ ਨਿਯਮਾਂ ਅਤੇ ਸਿਧਾਂਤਾਂ 'ਤੇ ਆਧਾਰਿਤ ਹੈ ਪ੍ਰੰਤੂ ਭਾਰਤੀ ਵਿਦਵਾਨ ਸੰਜੀਦਗੀ ਨਾਲ ਉਸ ਤੋਂ ਲਾਭ ਨਹੀਂ ਉਠਾ ਰਹੇ। ਡਾ. ਬਲਦੇਵ ਸਿੰਘ ਕੰਦੋਲਾ ਬਰਤਾਨੀਆ ਵਿਚ ਵਸਿਆ ਹੋਇਆ ਪੰਜਾਬ ਦੀ ਧਰਤੀ ਦਾ ਵਿਗਿਆਨੀ ਪੁੱਤਰ ਹੈ, ਜਿਹੜਾ ਪਰਵਾਸ ਵਿਚ ਬੈਠਾ ਪੰਜਾਬੀ ਬੋਲੀ ਦੀ ਪ੍ਰਫੁੱਲਤਾ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਿਹਾ ਹੈ। ਉਸ ਦੀ 'ਭਾਰਤ ਦੀ ਦਾਰਸ਼ਨਿਕ ਪਰੰਪਰਾ ਵਿਚ ਵਿਗਿਆਨਕ ਤਰਕ ਇਕ ਸਰਵੇਖਣ ਅਤੇ ਅਧਿਐਨ' ਪੁਸਤਕ ਪੰਜਾਬੀਆਂ ਖਾਸ ਤੌਰ 'ਤੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੜ੍ਹਾ ਰਹੇ ਪ੍ਰਾ ਅਧਿਆਪਕਾਂ ਲਈ ਗਿਆਨਦਾਇਕ ਸਾਬਤ ਹੋਵੇਗੀ, ਭਾਵੇਂ ਕਥਿਤ ਵਿਦਵਾਨ ਇਸ ਪੁਸਤਕ ਨੂੰ ਆਪਣੇ ਲਈ ਵੰਗਾਰ ਸਮਝਣਗੇ ਕਿਉਂਕਿ ਉਨ੍ਹਾਂ ਪੰਜਾਬੀ ਵਿਚ ਸੋਚਣ ਦੀ ਥਾਂ ਅੰਗਰੇਜ਼ੀ ਵਿਚ ਸੋਚਕੇ ਪੰਜਾਬੀ ਵਿਚ ਲਿਖਿਆ ਹੈ। ਉਹ ਹੁਣ ਤੱਕ ਭਾਰਤ ਦੀ ਭਾਸ਼ਾ ਵਿਗਿਆਨ ਦੀ ਅਮੀਰ ਵਿਰਾਸਤ 'ਤੇ ਪਹਿਰਾ ਦੇਣ ਦੀ ਥਾਂ ਗਰੀਕ ਦੀ ਦਰਸ਼ਨ ਪਰੰਪਰਾ ਨੂੰ ਹੀ ਪੁਰਾਣੀ ਸਮਝਦੇ ਹਨ। ਖਾਸ ਤੌਰ 'ਤੇ ਪੰਜਾਬੀ ਭਾਸ਼ਾ ਵਿਗਿਆਨੀਆਂ ਨੂੰ ਆਪਣੀ ਵਿਰਾਸਤ 'ਤੇ ਮਾਣ ਕਰਨਾ ਚਾਹੀਦਾ ਹੈ। ਬਲਦੇਵ ਸਿੰਘ ਕੰਦੋਲਾ ਨੇ ਭਾਰਤੀ ਦਰਸ਼ਨ ਪਰੰਪਰਾ ਨੂੰ ਗਰੀਕ ਪਰੰਪਰਾ ਜਿਤਨੀ ਹੀ ਪੁਰਾਣੀ ਸਾਬਤ ਕੀਤਾ ਹੈ। ਗੁਰਬਾਣੀ ਦੇ ਦਰਸ਼ਨ (ਫ਼ਲਸਫ਼ੇ) ਦੀਆਂ ਜੜ੍ਹਾਂ ਹਜ਼ਾਰਾਂ ਸਾਲ ਪੁਰਾਣੇ ਭਾਰਤੀ ਦਰਸ਼ਨ (ਫ਼ਲਸਫ਼ੇ) ਵਿਚ ਬਹੁਤ ਡੂੰਘੀਆਂ ਹਨ। ਲੇਖਕ ਨੇ ਗੁਰਬਾਣੀ ਅਤੇ ਹੋਰ ਪੁਰਾਤਨ ਧਾਰਮਿਕ ਪੁਸਤਕਾਂ ਦੇ ਹਵਾਲਿਆਂ ਨਾਲ ਸਾਬਤ ਕੀਤਾ ਹੈ, ਭਾਰਤੀ ਦਰਸ਼ਨ ਪਰੰਪਰਾ ਪੁਰਾਣੀ ਹੈ। ਲੇਖਕ ਦੀ ਖੋਜ ਨੂੰ ਸਲਾਮ ਕਰਨੀ ਬਣਦੀ ਹੈ। ਉਸ ਨੇ ਗੱਲਾਂਬਾਤਾਂ ਨਾਲ ਨਹੀਂ, ਸਗੋਂ ਇਤਿਹਾਸ ਅਤੇ ਮਿਥਿਹਾਸ ਦੀਆਂ ਪੁਰਾਤਨ ਪਰੰਪਰਾਵਾਂ ਦਾ ਬਾਰੀਕੀ ਨਾਲ ਅਧਿਐਨ ਕਰਨ ਤੋਂ ਬਾਅਦ ਤੱਥਾਂ 'ਤੇ ਆਧਾਰਿਤ ਇਹ ਪੁਸਤਕ ਪ੍ਰਕਾਸ਼ਤ ਕਰਵਾਈ ਹੈ। ਇਸ ਪੁਸਤਕ ਨੂੰ ਲੇਖਕ ਨੇ 7 ਕਾਂਡਾਂ ਵਿਚ ਵੰਡਿਆ ਹੈ। ਅੱਠਵੇਂ ਕਾਂਡ ਵਿਚ ਹਵਾਲੇ ਅਤੇ ਹੋਰ ਸਰੋਤ ਦਿੱਤੇ ਗਏ ਹਨ। ਇਨ੍ਹਾਂ ਕਾਂਡਾਂ ਵਿਚ ਵਿਗਿਆਨਕ ਸਰੋਤ ਦੇ ਵਿਕਾਸ ਦੀ ਤਰਤੀਵ ਦਿੱਤੀ ਗਈ ਹੈ ਕਿਉਂਕਿ ਸਮੇਂ ਦੀ ਤਬਦੀਲੀ ਨਾਲ ਬਹੁਤ ਸਾਰੇ ਬਦਲਾਓ ਆਉਂਦੇ ਰਹਿੰਦੇ ਹਨ। ਵਿਗਿਆਨ ਦੀ ਕੋਈ ਵੀ ਪ੍ਰਮਾਣਿਕ ਖੋਜ ਸਥਾਈ ਨਹੀਂ ਹੁੰਦੀ, ਉਸ ਤੋਂ ਬਾਅਦ ਵੀ ਖੋਜ ਹੁੰਦੀ ਰਹਿੰਦੀ ਹੈ। ਵਿਗਿਆਨ ਲਗਾਤਾਰਤਾ ਦਾ ਵਿਸ਼ਾ ਹੈ। ਬਦਲਾਓ ਹੀ ਵਿਕਾਸ ਦੀ ਨਿਸ਼ਾਨੀ ਹੁੰਦਾ ਹੈ। ਭਾਰਤੀ ਸਮਾਜ ਵਿਚ ਅਨੇਕਾਂ ਊਣਤਾਈਆਂ ਹਨ, ਇਸ ਦਾ ਇਹ ਭਾਵ ਨਹੀਂ, ਅਸੀਂ ਆਪਣੀ ਵਿਰਾਸਤ ਅਤੇ ਉਸ ਵਿਚਲੀਆਂ ਚੰਗਿਆਈਆਂ ਨੂੰ ਅਣਡਿੱਠ ਕਰ ਦੇਈਏ। ਬਲਦੇਵ ਸਿੰਘ ਕੰਦੋਲਾ ਨੇ ਇਸ ਪੁਸਤਕ ਵਿਚ ਦੱਸਿਆ ਹੈ ਕਿ ਸਾਡੀ ਵਿਰਾਸਤ ਨੂੰ ਖ਼ਤਮ ਕਰਨ ਦੇ ਉਪਰਾਲੇ ਕੀਤੇ ਗਏ। ਅਸੀਂ ਉਸ ਗ਼ਲਤ ਕਾਰਵਾਈਆਂ ਨੂੰ ਦਰੁੱਸਤ ਕਰਨ ਦੀ ਥਾਂ ਉਸ ਗ਼ਲਤ ਨੂੰ ਸੱਚ ਮੰਨੀ ਬੈਠੇ ਹਾਂ। ਕਥਿਤ ਵਿਦਵਾਨ ਆਪਣੀ ਭਾਸ਼ਾ ਅਤੇ ਵਿਰਾਸਤੀ ਵਿਗਿਆਨਕ ਸੋਚ 'ਤੇ ਪਹਿਰਾ ਨਹੀਂ ਦੇ ਰਹੇ। ਭਾਰਤੀ ਵਿਰਸਾ ਸੰਸਾਰ ਵਿਚ ਸਭ ਤੋਂ ਅਮੀਰ ਅਤੇ ਪੁਰਾਣਾ ਹੈ। ਅਧਿਆਪਕਾਂ ਨੂੰ ਆਪਣੀ ਬੋਲੀ ਵਿਚ ਵਿਗਿਆਨ ਪੜ੍ਹਾਉਣਾ ਚਾਹੀਦਾ ਹੈ। ਸਾਡੇ ਵਿਗਿਆਨੀਆਂ ਨੂੰ ਪੰਜਾਬੀ ਵਿਚ ਸੋਚਣਾ ਚਾਹੀਦਾ ਹੈ। ਸਾਡੇ ਵਿਗਿਆਨੀ ਪੰਜਾਬੀ ਵਿਚ ਸੋਚਣਾ ਆਪਣੀ ਹਤਕ ਸਮਝਦੇ ਹਨ। ਉਹ ਆਪਣੇ ਦਿਮਾਗ਼ ਤੋਂ ਕੰਮ ਨਹੀਂ ਲੈ ਰਹੇ। ਭਾਰਤੀ ਵਿਗਿਆਨਕ ਪਰੰਪਰਾ ਸੰਸਕ੍ਰਿਤ, ਪਾਲੀ ਅਤੇ ਉਸ ਸਮੇਂ ਦੀਆਂ ਹੋਰ ਬੋਲੀਆਂ ਵਿਚ ਹੈ। ਭਾਰਤੀ ਵਿਦਵਾਨਾਂ ਖਾਸ ਤੌਰ 'ਤੇ ਪੰਜਾਬੀ ਦੇ ਵਿਦਵਾਨਾਂ ਨੂੰ ਕੰਪੇਰੇਟਿਵ ਸਟੱਡੀ ਕਰਕੇ ਉਸ ਸਮੇਂ ਦੀ ਵਿਗਿਆਨਕ ਤਰਕ ਨੂੰ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਰਨਾ ਚਾਹੀਦਾ ਹੈ, ਜਿਸ ਨਾਲ ਸਾਡੇ ਵਿਦਿਆਰਥੀਆਂ ਨੂੰ ਆਪਣੀ ਵਿਰਾਸਤ ਬਾਰੇ ਵਿਗਿਆਨਕ ਜਾਣਕਾਰੀ ਮਿਲੇਗੀ। ਇਸ ਤਰ੍ਹਾਂ ਕਰਨ ਨਾਲ ਪੰਜਾਬੀ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਆਪਣੀ ਅਮੀਰ ਵਿਰਾਸਤ 'ਤੇ ਮਾਣ ਹੋਵੇਗਾ। ਵਿਗਿਆਨ ਨੂੰ ਪੰਜਾਬੀ ਵਿਚ ਪੜ੍ਹਾਉਣ ਵਿਚ ਵੀ ਸੌਖ ਹੋ ਜਾਵੇਗਾ, ਜਿਸ ਨਾਲ ਪੰਜਾਬੀ ਭਾਸ਼ਾ ਦੀ ਪ੍ਰਫੁੱਲਤਾ ਹੋਵੇਗੀ।




-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸਾਡੇ ਪੁਰਵਜ ਵਹਿਮਾਂ-ਭਰਮਾਂ ਵਿਚ ਗ਼ਲਤਾਨ ਸਨ ਪ੍ਰੰਤੂ ਵਿਗਿਆਨ ਦੀ ਰੌਸ਼ਨੀ ਨੇ ਵਹਿਮਾਂ-ਭਰਮਾਂ ਤੋਂ ਛੁਟਕਾਰਾ ਦਿਵਾਇਆ ਹੈ। ਪਹਿਲੇ ਕਾਂਡ ਵਿਚ ਵਿਗਿਆਨ ਅਤੇ ਤਰਕ ਦੀ ਜਾਣਕਾਰੀ ਦਿੱਤੀ ਗਈ ਹੈ। ਸਮੁੱਚੀ ਵਿਗਿਆਨ ਵਿਧੀ ਵਿਚ ਨਿਯਮਾਂ ਅਧੀਨ ਪ੍ਰਯੋਗ ਕੀਤੇ ਜਾਂਦੇ ਹਨ, ਜੋ ਵਿਗਿਆਨਕ ਸਿਧਾਂਤ ਬਣਦੇ ਹਨ। ਇਹ ਵਿਗਿਆਨਕ ਸਿਧਾਂਤ ਤਰਕ 'ਤੇ ਆਧਾਰਿਤ ਹੁੰਦੇ ਹਨ। ਵਿਸ਼ਾ ਇਹ ਹੈ ਕਿ ਅਸੀਂ ਕੁਦਰਤ ਨੂੰ ਮਨੁੱਖਤਾ ਦੇ ਲਾਭ ਲਈ ਕਿਵੇਂ ਵਰਤ ਸਕਦੇ ਹਾਂ? ਸਾਡੇ ਪੁਰਵਜ਼ ਦੇਵੀ ਦੇਵਤਿਆਂ ਨੂੰ ਖ਼ੁਸ਼ ਰੱਖਣ ਲਈ ਪੂਜਾ ਪਾਠ ਕਰਦੇ ਸਨ। ਕੁਦਰਤ ਦੀ ਕਰੋਪੀ ਨੂੰ ਦੇਵੀ ਦੇਵਤਿਆਂ ਦਾ ਸਰਾਪ ਮੰਨਦੇ ਸਨ। ਵਿਗਿਆਨ ਦੀ ਜਾਣਕਾਰੀ ਨਾਲ ਕੁਦਰਤ ਦੀ ਗ਼ੁਲਾਮੀ ਤੋਂ ਖਹਿੜਾ ਛੁੱਟਿਆ। ਦੂਜੇ 'ਪ੍ਰਾਰੰਭਕ ਭਾਰਤੀ ਤਰਕ' ਕਾਂਡ ਵਿਚ ਦੱਸਿਆ ਗਿਆ ਹੈ, ਤਰਕ ਵਿਧੀ ਦੀ ਸ਼ੁਰੂਆਤ ਚੌਥੀ ਸਦੀ ਈਸਾ ਪੂਰਵ ਵਿਚ ਹੋਈ ਤੇ ਅਖ਼ੀਰ ਤਰਕਸ਼ਾਸਤਰ ਬਣੀ। ਸੱਚੇ ਤੇ ਝੂਠੇ ਗਿਆਨ ਦਾ ਅੰਤਰ ਲੱਭਣ ਲਈ ਤਰਕਸ਼ਾਸਤਰ ਦਾ ਨਿਰਮਾਣ ਹੋਇਆ। ਕਿਸੇ ਚੀਜ਼ ਦੀ ਪ੍ਰਮਾਣਿਕਤਾ ਸਥਾਪਿਤ ਹੋਣੀ ਜ਼ਰੂਰੀ ਹੁੰਦੀ ਹੈ। ਗਿਆਨ ਨੂੰ ਸਰਵੋਤਮ ਮੰਨਿਆਂ ਗਿਆ ਹੈ ਪ੍ਰੰਤੂ ਗਿਆਨ ਦੀ ਵਿਉਂਤਬੱਧ ਢੰਗ ਨਾਲ ਪ੍ਰਮਾਣਿਕਤਾ ਪ੍ਰਾਪਤ ਕੀਤੀ ਜਾਣੀ ਚਾਹੀਦੀ ਹੈ। ਤੀਜੇ ਕਾਂਡ 'ਪ੍ਰਾਚੀਨ ਨਿਆਇਸ਼ਾਸਤਰ ਦਾ ਨਿਰਮਾਣ' ਵਿਚ ਨਿਆਇਸ਼ਾਸਤਰ ਦੀ ਸ਼ੁਰੂਆਤ ਅਤੇ ਪ੍ਰਮਾਣਿਕਤਾ ਸਥਾਪਤ ਕਰਨ ਲਈ ਵਰਤੇ ਗਏ ਸਿਧਾਂਤਾਂ ਬਾਰੇ ਦਰਸਾਇਆ ਗਿਆ ਹੈ। ਨਿਆਇਸ਼ਾਸਤਰ ਦੀ ਪ੍ਰਮੁੱਖ ਰਚਨਾ 'ਨਿਆਇ-ਸੂਤਰ' ਗ੍ਰੰਥ ਹੈ। ਨਿਆਇ-ਸੂਤਰ ਦੇ ਲੇਖਕਾਂ ਅਤੇ ਰਚਨਾ ਬਾਰੇ ਭਾਵੇਂ ਵੱਖਰੀਆਂ-ਵੱਖਰੀਆਂ ਰਾਵਾਂ ਹਨ। ਇਹ ਮੰਨਿਆਂ ਗਿਆ ਹੈ, ਗੌਤਮ ਅਥਵਾ ਅਕਸ਼ਪਦ ਇੱਕ ਹੀ ਰਿਸ਼ੀ ਸਨ ਤੇ ਵਿਦਿਆ ਭੂਸ਼ਣ 'ਨਿਆਇ-ਸੂਤਰ' ਦਾ ਰਚਨਾ ਕਾਲ 150 ਈਸਵੀ ਦੇ ਕਰੀਬ ਮੰਨਦੇ ਹਨ। ਲੇਖਕ ਨੇ ਧਾਰਮਿਕ ਗ੍ਰੰਥਾਂ ਖਾਸ ਤੌਰ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਵਿਸਤਾਰ ਸਹਿਤ ਤੇ ਅਣਗਿਣਤ ਉਦਾਹਰਣਾਂ ਦੇ ਕੇ ਚਿੱਤਰਾਂ ਰਾਹੀਂ 'ਪ੍ਰਾਚੀਨ ਨਿਆਇਸ਼ਾਸਤਰ ਦੇ ਨਿਰਮਾਣ' ਬਾਰੇ ਲਿਖਿਆ ਹੈ। ਚੌਥੇ ਕਾਂਡ 'ਜੈਨ ਤਰਕਸ਼ਾਸਤਰ ਪਰੰਪਰਾ' ਵਿਚ ਤਰਕਸ਼ਾਸਤਰ ਦੇ ਵਿਕਾਸ ਤੇ ਇਤਿਹਾਸ ਨੂੰ ਤਿੰਨ ਕਾਲਾਂ ਪ੍ਰਾਚੀਨ ਕਾਲ (550 ਈ: ਪੂ:-400 ਈ:), ਮੱਧਵਰਤੀ ਕਾਲ (400 ਈ:-1200 ਈ:) ਅਤੇ ਨਵ ਬ੍ਰਾਹਮਣ ਕਾਲ (900 ਈ:-1900 ਈ:) ਵਿਚ ਵੰਡਕੇ ਦੱਸਿਆ ਹੈ। ਮਹਾਂਵੀਰ ਨੂੰ ਜੈਨ ਧਰਮ ਦਾ ਬਾਨੀ ਤੇ ਸਭ ਤੋਂ ਸਰਵੋਤਮ ਤੀਰਥੰਕਰ ਕਿਹਾ ਜਾਂਦਾ ਹੈ। ਜੈਨੀਆਂ ਅਨੁਸਾਰ ਇਕ ਕਾਲ ਵਿਚ 24 ਤੀਰਥੰਕਰ ਹੋਏ ਹਨ, ਜਿਸ ਦਾ ਭਾਵ ਦੋ ਕਾਲਾਂ ਵਿਚ 48 ਤੀਰਥੰਕਰ ਹੋਏ ਹਨ। ਬਲਦੇਵ ਸਿੰਘ ਕੰਦੋਲਾ ਨੇ ਇਨ੍ਹਾਂ ਸਾਰੇ ਤੀਰਥੰਕਰਾਂ ਦੇ ਯੋਗਦਾਨ ਬਾਰੇ ਲਿਖਿਆ ਹੈ। ਲੇਖਕ ਅਨੁਸਾਰ ਜੈਨ ਮਤ ਦਾ ਸਾਹਿਤ 84 ਧਾਰਮਿਕ ਗ੍ਰੰਥਾਂ ਵਿਚ ਹੈ। ਵਿਦਿਆ ਭੂਸ਼ਣ ਅਨੁਸਾਰ ਤਰਕਸ਼ਾਸਤਰ ਦਾ ਵਰਣਨ ਜੈਨਮਤ ਦੇ 45 ਗ੍ਰੰਥਾਂ ਵਿਚ ਮਿਲਦਾ ਹੈ। ਜੈਨ ਸਾਹਿਤ ਦਾ ਆਰੰਭ 453 ਈ: ਮੰਨਿਆ ਜਾਂਦਾ ਹੈ। ਪੰਜਵਾਂ ਕਾਂਡ 'ਬੋਧੀ ਤਰਕਸ਼ਾਸਤਰ ਪਰੰਪਰਾ' ਦਾ ਹੈ। ਬੋਧੀ ਤਰਕਸ਼ਾਸਤਰ ਪਰੰਪਰਾ 570 ਈ: ਪੂ:-1200 ਈ: ਹੈ। ਗੌਤਮ ਬੁੱਧ ਇਸ ਦਾ ਬਾਨੀ ਹੈ। ਬੋਧੀਆਂ ਅਨੁਸਾਰ ਚਾਰ ਬੁੱਧ ਹੋਏ ਹਨ ਅਤੇ ਪੰਜਵੇਂ ਨੇ ਅਜੇ ਜਨਮ ਲੈਣਾ ਹੈ। ਇਸ ਕਾਂਡ ਵਿਚ ਬੋਧੀ ਤਰਕਸ਼ਾਸਤਰ ਦੀ ਸ਼ੁਰੂਆਤ ਅਤੇ ਬੋਧੀ ਭਿਕਸ਼ੂਆਂ ਦੇ ਤਿੰਨ ਸਮੇਲਨਾਂ ਵਿਚ ਇਕੱਤਰ ਕੀਤੇ ਉਪਦੇਸ਼ ਹੀ ਪਵਿੱਤਰ ਗ੍ਰੰਥ ਮੰਨੇ ਜਾਂਦੇ ਹਨ। ਇਹ ਮੁੱਖ ਤੌਰ 'ਤੇ ਪਾਲੀ ਅਤੇ ਸੰਸਕ੍ਰਿਤ ਭਾਸ਼ਾ ਵਿਚ ਹਨ। ਭਾਰਤੀ ਤਰਕਸ਼ਾਸਤਰ ਦੇ ਵਿਕਾਸ ਵਿਚ ਬੋਧੀ ਭਿਕਸ਼ੂਆਂ ਦਾ ਵੱਡਾ ਯੋਗਦਾਨ ਹੈ, ਉਨ੍ਹਾਂ ਨੇ ਤਰਕਸ਼ਾਸ਼ਤਰ ਨੂੰ ਨਵਾਂ ਮੋੜ ਦੇ ਕੇ ਸ਼ਕਤੀਸ਼ਾਲੀ ਬਣਾਇਆ। ਲੇਖਕ ਨੇ ਬਹੁਤ ਸਾਰੇ ਭਿਕਸ਼ੂਆਂ ਦੇ ਯੋਗਦਾਨ ਬਾਰੇ ਲਿਖਿਆ ਹੈ, ਪ੍ਰੰਤੂ ਇਥੇ ਕੁਝ ਕੁ ਬਾਰੇ ਦੱਸਾਂਗਾ। ਨਾਗਾਰਜੁਨ ਦੀ 'ਮਾਧਿਆਮਿਕਕਾਰਿਕਾ' ਮਾਧਿਆਮਿਕ ਦਰਸ਼ਨ ਦੀ ਪਹਿਲੀ ਪੁਸਤਕ ਹੈ, ਆਰੀਆ ਦੇਵ ਅਤੇ ਮੈਤ੍ਰੇਯ ਨਾਥ ਨੇ ਦਰਸ਼ਨ 'ਤੇ ਅਨੇਕ ਗ੍ਰੰਥ ਲਿਖੇ, ਆਰੀਆ ਅਸੰਗ ਨੇ 12 ਗ੍ਰੰਥ ਲਿਖੇ, ਵਸੁਬੰਧੂ ਨੇ ਵੱਡੀ ਗਿਣਤੀ ਵਿਚ ਅਨਮੋਲ ਗ੍ਰੰਥ ਤਰਕਸ਼ਾਸਤਰ ਦੇ ਵਿਸ਼ੇ 'ਤੇ ਲਿਖੇ, ਅਚਾਰੀਆ ਦਿਗਨਾਗ ਮੱਧਕਾਲੀ ਤਰਕਸ਼ਾਸਤਰ ਦਾ ਪਿਤਾਮਾ, ਪਰਮਾਰਥ ਨੇ ਨਿਆਇ-ਸੂਤਰ ਦਾ ਚੀਨੀ ਵਿਚ ਅਨੁਵਾਦ ਕੀਤਾ, ਰਵੀ ਗੁਪਤ ਨੇ 'ਪ੍ਰਮਾਣਵਾਰਤਿਕ ਵ੍ਰਿੱਤੀ' ਪੁਸਤਕ ਅਤੇ 12 ਵਿਦਿਆਲੇ ਸਥਾਪਤ ਕੀਤੇ ਅਤੇ ਹੋਰ ਬਹੁਤ ਸਾਰੇ ਭਿਕਸ਼ੂ ਲੇਖਕਾਂ ਬਾਰੇ ਵੀ ਲਿਖਿਆ ਗਿਆ ਹੈ। ਛੇਵਾਂ ਕਾਂਡ 'ਨਿਆਇ ਪ੍ਰਕਰਣ-ਨਵ-ਬ੍ਰਾਹਮਣ ਯੁੱਗ, ਭਾਰਤੀ ਤਰਕ ਦਾ ਆਧੁਨਿਕ ਸੰਪ੍ਰਦਾਇ' ਹੈ। ਨਵ-ਬ੍ਰਾਹਮਣ ਯੁੱਗ ਲਗਪਗ 900 ਈ:-1920 ਈ: ਤੱਕ ਦਾ ਹੈ। 12ਵੀਂ ਸਦੀ ਈ: ਤੱਕ ਬੁੱਧਮਤ ਦੇ ਪਤਨ ਤੋਂ ਬਾਅਦ ਇਸਲਾਮ ਦੇ ਪ੍ਰਭਾਵ ਦਾ ਮੁਕਾਬਲਾ ਕਰਨ ਲਈ ਹਿੰਦੂ ਸਮਾਜ ਨੇ ਇਕਾਂਤਮਈ ਰਵੱਈਆ ਅਪਣਾਇਆ ਅਤੇ ਬਹਿਸਬਾਜ਼ੀ ਦੀ ਥਾਂ ਸ਼ੁੱਧ ਤਰਕ ਵੱਲ ਧਿਆਨ ਦਿੱਤਾ। ਇਸ ਸਮੇਂ ਜਿਹੜੇ ਗ੍ਰੰਥ ਲਿਖੇ ਗਏ ਉਹ 'ਪ੍ਰਕਰਣ' ਦੇ ਨਾਮ ਨਾਲ ਜਾਣੇ ਜਾਂਦੇ ਹਨ। ਪ੍ਰਕਰਣਾਂ ਦੀ ਵਿਲੱਖਣਤਾ ਸ਼ੁੱਧੀ ਅਤੇ ਸਪੱਸ਼ਟਤਾ ਵਿਚ ਜ਼ਿਆਦਾ ਹੈ। ਇਨ੍ਹਾਂ ਪ੍ਰਕਰਣਾਂ ਦਾ ਮੂਲ ਮਕਸਦ ਇਕ ਸੰਪੂਰਣ ਅਤੇ ਸਹੀ ਗਿਆਨ ਦੇ ਸਿਧਾਂਤ ਨੂੰ ਪੇਸ਼ ਕਰਨਾ ਹੈ। ਜਿਹੜੇ ਤਾਰਕਿਕਾਂ ਨੇ ਨਵੇਂ ਗ੍ਰੰਥ ਲਿਖੇ ਉਨ੍ਹਾਂ ਵਿਚੋਂ ਕੁਝ ਦੇ ਯੋਗਦਾਨ ਦੀ ਜਾਣਕਾਰੀ ਦੇਣਾ ਜ਼ਰੂਰੀ ਹੈ।

**ਭਾਸਰਵੱਗਿਆ (ਲਗਪਗ 950 ਈ:)**: ਉਹ ਪਹਿਲੇ ਬ੍ਰਾਹਮਣ ਤਾਰਕਿਕ ਲੇਖਕ ਹਨ, ਜਿਨ੍ਹਾਂ ਨੇ 'ਨਿਆਇਸਾਰ' ਗ੍ਰੰਥ ਲਿਖਿਆ। ਇਸ ਗ੍ਰੰਥ ਵਿਚ ਪ੍ਰਮਾਣ ਦੇ ਵਿਸ਼ੇ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ ਹੈ, ਵਰਦਰਾਜ ਦੀ ਮੁੱਖ ਰਚਨਾ 'ਤਾਰਕਿਕਰਕਸ਼ਾ', ਵੱਲਭਾਚਾਰੀਆ ਦੀ ਰਚਨਾ 'ਨਿਆਇਲੀਲਾਵਤੀ', ਅੰਨਮ ਭੱਟ ਦਾ ਵੈਸ਼ੇਸ਼ਕ ਪ੍ਰਕਰਣ 'ਤਰਕਸੰਗ੍ਰਹਿ', ਵਿਸ਼ਵ ਨਿਆਇਪੰਚਾਨਨ ਦੀ 'ਭਾਸ਼ਾ-ਪਰਿਛੇਦ', ਜਗਦੀਸ਼ ਤਰਕਲੰਕਾਰ ਦਾ 'ਤਰਕ ਅੰਮ੍ਰਿਤ', ਲੌਗਾਕਸ਼ੀ ਭਾਸਕਰ ਦੀ 'ਤਰਕਕੌਮਦੀ' ਅਤੇ ਸ਼ਸ਼ਧਰ ਦੀ ਰਚਨਾ 'ਨਿਆਇ ਸਿਧਾਂਤ ਦੀਪ' ਹੈ।

ਸੱਤਵਾਂ ਤੇ ਪੁਸਤਕ ਦਾ ਆਖ਼ਰੀ ਕਾਂਡ 'ਨਵਾਂ ਨਿਆਇ-ਤਤਵਚਿੰਤਾਮਣੀ' ਹੈ। ਬਾਰਵੀਂ ਸਦੀ ਦਾ ਇਹ ਮਹਾਨ ਗ੍ਰੰਥ ਇਕ ਬ੍ਰਾਹਮਣ ਤਾਰਕਿਕ ਗੰਗੇਸ਼ ਉਪਾਧਿਆਇ ਦੀ ਲਿਖੀ ਅਮਰ ਰਚਨਾ ਹੈ। ਇਸ ਵਿਚ ਗੰਗੇਸ਼ ਉਪਾਧਿਆਇ ਨੇ ਪ੍ਰਮਾਣਵਾਦ-ਗਿਆਨ ਦੀ ਵੈਧਤਾ ਜਾਂ ਪ੍ਰਮਾਣਕਤਾ ਬਾਰੇ ਜਾਣਕਾਰੀ ਦਿੱਤੀ ਹੈ। ਗਿਆਨ ਬਾਰੇ ਕਿਸੇ ਕਿਸਮ ਦਾ ਕੋਈ ਸ਼ੰਕਾ ਨਹੀਂ ਹੋਣਾ ਚਾਹੀਦਾ। ਗਿਆਨ ਦੀ ਲਾਭਦਾਇਕ ਕ੍ਰਿਆ ਦਾ ਹੋਣਾ ਜ਼ਰੂਰੀ ਹੁੰਦਾ ਹੈ। ਉਪਯੋਗਤਾ, ਵਿਗਿਆਨ ਦਾ ਮੁੱਖ ਅਤੇ ਇਕਾਂਤ ਉਦੇਸ਼ ਹੈ। ਪ੍ਰਭਾਕਰ ਮੀਮਾਂਸਾਵਾਦੀ ਅਨੁਸਾਰ ਸਮੁੱਚਾ ਗਿਆਨ ਸਹੀ ਹੁੰਦਾ ਹੈ ਕਿਉਂਕਿ ਉਹ ਸਾਨੂੰ ਕ੍ਰਿਆ ਲਈ ਪ੍ਰੇਰਦਾ ਹੈ। ਕਿਸੇ ਚੀਜ਼ ਦੇ ਪ੍ਰਤੱਖਣ ਤੋਂ ਗਿਆਨ ਪੈਦਾ ਹੁੰਦਾ ਹੈ। ਇਸ ਨੂੰ ਗਿਆਨ ਲੱਛਣ ਕਿਹਾ ਜਾਂਦਾ ਹੈ। ਗਿਆਨ ਆਪਣੇ ਆਪ ਵਿਚ ਉਪਯੋਗੀ ਕਾਰਜ ਨਿਭਾਉਂਦਾ ਹੈ। ਭਾਰਤ ਦੀ ਗਿਆਨਵਾਦ ਪਰੰਪਰਾ ਵਿਚ ਸ਼ਬਦ ਨੂੰ ਗਿਆਨ ਦਾ ਸਾਧਨ ਮੰਨਿਆਂ ਜਾਂਦਾ ਹੈ। ਗੰਗੇਸ਼ ਸ਼ਬਦ ਨੂੰ ਪ੍ਰਮਾਣ ਵੀ ਮੰਨਦਾ ਹੈ। ਸ਼ਬਦ ਗਿਆਨ ਦਾ ਪ੍ਰਮੁੱਖ ਕਾਰਣ ਹੈ, ਸ਼ਬਦ ਨਾਲ ਪ੍ਰਾਪਤ ਕੀਤੇ ਗਿਆਨ ਨੂੰ ਸ਼ਬਦ ਬੋਧ ਕਿਹਾ ਜਾਂਦਾ ਹੈ। ਉਦਾਹਰਣ ਉਹ ਸ਼ਬਦ ਹੈ, ਜਿਹੜਾ ਗਿਆਨ ਪੈਦਾ ਕਰਦਾ ਹੈ। ਨਿਰੀਖਣਾਂ ਦੁਆਰਾ ਇਕੱਤਰ ਕੀਤੇ ਤੱਥ ਤੇ ਅੰਕੜੇ ਵਿਗਿਆਨਕ ਗਿਆਨ ਦਾ ਆਧਾਰ ਬਣਦੇ ਹਨ। ਪੇਚੀਦਾ ਦਲੀਲਾਂ ਅਤੇ ਪਰਿਭਾਸ਼ਾਵਾਂ ਉਪਲਬਧ ਸਬੂਤਾਂ ਦੇ ਆਧਾਰ 'ਤੇ ਨਵੇਂ ਵਿਗਿਆਨਕ ਸਿਧਾਂਤ ਬਣਦੇ ਹਨ। ਭਾਰਤ ਦੀ ਵਿਗਿਆਨਕ ਅਤੇ ਦਾਰਸ਼ਨਿਕ ਪਰੰਪਰਾ ਵਿਚ ਸਮੁੱਚੇ ਗਣਿਤ-ਸ਼ਾਸ਼ਤਰ ਦਾ ਮੁੱਢ ਬੀਜ-ਗਣਿਤ ਨੂੰ ਮੰਨਿਆਂ ਜਾਂਦਾ ਸੀ, ਭਾਵ ਗਣਿਤ ਵਿਗਿਆਨ ਦਾ 'ਬੀਜ'। ਭਾਰਤੀਆਂ ਤੋਂ ਇਹ ਹੁਨਰ ਪਹਿਲਾਂ ਅਰਬੀਆਂ ਨੇ ਸਿੱਖਿਆ ਅਤੇ ਯੂਰਪ ਤੱਕ ਪਹੁੰਚਦੇ-ਪਹੁੰਚਦੇ ਇਹ ਅਲਜਬਰਾ ਬਣ ਗਿਆ। ਗੰਗੇਸ਼ ਦੇ ਨਵੇਂ-ਨਿਆਇ ਵਿਚ ਵਾਸਤਵਿਕ ਗੁਣ ਦਾ ਭਾਵ-ਅਧਿਕਰਣ ਖਾਲੀ ਨਹੀਂ ਹੋਣਾ ਚਾਹੀਦਾ। ਇਸ ਸਾਰੀ ਪੜਚੋਲ ਤੋਂ ਸਾਬਤ ਹੁੰਦਾ ਹੈ, ਬਲਦੇਵ ਸਿੰਘ ਕੰਦੋਲਾ ਨੇ ਆਪਣੀ ਪੁਸਤਕ ਵਿਚ ਦਲੀਲਾਂ, ਤੱਥਾਂ ਅਤੇ ਉਦਾਹਰਣਾਂ ਦੇ ਕੇ ਭਾਰਤ ਦੀ ਦਾਰਸ਼ਨਿਕ ਪਰੰਪਰਾ ਵਿਚ ਵਿਗਿਅਨਕ ਤਰਕ ਭਾਰਤ ਦੇ ਪੁਰਵਜਾਂ ਦੀ ਦੇਣ ਹੈ। ਸਾਡੇ ਅਖੌਤੀ ਵਿਦਵਾਨ ਆਪਣੇ ਇਤਿਹਾਸ ਨੂੰ ਖੰਘਾਲਣ ਦੀ ਕੋਸ਼ਿਸ਼ ਨਹੀਂ ਕਰਦੇ, ਸਗੋਂ ਵਿਦੇਸ਼ (ਯੂਰਪ) ਦੇ ਵਿਦਵਾਨਾਂ ਦੀਆਂ ਉਦਾਹਰਣਾਂ ਦੇ ਕੇ ਆਪਣੇ ਆਪ ਨੂੰ ਸੰਸਾਰ ਪੱਧਰ ਦੇ ਵਿਦਵਾਨ ਸਾਬਤ ਕਰਦੇ ਹਨ। ਲੇਖਕ ਵਧਾਈ ਦਾ ਪਾਤਰ ਹੈ।

379 ਪੰਨਿਆਂ, 850 ਰੁਪਏ ਕੀਮਤ ਵਾਲੀ ਇਹ ਪੁਸਤਕ 'ਪੰਜਾਬੀ ਵਿਕਾਸ ਮੰਚ ਯੂ.ਕੇ. ਨੇ ਪ੍ਰਕਾਸ਼ਤ ਕਰਵਾਈ ਹੈ।

## ਅਵਤਾਰ ਪੁਰਬ 'ਤੇ ਵਿਸ਼ੇਸ਼

# ਹਕੂਮਤ ਨਾਲ ਲੜਾਈਆਂ ਦਾ ਮੁੱਢ ਬੰਨਣ ਵਾਲੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060,
001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA





■ ਪਿਛਲੇ ਅੰਕ ਦਾ ਬਾਕੀ

**ਤੀਜੀ ਲੜਾਈ** :- ਗੁਰੂ ਹਰਿਗੋਬਿੰਦ ਸਾਹਿਬ ਵਧੀਆ ਤੋਂ ਵਧੀਆ ਘੋੜੇ ਰੱਖਣ ਦੇ ਸ਼ੌਕੀਨ ਸਨ। ਇਸ ਮਕਸਦ ਲਈ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਮੱਧ ਏਸ਼ੀਆਂ ਦੇ ਦੇਸ਼ਾਂ ਵਿਚ ਘੋੜੇ ਖਰੀਦਣ ਲਈ ਵੀ ਭੇਜਿਆ ਸੀ। ਇਸ ਤਰ੍ਹਾਂ ਹੀ ਜਦੋਂ ਮੱਧ ਏਸ਼ੀਆਂ ਦੇ ਮੁਲਕਾਂ ਵਿਚੋਂ ਖਰੀਦੇ ਹੋਏ ਦੋ ਅਤੀ ਸੁੰਦਰ ਘੋੜੇ, ਸਿੱਖ ਸੰਗਤਾਂ ਗੁਰੂ ਜੀ ਦੀ ਹਜ਼ੂਰੀ ਵਿਚ ਲਿਆ ਰਹੀਆਂ ਸਨ, ਤਾਂ ਉਨ੍ਹਾਂ ਨੂੰ ਰਸਤੇ ਵਿਚ ਲਾਹੌਰ ਦੇ ਅਧਿਕਾਰੀਆਂ ਨੇ ਜ਼ਬਰਦਸਤੀ ਖੋਹ ਲਿਆ ਸੀ। ਇਹ ਗੱਲ ਗੁਰੂ ਜੀ ਨੂੰ ਸ੍ਰੀ ਹਰਿ-ਗੋਬਿੰਦਪੁਰ ਵਿਖੇ ਆ ਕੇ ਦੱਸੀ ਗਈ। ਗੁਰੂ ਜੀ ਨੇ ਆਪਣੇ ਸਿੱਖਾਂ ਰਾਹੀਂ ਭਾਈ ਬਿਧੀ ਚੰਦ ਦੀ ਅਗਵਾਈ ਹੇਠ ਇਨ੍ਹਾਂ ਘੋੜਿਆਂ ਨੂੰ ਵਾਪਸ ਖੋਹ ਲਿਆ ਸੀ। ਇੰਜ ਘੋੜੇ ਵਾਪਸ ਖੋਹ ਲੈਣ ਨਾਲ ਲਾਹੌਰ ਦੇ ਅਧਿਕਾਰੀਆਂ ਦੀ ਬੇਇੱਜ਼ਤੀ ਹੋਈ ਸਮਝੀ ਗਈ ਸੀ। ਇਸ ਬੇਇੱਜ਼ਤੀ ਦਾ ਬਦਲਾ ਲੈਣ ਲਈ ਉਨ੍ਹਾਂ ਨੇ ਗੁਰੂ ਜੀ ਉਪਰ ਹਮਲਾ ਕਰਨ ਦਾ ਫ਼ੈਸਲਾ ਕੀਤਾ।

ਗੁਰੂ ਸਾਹਿਬ ਨੇ ਭਾਂਪ ਲਿਆ ਸੀ ਕਿ ਉਨ੍ਹਾਂ 'ਤੇ ਜ਼ਰੂਰ ਹਮਲਾ ਹੋਵੇਗਾ। ਇਸ ਲਈ ਉਹ ਸ੍ਰੀ ਹਰਿਗੋਬਿੰਦਪੁਰ ਤੋਂ ਸਿੱਖ ਸੰਗਤਾਂ ਸਮੇਤ ਪੰਜਾਬ ਦੇ ਮਾਲਵੇ ਖੇਤਰ ਵੱਲ ਨੂੰ ਰਵਾਨਾ ਹੋ ਗਏ। ਮਾਲਵਾ ਸਾਰਾ ਹੀ ਗੁਰੂ-ਘਰ ਦਾ ਸ਼ਰਧਾਲੂ ਸੀ। ਮਾਲਵੇ ਵਿਚਲੇ ਸਾਰੇ ਹੀ ਜੱਟ ਕਬੀਲੇ ਗੁਰੂ ਜੀ ਲਈ ਮਰ ਮਿਟਣ ਨੂੰ ਤਿਆਰ ਸਨ। ਲਾਹੌਰ ਵੱਲੋਂ ਬਹੁਤ ਵੱਡੀ ਵਿਸ਼ਾਲ ਫ਼ੌਜ ਨਾਲ ਗੁਰੂ ਜੀ ਉਪਰ ਹਮਲਾ ਕੀਤਾ ਗਿਆ। ਇਤਿਹਾਸਕਾਰਾਂ ਨੇ ਭਾਵੇਂ ਇਸ ਫੌਜ ਦੀ ਗਿਣਤੀ 20-22 ਹਜ਼ਾਰ ਤੱਕ ਦੀ ਦੱਸੀ ਹੈ। ਇਤਨੀ ਫ਼ੌਜ ਭਾਵੇਂ ਨਾ ਵੀ ਹੋਵੇ ਪਰ ਇਹ ਹਮਲਾਵਰ ਫ਼ੌਜ ਬਹੁਤ ਵੱਡੀ ਗਿਣਤੀ ਵਿਚ ਸੀ। ਇਸੇ ਕਰਕੇ ਗੁਰੂ ਸਾਹਿਬ ਆਪਣੀ ਰਿਹਾਇਸ਼ ਛੱਡ ਕੇ ਮਾਲਵੇ ਵੱਲ ਰਵਾਨਾ ਹੋਏ ਸਨ। ਮਾਲਵੇ ਵਿਚ ਜੱਟ ਕਬੀਲਿਆਂ ਦੇ ਭਰਵੇਂ ਸਹਿਯੋਗ ਤੋਂ ਇਲਾਵਾ ਉੱਥੋਂ ਦਾ ਰੇਤਲਾ ਅਤੇ ਜੰਗਲੀ ਇਲਾਕਾ ਗੁਰੂ ਜੀ ਲਈ ਫਾਇਦੇਮੰਦ ਸੀ। ਮਾਲਵੇ ਦੇ ਜੱਟ ਕਬੀਲਿਆਂ ਦੀ ਮਦਦ ਨਾਲ ਗੁਰੂ ਜੀ ਨਥਾਣੇ ਦੇ ਇਲਾਕੇ ਵਿਚ ਇੱਕੋ ਇੱਕ ਪਾਣੀ ਵਾਲ ਢਾਬ ਰੋਕ ਕੇ ਡੱਟ ਗਏ। ਆਲੇ-ਦੁਆਲੇ ਰੇਤੀਲੇ ਟਿੱਬੇ ਸਨ ਅਤੇ ਕੰਡੀਲੇ ਝਾੜ ਸਨ। ਜੇਕਰ ਦੁਸ਼ਮਣ ਇੱਥੇ ਆ ਕੇ ਗੁਰੂ ਜੀ ਉੱਪਰ ਹਮਲਾ ਕਰਦਾ ਸੀ ਤਾਂ ਆਲੇ-ਦੁਆਲੇ ਟਿੱਬਿਆਂ ਦੀ ਓਟ ਵਿਚ ਬੈਠੇ ਸਿੱਖ ਉਸ ਉਪਰ ਚਾਰੇ ਪਾਸਿਆਂ ਤੋਂ ਹਮਲਾ ਕਰਨ ਲਈ ਤਿਆਰ ਸਨ। ਆਲੇ-ਦੁਆਲੇ ਕਿਤੇ ਵੀ ਪਾਣੀ ਨਾ ਹੋਣ ਕਾਰਨ ਦੁਸ਼ਮਣ ਜ਼ਿਆਦਾ ਸਮਾਂ ਸਿੱਖਾਂ ਦੀ ਮਿਲਵੀਂ ਤਾਕਤ ਸਾਹਮਣੇ ਠਹਿਰ ਨਹੀਂ ਸਕਦਾ ਸੀ। ਗਯਾਨ ਸਿੰਘ ਲਿਖਦਾ ਹੈ :-

"ਏਧਰ ਕਾਂਗੜ, ਧੌਲੇ ਦੇਸ ਮਾਲਵੇ ਦੇ ਸਬ ਬਹਾਦਰ ਸਿੰਘ ਗੁਰੂ ਸਾਹਿਬ ਵੱਲ ਭੀ ਆ ਗਏ। ਰਾਇ ਜੋਧ, ਸਲੇਮ ਦੋਵੇਂ ਭਾਈ, ਭੱਲਣ, ਭੂਪਾ, ਸੂਰਾ, ਕਰਮਾ ਫੱਤਾ, ਆਕਲ, ਬੀਰਾ, ਸਾਗਰ, ਤਖਤਾ, ਕਾਲਾ ਦੁੱਲਟ, ਕਾਲਾ ਕਰਮ ਚੰਦ ਆਦਿਕ ਇਹ ਸਬ ਢੋਲ ਵਜਾਉਂਦੇ ਹੋਏ ਆਪਣੇ ਨਾਲ ਬਹੁਤ ਬਹੁਤ ਆਦਮੀ ਲੈ ਕੇ ਗਏ। ਗੁਰੂ ਸਾਹਿਬ ਨੇ ਏਨਾਂ ਨੂੰ ਨਾਲ ਲੈ ਕੇ ਬੜੇ ਭਾਰੀ ਜੰਗਲ ਵਿੱਚ (ਜਿੱਥੇ ਹੁਣ ਲਹਿਰਾ ਪਿੰਡ ਤੇ ਗੁਰੂ ਸਰ ਤਲਾਉ ਹੈ) ਪਾਣੀ ਦੀ ਢਾਬ ਦੇ ਕਿਨਾਰੇ 17 ਪੋਹ ਸੰਮਤ 1690 ਬਿ. ਮੁਤਾਬਕ ਜਨਵਰੀ, 1633 ਈ. ਨੂੰ ਮੋਰਚਾ ਬੰਨ੍ਹ ਕੇ ਲੜਾਈ ਸ਼ੁਰੂ ਕਰ ਦਿੱਤੀ"।

ਹਮਲਾਵਰ ਦੁਸ਼ਮਣ ਦੀ ਫ਼ੌਜ ਦੇ ਪਾਸ ਪਾਣੀ ਦਾ ਕੋਈ ਸੋਮਾ ਨਹੀਂ ਸੀ। ਮਾਲਵੇ ਦੇ ਜੱਟ ਕਬੀਲੇ ਆਪਣੇ ਜੰਗਲਾਂ ਦੇ ਭੇਤੀ ਸਨ। ਸਭ ਪਿੰਡਾਂ ਦੇ ਲੋਕ ਦੁਸ਼ਮਣ ਉੱਪਰ ਚਹੁੰ ਪਾਸਿਆਂ ਤੋਂ ਟੁੱਟ ਕੇ ਪੈ ਗਏ। ਸਾਰਾ ਦਿਨ ਲੜਾਈ ਹੋਈ। ਦੁਸ਼ਮਣ ਪਾਣੀ ਤੋਂ ਬਿਨਾਂ ਪਿਆਸ ਨਾਲ ਵਿਆਕੁਲ ਹੋਇਆ, ਆਪਣਾ ਜਾਨੀ ਨੁਕਸਾਨ ਕਰਵਾ ਕੇ ਵਾਪਸ ਨੱਸ ਆਇਆ। ਗੁਰੂ ਜੀ ਦੀ ਪੂਰਨ ਫਤਿਹ ਹੋਈ। ਮੈਕਾਲਿਫ ਅਨੁਸਾਰ, ਗੁਰੂ ਜੀ ਦੀ ਫ਼ੌਜ ਪਾਣੀ ਦੇ ਇੱਕੋ-ਇੱਕ ਤਲਾਅ ਦੁਆਲੇ ਇਸ ਤਰ੍ਹਾਂ ਘੇਰਾ ਘੱਤੀਂ ਖੜ੍ਹੀ ਸੀ ਕਿ ਦੁਸ਼ਮਣ ਪਾਣੀ ਤੱਕ ਪਹੁੰਚ ਹੀ ਨਹੀਂ ਸਕਿਆ। ਇਸ ਤਰ੍ਹਾਂ ਪਿਆਸ ਨਾਲ ਵਿਆਕੁਲ ਹੋਇਆ ਭੱਜ ਗਿਆ। ਭਾਵੇਂ ਇਸ ਲੜਾਈ ਦਾ ਜੁਲਿਫ਼ਕਾਰ ਅਰਧਿਸਤਾਨੀ ਨੇ ਕੋਈ ਉਲੇਖ ਨਹੀਂ ਕੀਤਾ ਪਰ ਗੁਰਮੁੱਖੀ ਦੀਆਂ ਸਾਰੀਆਂ ਹੀ ਮੁੱਢਲੀਆਂ ਲਿਖਤਾਂ ਅਤੇ ਆਧੁਨਿਕ ਇਤਿਹਾਸਕਾਰ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਸਾਹਿਬ ਨੂੰ ਨਥਾਣੇ ਜਾਂ ਲਹਿਰਾ ਮੁੱਹਬਤ ਦੇ ਅਸਥਾਨ 'ਤੇ ਦੁਸ਼ਮਣ ਨਾਲ ਫੈਸਲਾਕੁਨ ਲੜਾਈ ਲੜਨੀ ਪਈ ਸੀ। ਇੰਦੂ ਭੂਸ਼ਣ ਬੈਨਰਜ਼ੀ ਲਿਖਦਾ ਹੈ ਕਿ ਇਉਂ ਪ੍ਰਤੀਤ ਹੁੰਦਾ ਹੈ ਕਿ ਸ਼ਾਹੀ ਅਧਿਕਾਰੀ ਸਥਿਤੀ ਦੀਆਂ ਕੁਦਰਤੀ ਮੁਸ਼ਕਲਾਂ ਦਾ ਮੁਕਾਬਲਾ ਨਹੀਂ ਕਰ ਸਕੇ ਅਤੇ ਗੁਰੂ ਹਰਗੋਬਿੰਦ ਸਾਹਿਬ ਲਈ ਉਨ੍ਹਾਂ ਨੂੰ ਕੁੱਟ ਕੇ ਵਾਪਸ ਭਜਾਉਣ ਵਿਚ ਕੋਈ ਜ਼ਿਆਦਾ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ ਸੀ। ਭਾਵੇਂ ਇਸ ਲੜਾਈ ਵਿਚ ਸਿੱਖਾਂ ਦਾ ਵੀ ਬਹੁਤ ਜਾਨੀ ਨੁਕਸਾਨ ਹੋਇਆ ਸੀ ਪਰ ਲੜਾਈ ਇਹ ਫੈਸਲਾਕੁੰਨ ਸੀ। ਗੁਰੂ ਜੀ ਨੇ ਸਭ ਸ਼ਹੀਦ ਹੋਏ ਸਿਪਾਹੀਆਂ ਨੂੰ ਉਨ੍ਹਾਂ ਦੀਆਂ ਧਾਰਮਿਕ ਰਸਮਾਂ ਮੁਤਾਬਕ ਦਫ਼ਨਾਇਆ। ਜਿਸ ਥਾਂ 'ਤੇ ਲੜਾਈ ਹੋਈ ਸੀ, ਉੱਥੇ ਅੱਜਕੱਲ੍ਹ ਗੁਰਦੁਆਰਾ ਗੁਰੂਸਰ ਸੁਸ਼ੋਭਿਤ ਹੈ।

**ਚੌਥੀ ਲੜਾਈ** :- ਨਥਾਣਾ ਗੁਰੂਸਰ ਵਿਖੇ ਦੁਸ਼ਮਣ ਨੂੰ ਹਰਾਉਣ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਦੁਆਬੇ ਵਿਚ ਕਰਤਾਰਪੁਰ ਵਿਖੇ ਆ ਗਏ ਸਨ। ਇੱਥੇ ਕੁਝ ਸਮਾਂ ਸ਼ਾਂਤੀ ਨਾਲ ਬਤੀਤ ਹੋਇਆ। ਪਰ ਛੇਤੀ ਹੀ ਗੁਰੂ ਜੀ ਦੇ ਆਪਣੇ ਹੀ ਇੱਕ ਮੁੱਖੀ ਜਰਨੈਲ ਪੈਂਦੇ ਖ਼ਾਨ ਨਾਲ ਕੁਝ ਮੱਤਭੇਦ ਪੈਦਾ ਹੋ ਗਏ ਸਨ। ਪੈਂਦੇ ਖ਼ਾਨ ਫਤਿਹ ਖ਼ਾਨ ਗਨੈਦਾ ਪਠਾਣ ਦਾ ਪੁੱਤਰ ਸੀ। ਇਸ ਦੀ ਮਾਂ ਗੁਰੂ ਹਰਗੋਬਿੰਦ ਸਾਹਿਬ ਦੀ ਪਾਲਣਾ ਪੋਸ਼ਣਾ ਕਰਨ ਵਾਲੀ ਮਾਈ ਸੀ। ਪੈਂਦੇ ਖ਼ਾਨ ਅਤੇ ਗੁਰੂ ਜੀ ਤਕਰੀਬਨ ਹਮਉਮਰ ਹੀ ਸਨ। ਗੁਰੂ-ਘਰ ਵਿਚ ਪੈਂਦੇ ਖ਼ਾਨ ਗੁਰੂ ਜੀ ਦੇ ਸਭ ਤੋਂ ਵੱਧ ਵਿਸ਼ਵਾਸ ਪਾਤਰ ਸਿੱਖਾਂ ਵਿਚੋਂ ਸੀ। ਗੁਰਮੁਖੀ ਲਿਖਤਾਂ ਵਿਚ, ਗੁਰੂ ਸਾਹਿਬ ਅਤੇ ਪੈਂਦੇ ਖ਼ਾਨ ਵਿਚਕਾਰ ਮਤਭੇਦ ਪੈਦਾ ਹੋਣ ਦੇ ਜੋ ਕਾਰਨ ਲਿਖੇ ਗਏ ਹਨ, ਉਹ ਯਕੀਨ ਕਰਨ ਵਾਲੇ ਨਹੀਂ ਜਾਪਦੇ। ਇਉਂ ਲੱਗਦਾ ਹੈ ਕਿ ਜਾਂ ਤਾਂ ਪੈਂਦੇ ਖ਼ਾਨ ਨੂੰ ਦੁਸ਼ਮਣਾਂ ਨੇ ਕਿਸੇ ਤਰ੍ਹਾਂ ਕੋਈ ਯਕੀਨ ਦਿਵਾ ਕੇ ਆਪਣੇ ਨਾਲ ਰਲਾ ਲਿਆ ਹੋਵੇਗਾ ਅਤੇ ਜਾਂ ਫਿਰ ਪੈਂਦੇ ਖ਼ਾਨ ਕੋਈ ਮੁਗਲ ਅਧਿਕਾਰੀ ਹੋਵੇਗਾ। ਜੁਲਿਫ਼ਕਾਰ ਅਰਧਿਸਤਾਨੀ ਨੇ ਲਿਖਿਆ ਹੈ ਕਿ ਕਰਤਾਰਪੁਰ ਵਿਖੇ ਮੀਰ ਬਡੈਹਰਾ ਅਤੇ ਪੈਂਦੇ ਖ਼ਾਨ ਦੀ ਕਮਾਂਡ ਹੇਠ ਹਮਲਾ ਕੀਤਾ ਗਿਆ। ਇਰਵਿਨ ਵੀ ਉਸ ਨੂੰ ਸ਼ਾਹੀ ਕਮਾਂਡਰ ਹੀ ਲਿਖਦਾ ਹੈ। ਇਸ ਲਈ ਇਸ ਗੱਲ ਵਿਚ ਕੁਝ ਵਜ਼ਨ ਹੋ ਸਕਦਾ ਹੈ ਕਿ ਪੈਂਦਾ ਖ਼ਾਨ ਮੁਗ਼ਲ ਹਕੂਮਤ ਦਾ ਹੀ ਕੋਈ ਅਧਿਕਾਰੀ ਹੋਵੇ। ਗੁਰੂ ਜੀ ਦੇ ਘਰ ਵਿਚ ਪਲਣ ਵਾਲਾ ਪੈਂਦੇ ਖ਼ਾਨ ਕੋਈ ਹੋਰ ਹੋਵੇਗਾ। ਗੁਰੂ ਜੀ ਉਪਰ ਹਮਲਾ ਕੀਤਾ ਗਿਆ। ਪਰ ਇਹ ਹਮਲਾ ਸੌਖਿਆਂ ਹੀ ਪਛਾੜ ਦਿੱਤਾ ਗਿਆ। ਮੀਰ ਬਡੈਹਰਾ ਅਤੇ ਪੈਂਦੇ ਖ਼ਾਨ ਦੋਵੇਂ ਹੀ ਮਾਰੇ ਗਏ ਸਨ। ਜਿਸ ਤਰ੍ਹਾਂ ਜ਼ਿਕਰ ਆਉਂਦਾ ਹੈ ਕਿ ਇਸ ਲੜਾਈ ਨੂੰ ਗੁਰੂ ਜੀ ਦੇ ਪਰਿਵਾਰਾਂ ਨੇ ਵੀ ਆਪਣੇ ਮਕਾਨਾਂ ਦੀਆਂ ਛੱਤਾਂ ਜਾਂ ਬਾਰੀਆਂ ਵਿਚੋਂ ਦੀ ਖੜ੍ਹੋ ਕੇ ਦੇਖਿਆ ਸੀ ਅਤੇ ਬਾਲ ਤੇਗ ਬਹਾਦੁਰ ਜੀ ਨੇ ਇਸ ਵਿਚ ਕੁਝ ਭਾਗ ਲਿਆ ਸੀ, ਇਸ ਤੋਂ ਜਾਪਦਾ ਹੈ ਕਿ ਇਹ ਹਮਲਾ ਸਥਾਨਕ ਪੱਧਰ ਦਾ ਅਤੇ ਬਹੁਤ ਭਿਆਨਕ ਨਹੀਂ ਸੀ। ਸਿੱਖ ਸੰਗਤਾਂ ਨੇ ਇਸ ਨੂੰ ਸੌਖਿਆਂ ਹੀ ਪਛਾੜ ਦਿੱਤਾ ਸੀ। ਇਸੇ ਝੜੱਪ ਵਿਚ ਹੀ ਕਿਸੇ ਕਾਲੇ ਖ਼ਾਨ ਕਮਾਂਡਰ ਦਾ ਵੀ ਜ਼ਿਕਰ ਆਉਂਦਾ ਹੈ, ਜਿਸ ਨੂੰ ਗੁਰੂ ਸਾਹਿਬ ਨੇ ਬੜੇ ਆਰਾਮ ਅਤੇ ਠਰ੍ਹੰਮੇ ਨਾਲ ਆਹਮੋ ਸਾਹਮਣੇ ਦੀ ਲੜਾਈ ਕਰਕੇ ਮਾਰ ਦਿੱਤਾ ਸੀ। ਜਦ ਕਾਲੇ ਖ਼ਾਨ ਦਾ ਵਾਰ ਖਾਲੀ ਗਿਆ ਸੀ, ਤਾਂ ਗੁਰੂ ਜੀ ਨੇ ਆਪਣਾ ਵਾਰ ਕਰਨ ਸਮੇਂ ਉਸ ਨੂੰ ਕਿਹਾ ਸੀ ਕਿ "ਤਲਵਾਰ ਇਸ ਤਰ੍ਹਾਂ ਨਹੀਂ ਸਗੋਂ ਇਉਂ ਚਲਾਈ ਦੀ ਹੈ"। ਇਹ ਕਹਿ ਕੇ ਇੱਕੋ ਵਾਰ ਨਾਲ ਕਾਲੇ ਖ਼ਾਨ ਦਾ ਸਿਰ ਧੜ ਨਾਲੋਂ ਵੱਖ ਕਰ ਦਿੱਤਾ ਸੀ।

ਇਸ ਲੜਾਈ ਵਿਚ ਗੁਰੂ ਜੀ ਦੀ ਭਾਵੇਂ ਜਿੱਤ ਹੋਈ ਸੀ ਪਰ ਉਹ ਜ਼ਿਆਦਾ ਸਮਾਂ ਕਰਤਾਰਪੁਰ ਵਿਖੇ ਨਹੀਂ ਠਹਿਰੇ। ਗੁਰੂ ਜੀ ਪੂਰੇ ਲਾਓ ਲਸ਼ਕਰ ਸਮੇਤ ਫਗਵਾੜੇ ਵੱਲ ਨੂੰ ਚੱਲ ਪਏ ਸਨ। ਫਗਵਾੜੇ ਵਿਖੇ ਪਲਾਹੀ ਸਾਹਿਬ ਦੇ ਅਸਥਾਨ 'ਤੇ ਅਚਨਚੇਤ ਹੀ ਦੁਸ਼ਮਣ ਵੱਲੋਂ ਗੁਰੂ ਜੀ ਉੱਪਰ ਲੁਕਵਾਂ ਹਮਲਾ ਕੀਤਾ ਗਿਆ ਸੀ। ਜਿਸ ਨੂੰ ਪਛਾੜ ਦਿੱਤਾ ਗਿਆ ਸੀ। ਗੁਰੂ ਜੀ ਅੱਗੇ ਚੱਲੇ ਗਏ ਅਤੇ ਕੀਰਤਪੁਰ ਪਹੁੰਚ ਕੇ ਆਪਣਾ ਠਿਕਾਣਾ ਕੀਤਾ। ਜੁਲਿਫ਼ਕਾਰ ਅਰਧਿਸਤਾਨੀ ਨੇ ਲਿਖਿਆ ਹੈ ਕਿ ਆਖਰਕਾਰ ਗੁਰੂ ਹਰਿਗੋਬਿੰਦ ਸਾਹਿਬ ਕਰਤਾਰਪੁਰ ਤੋਂ ਫਗਵਾੜੇ ਵੱਲ ਨੂੰ ਚੱਲ ਪਏ ਸਨ ਅਤੇ ਕਿਉਂਕਿ ਇਹ ਲਾਹੌਰ ਦੇ ਨੇੜੇ ਸੀ, ਇਸ ਲਈ ਉਨ੍ਹਾਂ ਨੂੰ ਕੁਝ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਫਿਰ ਉਹ ਛੇਤੀ ਹੀ ਕੀਰਤਪੁਰ ਵੱਲ ਨੂੰ ਰਵਾਨਾ ਹੋ ਗਏ।

**ਲੜਾਈਆਂ ਦਾ ਮੁੱਲਾਂਕਣ** :- ਦੇਖਿਆ ਗਿਆ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਛੋਟੀਆਂ ਜਾਂ ਵੱਡੀਆਂ ਤਕਰੀਬਨ ਚਾਰ ਚੜਾਈਆਂ ਕਰਨੀਆਂ ਪਈਆਂ ਸਨ। ਭਾਵੇਂ ਹਰੀ ਰਾਮ ਗੁਪਤਾ ਨੇ ਇਨ੍ਹਾਂ ਦੀ ਤਾਦਾਦ ਕਾਫ਼ੀ ਵਧਾ ਕੇ ਲਿਖੀ ਹੈ ਕਿਉਂਕਿ ਉਸ ਨੇ ਹਰ ਇੱਕ ਨਿੱਕੀ-ਮੋਟੀ ਘਟਨਾ ਨੂੰ ਸੁਤੰਤਰ ਲੜਾਈ ਦਾ ਰੂਪ ਦਿੱਤਾ ਹੈ। ਮਿਸਾਲ ਦੇ ਤੌਰ 'ਤੇ ਉਹ ਪਹਿਲੀ ਲੜਾਈ ਜੱਲੋ ਦੇ ਅਸਥਾਨ 'ਤੇ ਹੋਈ ਦੱਸਦਾ ਹੈ। ਇਹ ਜੱਲੋ ਦਾ ਥਾਂ ਕਿੱਥੇ ਹੈ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਫਿਰ ਉਹ ਫਗਵਾੜੇ ਨੇੜੇ ਹੋਈ ਝੜੱਪ ਨੂੰ ਅਲੱਗ ਲੜਾਈ ਦਾ ਰੂਪ ਦਿੰਦਾ ਹੈ। ਇਹ ਠੀਕ ਨਹੀਂ ਹੈ। ਫਗਵਾੜੇ ਦੀ ਝੜੱਪ ਨੂੰ ਕਰਤਾਰਪੁਰ ਦੀ ਲੜਾਈ ਦੇ ਨਾਲ ਹੀ ਰਲਾ ਕੇ ਦੇਖਣਾ ਚਾਹੀਦਾ ਹੈ। ਸਭ ਇਤਿਹਾਸਕਾਰਾਂ ਨੇ ਕੁਲ ਲੜਾਈ ਚਾਰ ਹੀ ਵਰਣਨ ਕੀਤੀਆਂ ਹਨ।

ਇਨ੍ਹਾਂ ਲੜਾਈਆਂ ਦਾ ਨਿਰਣਾ ਕਰਦੇ ਸਮੇਂ ਸਾਨੂੰ ਚਾਰ ਪੱਖਾਂ ਦਾ ਜ਼ਰੂਰ ਹੀ ਅਧਿਐਨ ਕਰਨਾ ਚਾਹੀਦਾ ਹੈ। ਪਹਿਲਾ, ਇਨ੍ਹਾਂ ਲੜਾਈਆਂ ਦੀਆਂ ਮਿਤੀਆਂ ਦਾ, ਦੂਸਰਾ ਇਨ੍ਹਾਂ ਲੜਾਈਆਂ ਦੇ ਕਾਰਨਾਂ ਦਾ ਅਤੇ ਤੀਜਾ ਇਨ੍ਹਾਂ ਲੜਾਈਆਂ ਦੇ ਮਨੋਰਥਾਂ ਦਾ ਅਤੇ ਚੌਥਾ ਇਹ ਕਿ ਕੀ ਬਾਦਸ਼ਾਹ ਇਨ੍ਹਾਂ ਵਿਚ ਖੁਦ ਸ਼ਾਮਲ ਸੀ? ਜਿੰਨੇ ਵੀ ਇਤਿਹਾਸਕਾਰਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਲੜਾਈਆਂ ਬਾਰੇ ਲਿਖਿਆ ਹੈ, ਉਨ੍ਹਾਂ ਸਭ ਵਿਚ ਉਪਰੋਕਤ ਚਾਰ ਪੱਖਾਂ ਬਾਰੇ ਇੱਕ ਮੱਤ ਨਹੀਂ ਹੈ। ਸਭ ਤੋਂ ਪਹਿਲਾਂ ਅਸੀਂ ਲੜਾਈਆਂ ਦੀਆਂ ਮਿਤੀਆਂ ਬਾਰੇ ਗੱਲ ਕਰਦੇ ਹਾਂ।

ਸਾਰੇ ਇਤਿਹਾਸਕਾਰਾਂ ਨੇ ਮਿਤੀਆਂ ਵੱਖ-ਵੱਖ ਦਿੱਤੀਆਂ ਹਨ ਜਾਂ ਉਹ ਇਨ੍ਹਾਂ ਬਾਰੇ ਚੁੱਪ ਹਨ। ਇੰਦੂ ਭੂਸ਼ਣ ਬੈਨਰਜ਼ੀ ਨੇ ਸਿਵਾਏ ਕਰਤਾਰਪੁਰ ਦੀ ਲੜਾਈ ਤੋਂ ਹੋਰ ਕਿਸੇ ਵੀ ਲੜਾਈ ਦੀ ਮਿਤੀ ਨਹੀਂ ਦਿੱਤੀ। ਵੈਸੇ ਗਲਤ ਮਿਤੀ ਦੇਣ ਨਾਲੋਂ ਚੁੱਪ ਰਹਿਣਾ ਹੀ ਠੀਕ ਹੈ। ਹਰੀ ਰਾਮ ਗੁਪਤਾ ਨੇ ਜੋ ਮਿਤੀਆਂ ਦਿੱਤੀਆਂ ਹਨ, ਉਨ੍ਹਾਂ ਦਾ ਕੋਈ ਸਰੋਤ ਨਹੀਂ ਦਿੱਤਾ ਗਿਆ ਅਤੇ ਨਾ ਹੀ ਉਹ ਬਾਕੀ ਦੇ ਇਤਿਹਾਸਕਾਰਾਂ ਵੱਲੋਂ ਅਪਣਾਈਆਂ ਹੀ ਗਈਆਂ ਹਨ। ਇਸ ਅਨੁਸਾਰ ਅੰਮ੍ਰਿਤਸਰ ਦੀ ਲੜਾਈ 14 ਅਪ੍ਰੈਲ 1634 ਈ. ਨੂੰ, ਗੁਰੂਸਰ ਦੀ ਲੜਾਈ ਦਸੰਬਰ 1634 ਨੂੰ, ਕਰਤਾਰਪੁਰ ਦੀ ਲੜਾਈ 26 ਅਪ੍ਰੈਲ, 1635 ਨੂੰ ਫਗਵਾੜੇ ਦੀ ਲੜਾਈ 29 ਅਪ੍ਰੈਲ, 1635 ਨੂੰ ਹੋਈ ਦੱਸੀ ਹੈ। ਇੰਦੂ ਭੂਸ਼ਣ ਬੈਨਰਜ਼ੀ ਨੇ ਅੰਮ੍ਰਿਤਸਰ ਦੀ ਲੜਾਈ ਦੀ ਮਿਤੀ 1628 ਈ. ਲਹਿਰਾ ਮੁਹੱਬਤ ਜਾਂ ਨਥਾਣਾਂ ਦੀ ਲੜਾਈ ਦੀ 1631 ਈ. ਅਤੇ ਕਰਤਾਰਪੁਰ ਦੀ ਲੜਾਈ ਦੀ 1634 ਈ. ਦਿੱਤੀ ਹੈ। ਤੇਜਾ ਸਿੰਘ ਗੰਡਾ ਸਿੰਘ ਨੇ ਅੰਮ੍ਰਿਤਸਰ ਦੀ ਲੜਾਈ 1628 ਈ. ਸ੍ਰੀ ਹਰਿਗੋਬਿੰਦਪੁਰ ਦੀ 1630 ਅਤੇ ਕਰਤਾਰਪੁਰ ਦੀ 1634 ਵਿਚ ਹੋਈ ਦੱਸੀ ਹੈ। ਸਤਿਬੀਰ ਸਿੰਘ ਨੇ ਇਨ੍ਹਾਂ ਲੜਾਈਆਂ ਦੀਆਂ ਮਿਤੀਆਂ ਇਉਂ ਦਿੱਤੀਆਂ ਹਨ : ਅੰਮ੍ਰਿਤਸਰ ਦੀ ਲੜਾਈ ਦੀ 15 ਮਈ, 1629 ਸ੍ਰੀ ਹਰਿਗੋਬਿੰਦ ਸਾਹਿਬ ਵਿਖੇ ਹੋਈ ਲੜਾਈ ਦੀ ਸਤੰਬਰ, 1629 ਨਥਾਣਾ ਵਿਖੇ ਹੋਈ ਲੜਾਈ ਦੀ ਨਵੰਬਰ, 1631 ਕਰਤਾਰਪੁਰ ਵਿਖੇ ਹੋਈ ਲੜਾਈ ਦੀ (ਅੰਦਾਜ਼ਨ) 1633 ਈ. ਲਿਖਿਆ ਹੈ। ਗਯਾਨੀ ਗਯਾਨ ਸਿੰਘ ਨੇ ਇਹ ਮਿਤੀਆਂ ਇਉਂ ਦਿੱਤੀਆਂ ਹਨ : ਅੰਮ੍ਰਿਤਸਰ ਦੀ ਲੜਾਈ ਦੀ ਬਿਸਾਖ, ਸੰਮਤ 1687 ਮੁਤਾਬਕ ਅਪ੍ਰੈਲ 1629, ਸ੍ਰੀ ਹਰਿਗੋਬਿੰਦਪੁਰ ਦੀ ਲੜਾਈ ਦੀ ਸਤੰਬਰ, 1630 ਨਥਾਣਾ ਸਾਹਿਬ ਦੀ ਲੜਾਈ ਦੀ 17 ਪੋਹ, ਸੰਮਤ 1690 ਬਿ. ਮੁਤਾਬਿਕ ਜਨਵਰੀ, 1633 ਈ.। ਗਯਾਨ ਸਿੰਘ ਪਹਿਲਾ ਸਿੱਖ ਇਤਿਹਾਸਕਾਰ ਹੈ, ਜਿਸ ਨੇ ਸਿੱਖ ਇਤਿਹਾਸ ਨੂੰ ਖੋਜ ਦੇ ਨੁਕਤਾ ਨਿਗਾਹ ਤੋਂ ਲਿਖਿਆ ਹੈ। ਉਸ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਆਮ ਤੌਰ 'ਤੇ ਆਧੁਨਿਕ ਇਤਿਹਾਸਕਾਰਾਂ ਵੱਲੋਂ ਪ੍ਰਵਾਨ ਕੀਤੀਆਂ ਗਈਆਂ ਹਨ। ਉਹ ਅੱਜ ਦੇ ਯੁੱਗ ਤੋਂ 100 ਸਾਲ ਤੋਂ ਵੱਧ ਸਮਾਂ ਪਹਿਲਾਂ ਹੋਇਆ ਹੈ। ਇਸ ਲਈ ਉਸ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਇਤਿਹਾਸਕ ਸੱਚਾਈ ਦੇ ਜ਼ਿਆਦਾ ਨੇੜੇ ਹਨ। ਇਸ ਲਿਖਤ ਵਿਚ ਗਯਾਨ ਸਿੰਘ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਨੂੰ ਹੀ ਅਪਣਾਇਆ ਗਿਆ ਹੈ।

ਜਿੱਥੋਂ ਤੱਕ ਲੜਾਈਆਂ ਦੇ ਕਾਰਨਾਂ ਦਾ ਸੰਬੰਧ ਹੈ, ਇਨ੍ਹਾਂ ਦਾ ਜੋ ਵੇਰਵਾ ਗੁਰਮੁੱਖੀ ਦੀਆਂ ਮੁੱਢਲੀਆਂ ਲਿਖਤਾਂ ਵਿਚ ਦਿੱਤਾ ਗਿਆ ਹੈ, ਉਹ ਯਕੀਨ ਕਰਨ ਯੋਗ ਨਹੀਂ ਹੈ। ਮਿਸਾਲ ਦੇ ਤੌਰ 'ਤੇ ਪਹਿਲੀ ਅੰਮ੍ਰਿਤਸਰ ਦੀ ਲੜਾਈ ਬਾਜ ਨਾ ਮੋੜਨ ਦੇ ਕਾਰਨ ਹੋਈ ਸੀ। ਇਸ ਅਨੁਸਾਰ ਬਾਦਸ਼ਾਹ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਗੁਮਟਾਲੇ ਪਿੰਡ ਦੇ ਜੰਗਲਾਂ ਵਿਚ ਸ਼ਿਕਾਰ ਖੇਡਦਾ ਫਿਰਦਾ ਸੀ। ਉੱਥੇ ਹੀ ਗੁਰੂ ਜੀ ਸਿੱਖਾਂ ਸਮੇਤ ਸ਼ਿਕਾਰ ਖੇਡ ਰਹੇ ਸਨ। ਗੁਰੂ ਜੀ ਦੇ ਬਾਜ ਨੇ ਬਾਦਸ਼ਾਹ ਦੇ ਬਾਜ ਨੂੰ ਮਾਰ ਗਿਰਾਇਆ। ਪਿੱਛੋਂ ਬਾਦਸ਼ਾਹ ਦੇ ਅਧਿਕਾਰੀਆਂ ਵੱਲੋਂ ਬਾਜ਼ ਦੀ ਮੰਗ ਕਰਨ 'ਤੇ ਬਾਜ ਨੂੰ ਵਾਪਸ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਸਿੱਟੇ ਵਜੋਂ ਅੰਮ੍ਰਿਤਸਰ ਦੀ ਲੜਾਈ ਹੋਈ ਅਤੇ ਗੁਰੂ ਜੀ ਨੂੰ ਸਭ ਕੁਝ ਲੁਟਾ ਕੇ ਇਸ ਥਾਂ ਨੂੰ ਛੱਡ ਕੇ ਜਾਣਾ ਪਿਆ। ਇਨ੍ਹਾਂ ਕਥਨਾਂ ਨੂੰ ਇਤਿਹਾਸ ਦੀ ਕਸਵੱਟੀ ਉਪਰ ਪਰਖਿਆ ਜਾਵੇ, ਜਾਂ ਦਲੀਲ ਦੇ ਜ਼ੋਰ ਨਾਲ ਪੜਚੋਲਿਆ ਜਾਵੇ ਜਾਂ ਸਿੱਖ ਧਰਮ ਦੇ ਆਸ਼ੇ ਅਤੇ ਉਦੇਸ਼ਾਂ ਨਾਲ ਤੁਲਨਾਇਆ ਜਾਵੇ, ਤਾਂ ਇਹ ਗੱਲਾਂ ਇੱਕਦਮ ਗਲਤ ਹੋ ਜਾਂਦੀਆਂ ਹਨ। ਬਾਦਸ਼ਾਹ ਸ਼ਾਹ ਜਹਾਨ 1638 ਈ. ਤੀਕ ਪੰਜਾਬ ਵਿਚ ਨਹੀਂ ਆਇਆ, ਇਸ ਕਰਕੇ ਬਾਦਸ਼ਾਹ ਦੇ ਸ਼ਿਕਾਰ ਖੇਡਣ ਵਾਲੀ ਗੱਲ ਆਪਣੇ ਆਪ ਹੀ ਗਲਤ ਹੋ ਜਾਂਦੀ ਹੈ। ਜੇਕਰ ਦੋ ਪਾਰਟੀਆਂ ਸ਼ਿਕਾਰ ਖੇਡਦੀਆਂ ਫਿਰਦੀਆਂ ਹਨ ਅਤੇ ਇੱਕ ਧਿਰ ਦਾ ਸ਼ਿਕਾਰੀ ਜਾਨਵਰ ਜੇ ਦੂਜੀ ਧਿਰ ਦੇ ਹੱਥ ਆ ਗਿਆ, ਤਾਂ ਕੀ ਉਸ ਨੂੰ ਪਹਿਲੀ ਧਿਰ ਵੱਲੋਂ ਮੰਗਣ 'ਤੇ ਵਾਪਸ ਕਰਨਾ ਸਦਾਚਾਰ ਦੀ ਗੱਲ ਨਹੀਂ ਹੈ? ਬਾਜ ਵਾਪਸ ਨਾ ਕਰਨ ਵਿਚ ਕੀ ਵਡਿਆਈ ਸੀ? ਸਿਰਫ਼ ਬਾਜ ਨਾ ਵਾਪਸ ਕਰਨ ਕਰਕੇ ਸਿੱਖ ਸੰਗਤਾਂ ਦਾ ਖਾਹਮ-ਖਾਹ ਘਾਣ ਕਰਵਾਇਆ ਅਤੇ ਆਪਣੀ ਰਿਹਾਇਸ਼ਗਾਹ ਅਤੇ ਹਰਿਮੰਦਰ ਸਾਹਿਬ ਜੈਸੇ ਮਹਾਨ ਧਾਰਮਿਕ ਅਸਥਾਨ ਦੀ ਲੁੱਟ-ਪੁੱਟ ਕਰਵਾ ਲੈਣਾ ਕਿਹੜੀ ਸਿਆਣਪ ਵਾਲੀ ਗੱਲ ਸੀ ? ਮਹਾਨ ਧਾਰਮਿਕ ਆਗੂ ਤਾਂ ਮਨੁੱਖਾਂ ਦਾ ਖੁਨ ਡੁੱਲ੍ਹਣ ਤੋਂ ਰੋਕਣ ਲਈ ਛੋਟੇ-ਛੋਟੇ ਕਾਰਨਾਂ ਨੂੰ ਵੈਸੇ ਹੀ ਅੱਗੇ ਨਹੀਂ ਆਉਣ ਦਿੰਦੇ। ਸਿੱਖ ਧਰਮ ਦੇ ਆਸ਼ੇ ਅਤੇ ਉਦੇਸ਼ ਤਾਂ ਵੈਸੇ ਹੀ ਦੂਸਰੇ ਦੀ ਵਸਤੂ ਖੋਹਣ ਤੋਂ ਵਰਜਦੇ ਹਨ। ਇਸ ਕਰਕੇ ਬਾਜ ਦੇ ਖੋਹਣ ਦੀ ਗੱਲ ਜਾਂ ਬਾਜ ਨੂੰ ਵਾਪਸ ਨਾ ਕਰਨ ਦੀ ਗੱਲ ਠੀਕ ਨਹੀਂ ਹੈ। ਇੱਕ ਪਾਸੇ ਤਾਂ ਅਸੀਂ ਇਹ ਸਿੱਧ ਕਰਨ 'ਤੇ ਜ਼ੋਰ ਲਾ ਰਹੇ ਹਾਂ ਕਿ ਗੁਰੂ ਜੀ ਆਪਣੇ ਬਚਾਓ ਦੀ ਲੜਾਈ ਲੜ ਰਹੇ ਸਨ ਪਰ ਦੂਜੇ ਪਾਸੇ ਅਸੀਂ ਅਚੇਤ ਤੌਰ 'ਤੇ ਗੁਰੂ ਜੀ ਵੱਲੋਂ ਖੋਹਿਆ ਗਿਆ ਬਾਜ ਵਾਪਸ ਨਾ ਕਰਕੇ ਖਾਹਮ-ਖਾਹ ਦੁਸ਼ਮਣ ਨੂੰ ਹਮਲਾ ਕਰਨ ਲਈ ਉਕਾਸਹਟ ਵਿਚ ਲਿਆਉਣ ਦੀਆਂ ਗੱਲਾਂ ਕਰ ਰਹੇ ਹਾਂ। ਇਹ ਨਾ ਹੀ ਤਾਂ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਠੀਕ ਹੈ ਅਤੇ ਨਾ ਹੀ ਇਸ ਤਰ੍ਹਾਂ ਅਸੀਂ ਗੁਰੂ ਸਾਹਿਬ ਦੇ ਮਿਸ਼ਨ ਨਾਲ ਹੀ ਇਨਸਾਫ਼ ਕਰ ਰਹੇ ਹਾਂ। ਇਸੇ ਤਰ੍ਹਾਂ ਹੀ ਕੌਲਾਂ ਦੇ ਨਾਂ 'ਤੇ ਲੜਾਈ ਦੀ ਨੌਬਤ ਲੈ ਆਉਣਾ, ਜਾਂ ਪੈਂਦੇ ਖ਼ਾਨ ਜੈਸੇ ਵਫ਼ਾਦਾਰ ਯੋਧੇ ਨੂੰ ਸਿਰਫ ਬਖਸ਼ੀ ਹੋਈ ਖਿੱਲਤ ਨਾ ਪਹਿਨਣ ਕਰਕੇ ਬਾਗੀ ਕਰਵਾ ਦੇਣ ਵਾਲੀਆਂ ਗੱਲਾਂ ਵੀ ਨਿਰਆਧਾਰ ਹਨ। ਗੁਰੂ ਜੀ ਨਾਲ ਲੜਾਈ ਕਰਨ ਵਾਲਾ ਪੈਂਦੇ ਖ਼ਾਨ ਜ਼ਰੂਰ ਹੀ ਹੋਰ ਪੈਂਦੇ ਖ਼ਾਨ ਹੋਣਾ ਹੈ। ਗੁਰੂ ਜੀ ਦੇ ਘਰ ਵਿਚ ਪਲਣ ਵਾਲਾ ਪੈਂਦੇ ਖ਼ਾਨ ਨਹੀਂ ਹੋ ਸਕਦਾ।

ਲੜਾਈਆਂ ਦੀ ਅਸਲ ਵਿਚ ਗੱਲ ਇਹ ਸੀ ਕਿ ਸ਼ਾਹਜਹਾਨ ਜਿਸ ਤਰ੍ਹਾਂ ਗੱਦੀ ਉਪਰ ਬੈਠਾ ਸੀ, ਉਸ ਨਾਲ ਉਸ ਨੇ ਸ਼ਾਹੀ ਖ਼ਾਨਦਾਨ ਦੇ ਅਨੇਕਾਂ ਵਿਅਕਤੀਆਂ ਦਾ ਖ਼ੂਨ ਡੋਲ੍ਹਿਆ ਸੀ। ਆਪਣੇ ਪਿਤਾ ਦੀ ਅਤੀ ਪਿਆਰੀ ਬੇਗਮ ਨੂਰਜਹਾਂ ਨੂੰ ਕੈਦ ਕਰ ਦਿੱਤਾ ਗਿਆ ਸੀ, ਉਸ ਦੇ ਜਵਾਈ ਸਹਰਯਾਰ ਨੂੰ ਮਰਵਾ ਦਿੱਤਾ ਗਿਆ ਸੀ, ਸਵਰਗਵਾਸੀ ਸ਼ਹਿਜ਼ਾਦਾ ਖੁਸਰੋ ਦੇ ਪੁੱਤਰ ਦਵਾਰ ਬਖ਼ਸ਼ ਨੂੰ ਵੀ ਮਰਵਾ ਦਿੱਤਾ ਗਿਆ ਸੀ, ਜਿਸ ਦਾ ਬਾਦਸ਼ਾਹ ਬਣਨ ਲਈ ਜ਼ਿਆਦਾ ਅਧਿਕਾਰ ਬਣਦਾ ਸੀ, ਆਦਿ...ਆਦਿ। ਅਜਿਹੇ ਖ਼ੂਨ-ਖਰਾਬੇ ਵਿਚ ਸ਼ਾਹਜਹਾਨ ਨੇ ਬਾਦਸ਼ਾਹ ਬਣ ਕੇ ਮੁਸਲਿਮ ਜਗਤ ਨੂੰ ਖੁਸ਼ ਕਰਨ ਲਈ ਨਵੀਂ ਧਾਰਮਿਕ ਨੀਤੀ ਨੂੰ ਧਾਰਨ ਕਰਨ ਦਾ ਐਲਾਨ ਕੀਤਾ ਸੀ। ਇਸ ਨੀਤੀ ਅਨੁਸਾਰ ਮੁਸਲਮਾਨਾਂ ਵੱਲੋਂ ਧਰਮ ਬਦਲਣ ਦੀ ਅਤੇ ਨਵੇਂ ਹਿੰਦੂ ਮੰਦਰ ਉਸਾਰੇ ਜਾਣ 'ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਸੀ। ਇਸ ਨੀਤੀ ਦਾ ਸਹਾਰਾ ਲੈ ਕੇ ਪੰਜਾਬ ਵਿਚ ਵੀ ਉਹ ਲੋਕ ਸਿੱਖ ਧਰਮ ਦੇ ਵਿਰੁੱਧ ਖੜ੍ਹੇ ਹੋ ਗਏ ਸਨ, ਜੋ ਸਿੱਖ ਧਰਮ ਦੀ ਵਿਰੋਧਤਾ ਕਰਦੇ ਸਨ ਪਰ ਅਕਬਰ ਅਤੇ ਜਹਾਂਗੀਰ ਵੱਲੋਂ ਸਹਿਯੋਗ ਨਾ ਮਿਲਣ ਕਾਰਨ ਦੱਬੇ ਬੈਠੇ ਸਨ। ਹੁਣ ਇਨ੍ਹਾਂ ਲੋਕਾਂ ਜਾਂ ਅਧਿਕਾਰੀਆਂ ਨੂੰ ਗੁਰੂ ਜੀ ਦੇ ਖਿਲਾਫ਼ ਉੱਠਣ ਦਾ ਬਹਾਨਾ ਮਿਲ ਗਿਆ ਸੀ। ਇਸੇ ਬਹਾਨੇ ਰਾਹੀਂ ਪਹਿਲਾਂ ਲਾਹੌਰ ਵਿਚ ਬਣਿਆ ਸਿੱਖ ਧਾਰਮਿਕ ਅਸਥਾਨ ਢਾਹ ਦਿੱਤਾ ਗਿਆ ਸੀ, ਫਿਰ ਅੰਮ੍ਰਿਤਸਰ ਉਪਰ ਹਮਲਾ ਕਰਨ ਦੇ ਮਨਸੂਬੇ ਬਣਨ ਲੱਗ ਪਏ ਸਨ। ਅੰਮ੍ਰਿਤਸਰ ਦੀ ਲੜਾਈ ਉਦੋਂ ਹੋਈ ਸੀ, ਜਦੋਂ ਗੁਰੂ ਸਾਹਿਬ ਆਪਣੀ ਬੇਟੀ ਦੀ ਸ਼ਾਦੀ ਕਰਨ ਵਿਚ ਰੁੱਝੇ ਹੋਏ ਸਨ। ਇੱਕ ਪਾਸੇ ਬੇਟੀ ਦੀ ਸ਼ਾਦੀ ਦੀਆਂ ਤਿਆਰੀਆਂ ਹੋ ਰਹੀਆਂ ਹੋਣ ਤੇ ਦੂਜੇ ਪਾਸੇ ਗੁਰੂ ਸਾਹਿਬ ਦੁਸ਼ਮਣ ਦਾ ਬਾਜ਼ ਖੋਹ ਕੇ ਉਸ ਨੂੰ ਖਾਹਮ-ਖਾਹ ਭੜਕਾਉਣ ਦੀ ਕੋਸ਼ਿਸ਼ ਕਰ ਰਹੇ ਹੋਣ, ਇਹ ਗੱਲ ਹੋ ਨਹੀਂ ਸਕਦੀ ਸੀ। ਦੁਸ਼ਮਣਾਂ ਨੇ ਗੁਰੂ ਸਾਹਿਬ ਨੂੰ ਘਰੇਲੂ ਮਾਮਲਿਆਂ ਵਿਚ ਰੁੱਝਿਆ ਹੋਇਆ ਦੇਖ ਕੇ ਅੰਮ੍ਰਿਤਸਰ 'ਤੇ ਹਮਲਾ ਕਰ ਦਿੱਤਾ ਅਤੇ ਸ਼ਾਦੀ ਲਈ ਤਿਆਰ ਕੀਤੇ ਸਾਮਾਨ ਨੂੰ ਲੁੱਟ ਲਿਆ ਗਿਆ ਸੀ। ਗੁਰੂ ਜੀ ਨੂੰ ਆਪਣੀ ਬੇਟੀ ਦੀ ਸ਼ਾਦੀ ਵੀ ਅੰਮ੍ਰਿਤਸਰ ਤੋਂ ਦੂਰ ਝਬਾਲ ਜਾ ਕੇ ਕਰਨੀ ਪਈ ਸੀ। ਇਹ ਸਭ ਕੁਝ ਸਿੱਖ ਧਰਮ ਦੇ ਦੁਸ਼ਮਣਾਂ ਵੱਲੋਂ ਨਵੇਂ ਬਣੇ ਬਾਦਸ਼ਾਹ ਵੱਲੋਂ ਸਿੱਖ ਜਗਤ ਪ੍ਰਤੀ ਕੱਟੜ ਰਵੱਈਆ ਅਖਤਿਆਰ ਕਰਨ ਦੀ ਓਟ ਵਿਚ ਕੀਤਾ ਗਿਆ ਸੀ।

ਗੁਰੂ ਸਾਹਿਬ ਦਾ ਮਨੋਰਥ ਜਾਂ ਉਦੇਸ਼ ਆਪਣੇ ਸਮਾਜ ਦੀ ਸੁਤੰਤਰ ਹੋਂਦ ਬਣਾ ਕੇ ਰੱਖਣ ਦਾ ਸੀ। ਇਸੇ ਮਨੋਰਥ ਦੀ ਪੂਰਤੀ ਲਈ ਪਹਿਲਾਂ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ ਸੀ ਅਤੇ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਵੀ ਭੁਗਤਣੀ ਪਈ ਸੀ। ਇਹ ਸੁਤੰਤਰ ਹੋਂਦ ਰਾਜਨੀਤਿਕ ਤਾਕਤ ਹਾਸਲ ਕਰਨ ਦੀ ਗੱਲ ਨਹੀਂ ਸੀ ਅਤੇ ਨਾ ਹੀ ਰਾਜਨੀਤਿਕ ਬਗ਼ਾਵਤ ਸੀ। ਇਹ ਨਿਰੋਲ ਮੁਗ਼ਲ ਹਕੂਮਤ ਦੇ ਪ੍ਰਬੰਧ ਹੇਠ ਸਿੱਖ ਸਮਾਜ ਦੀ ਅੰਦਰੂਨੀ ਖ਼ੁਦਮੁਖਤਿਆਰੀ ਦੀ ਭਾਵਨਾ ਸੀ। ਜਦੋਂ ਜਹਾਂਗੀਰ ਨੂੰ ਇਸ ਬਾਰੇ ਯਕੀਨ ਹੋ ਗਿਆ ਸੀ, ਤਾਂ ਉਸ ਦਾ ਰਵੱਈਆ ਵੀ ਗੁਰੂ ਜੀ ਪ੍ਰਤੀ ਦੋਸਤਾਨਾ ਹੋ ਗਿਆ ਸੀ। ਕੁਝ ਸਮੇਂ ਬਾਅਦ ਜਦੋਂ ਸ਼ਾਹ ਜਹਾਨ ਵੀ ਆਪਣੇ ਪੈਰਾਂ 'ਤੇ ਪੱਕਾ ਹੋ ਗਿਆ ਸੀ, ਤਾਂ ਉਸ ਨੇ ਵੀ ਧਾਰਮਿਕ ਕੱਟੜਤਾ ਛੱਡ ਦਿੱਤੀ ਸੀ ਅਤੇ ਇਸ ਸਮੇਂ ਕਿਸੇ ਮੁਗ਼ਲ ਅਧਿਕਾਰੀ ਦੀ ਵੀ ਗੁਰੂ ਜੀ ਉੱਪਰ ਹਮਲਾ ਕਰਨ ਦੀ ਹਿੰਮਤ ਨਹੀਂ ਪਈ ਸੀ।

ਬਾਦਸ਼ਾਹ ਸ਼ਾਹ ਜਹਾਨ ਵੱਲੋਂ ਨਵੀਂ ਧਾਰਮਿਕ ਨੀਤੀ ਧਾਰਨ ਕਰ ਲੈਣ ਦੇ ਬਾਵਜੂਦ ਵੀ ਉਸ ਦਾ ਗੁਰੂ ਹਰਗੋਬਿੰਦ ਸਾਹਿਬ ਵਿਰੁੱਧ ਕੋਈ ਫ਼ੁਰਮਾਨ ਜਾਰੀ ਨਹੀਂ ਹੋਇਆ। ਜਿੰਨੀਆਂ ਵੀ ਗੁਰੂ ਜੀ ਨੂੰ ਲੜਾਈਆਂ ਕਰਨੀਆਂ ਪਈਆਂ ਸਨ, ਉਨ੍ਹਾਂ ਵਿਚੋਂ ਕੋਈ ਬਾਦਸ਼ਾਹ ਦੇ ਹੁਕਮ ਨਾਲ ਨਹੀਂ ਹੋਈ। ਇਹ ਸਭ ਸਥਾਨਕ ਅਧਿਕਾਰੀਆਂ ਦੀ ਨਿੱਜੀ ਈਰਖਾ ਕਾਰਨ ਹੋਈਆਂ ਸਨ। ਸਗੋਂ ਕੁਝ ਹੱਦ ਤੱਕ ਸ਼ਾਹ ਜਹਾਨ ਨੇ ਅਜਿਹੇ ਅਧਿਕਾਰੀਆਂ ਨੂੰ ਝਿੜਕਿਆ ਵੀ ਸੀ। ਤੇਜਾ ਸਿੰਘ ਗੰਡਾ ਸਿੰਘ ਲਿਖਦੇ ਹਨ ਕਿ ਜਦੋਂ ਸ੍ਰੀ ਹਰਿਗੋਬਿੰਦਪੁਰ ਦੀ ਲੜਾਈ ਪਿੱਛੋਂ "ਅਬਦੁੱਲਾ ਦੇ ਪੁੱਤਰ ਨੇ ਮਦਦ ਲਈ ਬਾਦਸ਼ਾਹ ਪਾਸ ਬੇਨਤੀ ਕੀਤੀ ਪਰ ਉਸ ਨੂੰ ਦੱਸਿਆ ਗਿਆ ਕਿ ਉਸ ਦੇ ਪਿਤਾ ਦੀ ਮੁਹਿੰਮ ਬਿਨਾਂ ਆਗਿਆ ਦੇ ਸੀ। ਇਸ ਲਈ ਉਸ ਸੰਬੰਧ ਵਿਚ ਕੁਝ ਵੀ ਨਹੀਂ ਕੀਤਾ ਜਾ ਸਕਦਾ ਸੀ"। ਸ਼ਾਹ ਜਹਾਨ ਦਾ ਵਜ਼ੀਰੇ ਆਜ਼ਮ ਆਸਿਫ਼ ਖ਼ਾਨ, ਜਿਹੜਾ ਕਿ ਰਿਸ਼ਤੇ ਵਿਚ ਉਸ ਦਾ ਸਹੁਰਾ ਲੱਗਦਾ ਸੀ, ਗੁਰੂ ਹਰਗੋਬਿੰਦ ਸਾਹਿਬ ਦਾ ਸ਼ੁੱਭ ਚਿੰਤਕ ਸੀ। ਉਸ ਨੇ ਅੰਮ੍ਰਿਤਸਰ ਦੀ ਲੜਾਈ ਤੋਂ ਤੁਰੰਤ ਬਾਅਦ, ਪਤਾ ਲੱਗਣ 'ਤੇ, ਲਾਹੌਰ ਦੇ ਗਵਰਨਰ ਕੁਲੀਜ ਖ਼ਾਨ ਨੂੰ ਹਟਾ ਦਿੱਤਾ ਸੀ। ਹਰਿਗੋਬਿੰਦਪੁਰ ਦੀ ਝੜੱਪ ਹੋਣ ਪਿੱਛੋਂ ਆਸਿਫ ਖ਼ਾਨ ਨੇ ਪੂਰੀ ਰਿਪੋਰਟ ਮੰਗੀ ਅਤੇ ਇਹ ਪਤਾ ਲੱਗਣ 'ਤੇ ਕਿ ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਵਿਖੇ ਮੁਸਲਮਾਨਾਂ ਲਈ ਇੱਕ ਮਸੀਤ ਵੀ ਬਣਵਾਈ ਸੀ, ਗੁਰੂ ਜੀ ਦੀ ਪ੍ਰਸ਼ੰਸਾ ਵੀ ਕੀਤੀ ਸੀ।

ਤੇਜਾ ਸਿੰਘ ਗੰਡਾ ਸਿੰਘ ਅਨੁਸਾਰ, "ਗੁਰੂ ਹਰਿਗੋਬਿੰਦ ਜੀ ਨੇ ਚਾਰ ਲੜਾਈਆਂ ਜਿੱਤੀਆਂ ਪਰ ਕਿਉਂਕਿ ਉਨ੍ਹਾਂ ਦਾ ਮਨੋਰਥ ਸਦਾ ਆਪਣੇ ਬਚਾਅ ਵਿਚ ਲੜਨ ਦਾ ਰਿਹਾ ਸੀ, ਇਸ ਲਈ ਉਨ੍ਹਾਂ ਨੇ ਇਨ੍ਹਾਂ ਜਿੱਤਾਂ ਦੇ ਫਲਸਰੂਪ ਇੱਕ ਇੰਚ ਭਰ ਵੀ ਇਲਾਕੇ ਉੱਤੇ ਕਬਜ਼ਾ ਨਹੀਂ ਸੀ ਕੀਤਾ। ਇਨ੍ਹਾਂ ਲੜਾਈਆਂ ਦੇ ਪਿੱਛੇ ਨਿਰੇ ਬਾਜ਼ ਜਾਂ ਘੋੜੇ ਦੇ ਝਗੜੇ ਨਾਲੋਂ ਕਿਤੇ ਡੂੰਘਾ ਮਸਲਾ ਸੀ। ਪੰਜਾਬ ਦੀ ਧਰਤੀ 'ਤੇ ਇੱਕ ਨਵੀਂ ਬੀਰਤਾ ਦਾ ਜਨਮ ਹੋ ਰਿਹਾ ਸੀ"।

ਏ.ਸੀ. ਬੈਨਰਜ਼ੀ ਨੇ ਆਪਣੇ ਸ਼ਬਦਾਂ ਵਿਚ ਗੁਰੂ ਸਾਹਿਬ ਦੀਆਂ ਲੜਾਈ ਅਤੇ ਮੁਗ਼ਲ ਹਕੂਮਤ ਦੇ ਰਵਈਏ ਦਾ ਪੱਖ ਇਸ ਤਰ੍ਹਾਂ ਪੇਸ਼ ਕੀਤਾ ਹੈ। ਇਸ ਅਨੁਸਾਰ, "ਜਿਵੇਂ ਕਿ ਉੱਪਰ ਦਿੱਤੇ ਵਿਸਥਾਰ ਤੋਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਦੀਆਂ ਲੜਾਈਆਂ ਨਿਰੋਲ ਸਥਾਨਕ ਮਸਲੇ ਸਨ। ਭੜਕਾਹਟ ਪੰਜਾਬ ਦੇ ਅਧਿਕਾਰੀਆਂ ਵੱਲੋਂ ਪੈਦਾ ਕੀਤੀ ਗਈ ਸੀ। ਸਿੱਖ ਲਿਖਤਾਂ ਵਿਚ ਬਾਦਸ਼ਾਹ ਦਾ ਜ਼ਿਕਰ ਵਾਰ-ਵਾਰ ਆਉਣ ਦੇ ਬਾਵਜੂਦ ਵੀ ਇਹ ਮੰਨਣਾ ਮੁਸ਼ਕਿਲ ਹੈ ਕਿ ਕੀ ਕੇਂਦਰ ਦੀ ਸ਼ਾਹੀ ਹਕੂਮਤ ਦਾ ਇਨ੍ਹਾਂ ਛੋਟੇ-ਛੋਟੇ ਮਸਲਿਆਂ ਨਾਲ ਸੱਚਮੁੱਚ ਹੀ ਕੋਈ ਸੰਬੰਧ ਸੀ? ਗੁਰੂ ਜੀ ਨੇ ਆਤਮ ਰੱਖਿਆ ਲਈ ਸਭ ਕੁਝ ਕੀਤਾ ਸੀ। ਉਨ੍ਹਾਂ ਨੇ ਕੋਈ ਬਾਕਾਇਦਾ ਬਗ਼ਾਵਤ ਨਹੀਂ ਕੀਤੀ ਸੀ। ਗੁਰੂ ਸਾਹਿਬ ਵੱਲੋਂ ਜਿੱਤੀਆਂ ਗਈਆਂ ਲੜਾਈਆਂ ਦਾ ਨਾ ਹੀ ਤਾਂ ਪੰਜਾਬ ਦੇ ਰਾਜ ਪ੍ਰਬੰਧ 'ਤੇ ਕੋਈ ਅਸਰ ਹੋਇਆ ਸੀ ਅਤੇ ਨਾ ਹੀ ਬਾਦਸ਼ਾਹ ਦੀ ਆਪਣੀ ਹਕੂਮਤ 'ਤੇ।

ਇਸ ਲਈ ਅਸੀਂ ਸਿੱਟੇ ਦੇ ਤੌਰ 'ਤੇ ਕਹਿ ਸਕਦੇ ਹਾਂ ਕਿ ਗੁਰੂ ਜੀ ਦੀਆਂ ਲੜਾਈਆਂ ਨਾਲ ਸ਼ਾਹ ਜਹਾਨ ਦਾ ਕੋਈ ਸੰਬੰਧ ਨਹੀਂ ਸੀ। ਇਹ ਨਿਰੋਲ ਸਥਾਨਕ ਅਧਿਕਾਰੀਆਂ ਜਾਂ ਚੌਧਰੀਆਂ ਵੱਲੋਂ ਆਪਣੀ ਈਰਖਾ ਕਾਰਨ ਕੀਤੀਆਂ ਗਈਆਂ ਸਨ। ਗੁਰੂ ਜੀ ਨੇ ਸਿਰਫ਼ ਆਤਮ ਰੱਖਿਆ ਲਈ ਤਲਵਾਰ ਚੁੱਕੀ ਸੀ ਅਤੇ ਜਦੋਂ ਹੀ ਉਨ੍ਹਾਂ ਦੀ ਆਤਮ ਰੱਖਿਆ ਯਕੀਨੀ ਹੋ ਗਈ, ਤਾਂ ਉਨ੍ਹਾਂ ਨੇ ਵੀ ਤਲਵਾਰ ਨੂੰ ਰੱਖ ਕੇ ਧਰਮ ਦਾ ਪ੍ਰਚਾਰ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਸੀ।

***ਹਵਾਲਾ ਪੁਸਤਕ : ਸੁਖਦਿਆਲ ਸਿੰਘ (ਡਾ.), ਪੰਜਾਬ ਦਾ ਇਤਿਹਾਸ (ਗੁਰੂ ਕਾਲ :1469-1708), (ਜਿਲਦ ਪੰਜਵੀਂ), ਪੰਜਾਬੀ ਯੂਨੀਵਰਸਿਟੀ ਪਟਿਆਲਾ 2012, ਪੰਨੇ 116 ਤੋਂ 129***

# ਨੂਰਾ ਕੁਸ਼ਤੀ, ਮੋਦੀ ਬਨਾਮ ਆਰ.ਐੱਸ.ਐੱਸ.

ਗੁਰਮੀਤ ਸਿੰਘ ਪਲਾਹੀ
218, ਗੁਰੂ ਹਰਿਗੋਬਿੰਦ ਨਗਰ, ਫਗਵਾੜਾ
98158-02070
ਪੰਜਾਬ ਮੇਲ USA





ਆਪਣੇ ਆਪ ਨੂੰ ਸਮਾਜਿਕ ਅਤੇ ਸੰਸਕ੍ਰਿਤਕ ਸੰਸਥਾ ਕਹਾਉਂਦੀ ਲਗਭਗ 100 ਵਰ੍ਹਿਆਂ ਦੀ ਰਾਸ਼ਟਰੀ ਸਵੈ-ਸੇਵਕ ਸੰਘ (ਆਰ.ਐੱਸ.ਐੱਸ.) ਦੇ ਮੁੱਖੀ ਮੋਹਨ ਭਾਗਵਤ ਨੇ ਪਿਛਲੇ ਹਫ਼ਤੇ ਕਿਹਾ ਕਿ ਜੋ ਅਸਲੀ ਸੇਵਕ ਹੈ, ਉਹ ਮਰਿਆਦਾ ਦਾ ਪਾਲਣ ਕਰਦਾ ਹੈ, ਉਹ ਦੰਭ ਨਹੀਂ ਕਰਦਾ, ਉਸ ਵਿਚ ਹੰਕਾਰ ਨਹੀਂ ਆਉਂਦਾ ਕਿ ਇਹ ਮੈਂ ਕੀਤਾ ਹੈ।

ਇਹ ਸ਼ਬਦ ਸਿੱਧੇ ਤੌਰ 'ਤੇ ਨਾਮ ਲੈ ਕੇ ਨਹੀਂ ਪਰ ਅਸਿੱਧੇ ਤੌਰ 'ਤੇ ਭਾਜਪਾ ਨੂੰ ਪਿੱਛੇ ਤੋਂ ਚਲਾਉਣ ਵਾਲੀ ਆਰ.ਐੱਸ.ਐੱਸ. ਜੋ ਇੱਕ ਪਾਰਦਰਸ਼ਿਕ ਸੰਸਥਾ ਨਹੀਂ ਹੈ, ਸਗੋਂ ਇੱਕ ਖੁਫੀਆਂ ਸੰਸਥਾ ਵਜੋਂ ਕੰਮ ਕਰਦੀ ਹੈ, ਨੇ ਆਪਣੇ ਮੁਖੀ ਰਾਹੀਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਇਸ ਕਰਕੇ ਕਹੇ ਹਨ ਕਿ ਉਹ ਆਪਣੇ ਵਿਚਾਰ ਨੂੰ ਬਦਨਾਮ ਹੋਇਆ ਨਹੀਂ ਵੇਖਣਾ ਚਾਹੁੰਦੇ। ਉਸ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਜਿਹੜਾ ਆਪਣੇ ਬਾਰੇ ਕਹਿੰਦਾ ਹੈ ਕਿ ਮੈਨੂੰ ਦੇਸ਼ ਉਤੇ ਰਾਜ-ਭਾਗ ਚਲਾਉਣ ਲਈ ਪ੍ਰਮਾਤਮਾ ਨੇ ਭੇਜਿਆ ਹੈ। ਤੇ ਉਹ ਇਹ ਵੀ ਕਹਿੰਦਾ ਹੈ "ਮੋਦੀ ਹੈ ਤਾਂ ਮੁਮਕਿਨ ਹੈ"।

ਆਰ.ਐੱਸ.ਐੱਸ. ਦੀ ਇਹ ਨਰੇਂਦਰ ਮੋਦੀ ਨੂੰ ਨਸੀਹਤ ਹੈ ਜਾਂ ਮੋਦੀ ਤੋਂ ਆਰ.ਐੱਸ.ਐੱਸ. ਵਲੋਂ ਪਾਸਾ ਵੱਟਣ ਦਾ ਇੱਕ ਕਦਮ? ਨਤੀਜਿਆਂ ਤੋਂ ਬਾਅਦ ਆਰ.ਐੱਸ.ਐੱਸ. ਤੇ ਭਾਜਪਾ 'ਚ ਆਈ ਇਸ ਤਰੇੜ ਨੇ ਸਿਆਸੀ ਭੂਚਾਲ ਲੈ ਆਂਦਾ ਹੈ। ਜਿਥੇ ਆਰ.ਐੱਸ.ਐੱਸ. ਮੁਖੀ ਮੋਹਨ ਭਾਗਵਤ ਨੇ ਲੋਕ ਸਭਾ ਚੋਣਾਂ 'ਚ ਭਾਜਪਾ ਦੇ ਪ੍ਰਦਰਸ਼ਨ 'ਤੇ ਸਵਾਲ ਉਠਾਏ ਹਨ, ਆਰ.ਐੱਸ.ਐੱਸ. ਦੇ ਪ੍ਰਮੁੱਖ ਆਗੂ ਇੰਦਰੇਸ਼ ਕੁਮਾਰ ਨੇ ਵੀ ਭਾਜਪਾ ਦੀ ਕਾਰਗੁਜਾਰੀ 'ਤੇ ਸ਼ੱਕ ਪ੍ਰਗਟ ਕੀਤਾ ਹੈ। ਭਾਜਪਾ ਦੇ ਪ੍ਰਦਰਸ਼ਨ ਨੂੰ ਲੈ ਕੇ ਇਸ ਸੰਸਥਾ ਵਲੋਂ ਛਾਪੇ ਜਾਂਦੇ ਮੈਗਜ਼ੀਨ ਨੇ ਵੀ ਟਿੱਪਣੀਆਂ ਕੀਤੀਆਂ ਹਨ।

ਇਹ ਬਿਆਨ ਆਉਣ ਤੋਂ ਬਾਅਦ ਸਿਆਸੀ ਅਤੇ ਸਮਾਜਿਕ ਤੌਰ 'ਤੇ ਇੱਕ ਬਹਿਸ ਛਿੜ ਗਈ ਹੈ। ਵਿਰੋਧੀ ਧਿਰ ਨੂੰ ਇਨ੍ਹਾਂ ਟਿੱਪਣੀਆਂ ਕਾਰਨ ਸੱਤਾ ਧਿਰ ਨੂੰ ਕਟਿਹਰੇ 'ਚ ਖੜ੍ਹਾ ਕਰਨ ਦਾ ਮੌਕਾ ਮਿਲ ਗਿਆ ਹੈ। ਕਿਹਾ ਜਾਣ ਲੱਗ ਪਿਆ ਹੈ ਕਿ ਆਰ.ਐੱਸ.ਐੱਸ. ਨੇ ਮੋਦੀ ਨੂੰ ਫਿਟਕਾਰ ਲਗਾਈ ਹੈ। ਇਹ ਵੀ ਕਿ ਆਰ.ਐੱਸ.ਐੱਸ. ਵਿਚ ਧੜੇ ਬਣ ਗਏ ਹਨ। ਉਂਜ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਕਿਉਂਕਿ ਇਹ ਸੰਸਥਾ ਇੱਕ ਖੋਲ ਦੀ ਤਰ੍ਹਾਂ ਹੈ, ਜਿਸਦੀ ਭਾਫ ਤੱਕ ਵੀ ਬਾਹਰ ਨਹੀਂ ਨਿਕਲਦੀ। ਇਹ ਵੀ ਕਿ ਪਿਛਲੇ ਦਸ ਸਾਲ ਜਦੋਂ ਨਰੇਂਦਰ ਮੋਦੀ ਅਤੇ ਹਿੰਦੂ ਰਾਸ਼ਟਰ ਦੇ ਸੁਪਨੇ ਨੂੰ ਸਕਾਰ ਕਰਨ ਲਈ ਪ੍ਰਯਤਨਸ਼ੀਲ ਰਿਹਾ ਅਤੇ ਜ਼ਿਆਦਤੀਆਂ ਵੀ ਕਰਦਾ ਰਿਹਾ, ਤਾਂ ਆਰ.ਐੱਸ.ਐੱਸ. ਚੁੱਪ ਰਹੀ, ਪਰ ਜਦੋਂ ਇਹ ਸੁਪਨਾ ਟੁੱਟਣ ਲੱਗਾ ਹੈ, ਤਾਂ ਆਪਣੀ ਸਾਖ਼ ਬਚਾਉਣ ਲਈ ਆਰ.ਐੱਸ.ਐੱਸ. ਆਪਣੀ ਹੀ ਸਿਆਸੀ ਪਾਰਟੀ ਭਾਜਪਾ ਨਾਲੋਂ ਅਲਹਿਦਗੀ ਬਣਾਉਂਦਾ ਨਜ਼ਰ ਆ ਰਿਹਾ ਹੈ। ਭਾਰਤ ਦੇ ਲੋਕਾਂ ਵਲੋਂ ਚੋਣਾਂ 'ਚ ਦਿੱਤੇ ਸਪੱਸ਼ਟ ਸੰਕੇਤਾਂ ਤੋਂ ਉਹ ਮੂੰਹ ਛੁਪਾਉਂਦਾ ਨਜ਼ਰ ਆ ਰਿਹਾ ਹੈ।

ਕਿਹਾ ਤਾਂ ਇਹ ਵੀ ਜਾ ਰਿਹਾ ਹੈ ਕਿ ਆਰ.ਐੱਸ.ਐੱਸ. ਜਵਾਬਦੇਹੀ ਅਤੇ ਬਦਨਾਮੀ ਤੋਂ ਬਚਣ ਲਈ ਇਹ ਪੈਂਤੜਾ ਅਪਨਾ ਰਿਹਾ ਹੈ ਅਤੇ ਇਹ ਕਹਿੰਦਾ ਨਹੀਂ ਥੱਕਦਾ ਕਿ ਉਸਦਾ ਸਿਆਸਤ ਨਾਲ ਕੋਈ ਲੈਣ-ਦੇਣ ਨਹੀਂ ਹੈ, ਉਹ ਤਾਂ ਇੱਕ ਸਮਾਜਿਕ, ਸੰਸਕ੍ਰਿਤਕ ਸੰਸਥਾ ਹੈ, ਜੋ ਦੇਸ਼ ਦੇ ਭਲੇ ਹਿੱਤ ਕੰਮ ਕਰ ਰਹੀ ਹੈ।

ਸਵਾਲ ਉਠਦਾ ਹੈ ਕਿ ਜੇਕਰ ਆਰ.ਐੱਸ.ਐੱਸ. ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਤਾਂ ਮੋਦੀ ਜੋ ਆਰ.ਐੱਸ.ਐੱਸ. ਦਾ ਵਰਕਰ ਰਿਹਾ ਹੈ, ਉਸਦੇ ਸਿਰ ਉਤੇ ਪਿਛਲੇ ਕਈ ਵਰ੍ਹਿਆਂ ਤੋਂ ਆਰ.ਐੱਸ.ਐੱਸ. ਦਾ ਹੱਥ ਕਿਉਂ ਹੈ? ਦੇਸ਼ 'ਚ ਵੱਡੀ ਗਿਣਤੀ ਸੂਬਿਆਂ ਦੇ ਗਵਰਨਰ, ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਉਨ੍ਹਾਂ ਦੀ ਸੋਚ ਵਾਲੇ ਅਤੇ ਉਨ੍ਹਾਂ ਦੇ ਬੰਦੇ ਹੀ ਕਿਉਂ ਨਿਯੁਕਤ ਹੁੰਦੇ ਹਨ? ਕਿਉਂ ਦੇਸ਼ ਦੇ ਸੰਸਕ੍ਰਿਤਕ ਅਤੇ ਸਿੱਖਿਆ ਮਹਿਕਮੇ ਉਤੇ ਆਰ.ਐੱਸ.ਐੱਸ. ਦੇ ਖਾਸਮ-ਖਾਸ ਹੀ ਬੈਠੇ ਹਨ ਅਤੇ ਉਹ ਆਰ.ਐੱਸ.ਐੱਸ. ਦੇ ਹਿੰਦੂਤਵੀ ਅਜੰਡੇ ਨੂੰ ਸਿੱਖਿਆ, ਸੰਸਕ੍ਰਿਤੀ ਗਤੀਵਿਧੀਆਂ ਰਾਹੀਂ ਲਾਗੂ ਕਰ ਰਹੇ ਹਨ? ਹੁਣ ਵੀ ਉੜੀਸਾ 'ਚ ਭਾਜਪਾ ਦੀ ਜਿੱਤ ਉਪਰੰਤ ਆਰ.ਐੱਸ.ਐੱਸ. ਦਾ ਵਰਕਰ ਮੋਹਨ ਚਰਨ ਮਾਝੀ ਉੜੀਸਾ ਸਰਕਾਰ ਦਾ ਮੁੱਖ ਮੰਤਰੀ ਬਣਿਆ ਹੈ।

ਇੱਕ ਮਖੌਟਾ ਹੈ, ਜੋ ਆਰ.ਐੱਸ.ਐੱਸ. ਨੇ ਪਹਿਨਿਆ ਹੋਇਆ ਹੈ। ਉਹ ਅੰਦਰੋ-ਅੰਦਰੀ ਸਰਕਾਰ ਦੇ ਕੰਮ 'ਚ ਡੂੰਘਾ ਦਖ਼ਲ ਦਿੰਦਾ ਹੈ। ਪਰ ਅੱਜ ਜਦੋਂ ਨਰੇਂਦਰ ਮੋਦੀ "ਮੋਦੀ ਦੀਆਂ ਗਰੰਟੀਆਂ" ਦੇ ਨਾਹਰੇ ਅਤੇ ਤਾਨਾਸ਼ਾਹ ਸੋਚ ਤੇ ਹਉਮੈ ਕਾਰਨ ਚੋਣਾਂ 'ਚ ਆਪਣੀ ਪਾਰਟੀ ਦੀ ਨਿਰੀ-ਪੁਰੀ ਸਰਕਾਰ ਨਹੀਂ ਬਣਾ ਸਕਿਆ ਤੇ ਲੋਕਾਂ ਨੇ ਉਸਦੀ ਸੋਚ ਨੂੰ ਨਕਾਰਿਆ ਹੈ, ਤਾਂ ਆਰ.ਐੱਸ.ਐੱਸ. ਸਮਝੌਤੀਆਂ ਦੇਣ ਦੇ ਰਾਹ ਤੁਰ ਪਿਆ ਹੈ। ਪਰ ਕੀ ਇਹ ਸਮਝੌਤੀਆਂ ਸੱਚੀਂ-ਮੁੱਚੀਂ ਨਰੇਂਦਰ ਮੋਦੀ ਨਾਲੋਂ ਰਾਹ ਵੱਖਰਾ ਕਰਨ ਵਾਲੀਆਂ ਹਨ, ਇੰਜ ਕਿਧਰੇ ਵੀ ਨਹੀਂ ਜਾਪਦਾ। ਇਹ ਸਮਝੌਤੀਆਂ ਤਾਂ ਬਸ ਥੋੜਾ ਸਮਾਂ ਦੂਰੀਆਂ ਬਨਾਉਣ ਦਾ ਮਾਤਰ ਦਿਖਾਵਾ ਹੈ।

ਲੋਕ ਸਭਾ ਚੋਣਾਂ ਵੇਲੇ ਭਾਜਪਾ ਵਰਕਰਾਂ, ਭਾਜਪਾ ਨੇਤਾਵਾਂ, ਮੋਦੀ-ਸ਼ਾਹ ਜੋੜੀ 'ਚ ਇੱਕ ਘੁਮੰਡ ਨਜ਼ਰ ਆ ਰਿਹਾ ਸੀ। ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਢਾ ਦਾ ਉਸ ਵੇਲੇ ਦਾ ਇੱਕ ਬਿਆਨ ਵੀ ਸਮਝਣ ਵੇਖਣ ਵਾਲਾ ਸੀ ਕਿ ਭਾਜਪਾ ਆਪਣਾ ਬਲਬੂਤੇ 'ਤੇ ਚੋਣ ਲੜੇਗੀ, ਉਸਨੂੰ ਆਰ.ਐੱਸ.ਐੱਸ. ਦੀ ਲੋੜ ਨਹੀਂ ਹੈ। ਪਰ ਕੀ ਚੋਣ 'ਚ ਅੱਧੀ ਅਧੂਰੀ ਜਿੱਤ ਤੋਂ ਬਾਅਦ ਜੇ.ਪੀ. ਨੱਡਾ ਹੁਣ ਵੀ ਇਹ ਹੀ ਸੋਚਦੇ ਹੋਣਗੇ ਕਿ ਉਨ੍ਹਾਂ ਦੀ ਪਾਰਟੀ ਦਾ ਆਰ.ਐੱਸ.ਐੱਸ. ਤੋਂ ਬਿਨ੍ਹਾਂ ਗੁਜ਼ਾਰਾ ਹੈ। ਅਸਲ 'ਚ ਦੋਵੇਂ ਧਿਰਾਂ ਇੱਕ-ਦੂਜੇ ਦੀਆਂ ਪੂਰਕ ਹਨ। ਪਿਛਲੇ ਦਸ ਵਰ੍ਹਿਆਂ ਦੌਰਾਨ ਭਾਜਪਾ, ਆਰ.ਐੱਸ.ਐੱਸ. ਨੇ ਰਾਜ ਭਾਗ ਦਾ ਅਨੰਦ ਮਾਣਿਆ ਹੈ। ਕੀ ਆਰ.ਐੱਸ.ਐੱਸ. ਕੋਲ ਇਸ ਗੱਲ ਦਾ ਕੋਈ ਜਵਾਬ ਹੈ ਕਿ ਉਸਦੇ ਮੁੱਖ ਹੈੱਡਕੁਆਰਟਰ ਅਤੇ ਹੋਰ ਸਖਾਵਾਂ ਉਤੇ ਵੱਡੀਆਂ ਇਮਾਰਤਾਂ ਕਿਹੜੇ ਫੰਡ ਨਾਲ ਬਣੀਆਂ? ਆਰ.ਐੱਸ.ਐੱਸ. ਦੇ ਮੁਖੀਆਂ ਤੇ ਵੱਡੇ ਚੌਧਰੀਆਂ ਨੇ ਕਿਹੜੇ ਤੇ ਕਿਸਦੇ ਹੈਲੀਕਾਪਟਰਾਂ ਦਾ ਅਨੰਦ ਯਾਤਰਾਵਾਂ ਕਰਨ ਤੇ ਸ਼ਾਖਾ ਮੀਟਿੰਗਾਂ ਲਗਾਉਣ ਲਈ ਲਿਆ।

ਕੀ ਆਰ.ਐੱਸ.ਐੱਸ. ਇਹ ਦੱਸ ਸਕੇਗੀ ਕਿ ਅਯੋਧਿਆ ਪ੍ਰਤੀਸ਼ਟਾ ਸਮਾਗਮ ਸਬੰਧੀ ਜਦੋਂ ਹਿੰਦੂ ਸ਼ੰਕਰਾਚਾਰੀਆ ਮੋਦੀ ਦੇ ਅਣਉਚਿਤ ਕਾਰਜਾਂ 'ਤੇ ਸਵਾਲ ਉਠਾ ਰਹੇ ਸਨ, ਤਾਂ ਉਹ ਚੁੱਪ ਕਿਉਂ ਸਨ?

ਅੱਜ ਮੋਹਨ ਭਾਗਵਤ ਮਨੀਪੁਰ 'ਚ ਹਿੰਸਾ ਦੀ ਗੱਲ ਕਰਦੇ ਹਨ। ਉਥੇ ਦੇ ਲੋਕਾਂ ਦੀ ਬੇਚੈਨੀ ਅਤੇ ਸਰਕਾਰ ਦੀ ਚੁੱਪੀ 'ਤੇ ਸਵਾਲ ਉਠਾ ਰਹੇ ਹਨ। ਪਰ ਉਨ੍ਹਾਂ ਨੇ ਉਨ੍ਹਾਂ ਸਮਿਆਂ 'ਚ ਚੁੱਪ ਕਿਉਂ ਵੱਟੀ ਰੱਖੀ, ਜਦ ਮਨੀਪੁਰ 'ਚ ਔਰਤਾਂ ਦੀ ਬੇਹੁਰਮਤੀ ਹੋ ਰਹੀ ਸੀ ਤੇ ਦੇਸ਼ 'ਚ ਕੁਹਰਾਮ ਮਚਿਆ ਹੋਇਆ ਸੀ ਅਤੇ ਨਰੇਂਦਰ ਮੋਦੀ ਨੇ ਆਪਣੇ ਮੁਖਾਰਬਿੰਦ ਤੋਂ ਇੱਕ ਵੀ ਸ਼ਬਦ ਨਹੀਂ ਸੀ ਉਚਾਰਿਆ। ਜਦਕਿ ਦੇਸ਼ ਦੀ ਵਿਰੋਧੀ ਧਿਰ ਨੇ ਲੋਕ ਸਭਾ 'ਚ ਇਸ ਸਬੰਧੀ ਕੰਮ ਰੋਕੂ ਮਤਾ ਲਿਆਂਦਾ, ਤਾਂ ਕਿ ਚਰਚਾ ਹੋਵੇ, ਪਰ ਸਰਕਾਰ ਦੜ੍ਹ ਵੱਟਕੇ ਬੈਠੀ ਰਹੀ।

ਮੋਦੀ ਦੇ ਸ਼ਾਸਨ-ਪ੍ਰਸ਼ਾਸਨ ਸਬੰਧੀ ਮੋਹਨ ਭਾਗਵਤ, ਤੇ ਆਰ.ਐੱਸ.ਐੱਸ. ਉਦੋਂ ਤੱਕ ਚੁੱਪ ਬੈਠੇ ਰਹੇ, ਜਦੋਂ ਤੱਕ ਨਰੇਂਦਰ ਮੋਦੀ ਉਨ੍ਹਾਂ ਦੇ ਆਸ਼ਿਆਂ ਅਨੁਸਾਰ ਕੰਮ ਕਰਦਾ ਰਿਹਾ। ਅੱਜ ਜਦੋਂ ਲੋਕਾਂ ਨੇ ਨਰੇਂਦਰ ਮੋਦੀ ਦੀ ਤਾਨਾਸ਼ਾਹੀ ਸੋਚ ਦਾ ਜਵਾਬ ਦਿੱਤਾ ਹੈ, ਤਾਂ ਆਰ.ਐੱਸ.ਐੱਸ. ਸੁਤ ਉਨੀਂਦੀ ਉੱਠ ਬੈਠੀ ਹੈ ਅਤੇ ਸਾਰਾ ਦੋਸ਼ ਨਰੇਂਦਰ ਮੋਦੀ 'ਤੇ ਮੜ੍ਹਨ ਦਾ ਯਤਨ ਹੋ ਰਿਹਾ ਹੈ।

ਪਰ ਕੀ ਇਹ ਸੱਚ ਹੈ? ਸ਼ਾਇਦ ਇਹ ਇੰਜ ਨਹੀਂ ਹੈ। ਇਹ ਪਿਉ (ਆਰ.ਐੱਸ.ਐੱਸ.) ਵਲੋਂ ਆਪਣੇ ਪੁੱਤ (ਨਰੇਂਦਰ ਮੋਦੀ) ਲਈ ਮਿੱਠੀਆਂ ਘੂਰੀਆਂ ਹਨ। ਪ੍ਰਧਾਨ ਮੰਤਰੀ ਮੋਦੀ ਨਿਰੰਕੁਸ਼ ਰੁਚੀਆਂ ਦਾ ਮਾਲਕ ਹੈ। ਉਸਦੀਆਂ ਨੀਤੀਆਂ ਇਸਦੀ ਤਾਈਦ ਕਰਦੀਆਂ ਹਨ। ਉਸਨੂੰ ਕੇਂਦਰੀਕਰਨ ਅਤੇ ਗਲਬਾ ਪਾਉਣ ਦੀ ਲੱਤ ਲੱਗੀ ਹੋਈ ਹੈ। ਤੇ ਦੋ ਦਹਾਕਿਆਂ (ਜਾਂ ਉਸ ਤੋਂ ਵੱਧ) ਤੋਂ ਉਸਨੇ ਜੋ ਨਿਰੰਕੁਸ਼ ਤਾਕਤ ਮਾਣੀ ਹੈ, ਉਸਨੇ ਉਸਦੀ ਇਸ ਰੁਚੀ ਨੂੰ ਪਕੇਰਾ ਕੀਤਾ ਹੈ। ਅਸਲ 'ਚ ਕਈ ਸਾਲਾਂ ਤੋਂ ਉਹ ਬਿੱਗ ਬੌਸ, ਟੌਪ ਬੌਸ, ਇਕਮਾਤਰ ਤੇ ਸੁਪਰੀਮ ਬੌਸ ਦੀ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਚੋਣਾਂ 'ਚ ਉਸ ਵਿਰੋਧੀਆਂ ਵਿਰੁੱਧ ਪ੍ਰਚੰਡ ਪ੍ਰਚਾਰ ਕੀਤਾ, ਮੁਸਲਮਾਨਾਂ ਖਿਲਾਫ ਬੇਹੱਦ ਸਖਤ ਟਿੱਪਣੀਆਂ ਕੀਤੀਆਂ। ਪਿਛਲੇ ਪੰਜ ਸਾਲ ਤਾਂ ਮੋਦੀ ਵਿਚ ਹੰਕਾਰ ਐਨਾ ਵਧਿਆ ਕਿ ਉਹ ਆਪਣੀ ਪਾਰਟੀ ਭਾਜਪਾ ਨਾਲੋਂ ਵੀ ਵੱਧ ਆਪਣੇ ਆਪ ਨੂੰ ਲੋਕਾਂ ਸਾਹਮਣੇ ਉਤਮ ਪੇਸ਼ ਕਰਦਾ ਨਜ਼ਰ ਆਇਆ। ਕੋਵਿਡ ਦੇ ਟੀਕਿਆਂ ਤੋਂ ਲੈ ਕੇ, ਬਸ ਅੱਡੇ ਤੋਂ ਹਵਾਈ ਅੱਡਿਆਂ ਤੱਕ ਮੋਦੀ ਜੀ, ਮੋਦੀ ਜੀ ਹੀ ਦਿਖੇ। ਹੰਕਾਰ ਦੀ ਹੱਦ ਤਾਂ ਉਦੋਂ ਹੋਈ ਜਦੋਂ ਰਾਮ ਲੱਲਾ ਦੀ ਪ੍ਰਾਣ ਪ੍ਰਤਿਸ਼ਟਾ ਉਨ੍ਹਾਂ ਨੇ ਖੁਦ ਕੀਤੀ, ਜਦਕਿ ਇਹ ਕੰਮ ਪੁਜਾਰੀਆਂ ਮਹੰਤਾਂ ਦਾ ਹੁੰਦਾ ਹੈ। ਇਸ ਸਮੇਂ ਦੌਰਾਨ ਹਿੰਦੂਆਂ, ਮੁਸਲਮਾਨਾਂ 'ਚ ਦਰਾੜ ਪਈ। ਨਾਗਰਿਕਤਾ ਕਾਨੂੰਨ ਸੋਧ ਨੂੰ ਲੈ ਕੇ ਮੁਸਲਮਾਨ ਸਮਾਜ ਵਿਚ ਇੰਨਾ ਡਰ ਪੈਦਾ ਹੋਇਆ ਕਿ ਦੇਸ਼ ਦੇ ਸ਼ਹਿਰਾਂ 'ਚ ਜਲਸੇ ਜਲੂਸ ਨਿਕਲੇ, ਪਰ ਪ੍ਰਧਾਨ ਮੰਤਰੀ ਜੀ ਦਾ ਕੋਈ ਬਿਆਨ ਨਹੀਂ ਆਇਆ। ਦੇਸ਼ 'ਚ ਬੁਲਡੋਜ਼ਰ ਨੀਤੀ ਚੱਲੀ, ਮੁਸਲਮਾਨਾਂ ਦੇ ਘਰ ਢਾਏ ਗਏ। ਇਸ ਸਭ ਕੁਝ ਦੇ ਕਾਰਨ ਮੋਦੀ ਦਾ ਅਕਸ ਲੋਕਾਂ 'ਚ ਵਿਗੜਿਆ। ਪਰ ਹੈਰਾਨੀ ਹੈ ਕਿ ਆਰ.ਐੱਸ.ਐੱਸ. ਜੋ ਆਮ ਲੋਕਾਂ 'ਚ ਵਿਚਰਦੀ ਹੈ, ਉਹ ਨਰੇਂਦਰ ਮੋਦੀ ਨੂੰ ਸ਼ੀਸ਼ਾ ਨਾ ਵਿਖਾ ਸਕੀ। ਉਹ ਮੋਦੀ ਦੀ ਤਾਕਤ ਤੋਂ ਡਰਦੀ ਸੀ ਅਤੇ ਹੁਣ ਜਦੋਂ ਉਹ ਕਮਜ਼ੋਰ ਹੋਏ ਹਨ, ਤਾਂ ਆਰ.ਐੱਸ.ਐੱਸ. ਬੋਲ ਰਹੀ ਹੈ। ਜਾਪਦਾ ਹੈ ਆਰ.ਐੱਸ.ਐੱਸ. ਉਸ ਸਮੇਂ ਤੱਕ ਚੁੱਪੀ ਧਾਰੀ ਬੈਠੀ ਰਹੀ, ਅਤੇ ਆਸ ਲਾਈ ਬੈਠੀ ਰਹੀ ਕਿ ਮੋਦੀ ਮੁੜ ਚੰਗੇਰੀ ਸੱਤਾ ਵਿਚ ਆ ਜਾਣਗੇ ਤੇ ਹਿੰਦੂ ਰਾਸ਼ਟਰ ਦਾ ਜੋ ਸੰਕਲਪ ਅਤੇ ਆਰ.ਐੱਸ.ਐੱਸ. ਵਿਚਾਰਧਾਰਾ ਜੋ ਉਹ ਦੇਸ਼ 'ਚ ਲਾਗੂ ਕਰਨਾ ਚਾਹੁੰਦੇ ਹਨ, ਉਹ ਪੂਰਾ ਹੋ ਜਾਏਗਾ।

ਸ਼ਾਇਦ ਉਹ ਇਸ ਸਬੰਧੀ ਉਵੇਂ ਹੀ ਗਲਤ-ਫਹਿਮੀ 'ਚ ਰਹੇ, ਜਿਵੇਂ ਕਿ ਨਰੇਂਦਰ ਮੋਦੀ ਆਪ ਸਨ ਕਿ ਉਹ 400 ਲੋਕ ਸਭਾ ਸੀਟਾਂ ਹਥਿਆ ਲੈਣਗੇ। ਉਹ ਅੰਤਰਰਾਸ਼ਟਰੀ ਪੱਧਰ 'ਤੇ ਹੁੰਦੀਆਂ ਇਨ੍ਹਾਂ ਚਰਚਾਵਾਂ ਤੋਂ ਅੱਖਾਂ ਮੀਟੀ ਬੈਠੇ ਰਹੇ ਕਿ ਭਾਰਤ ਹੁਣ ਅਲੋਕਤੰਤਰਿਕ ਬਣ ਗਿਆ ਹੈ, ਜਿਥੇ ਸੈਕੂਲਰ ਅਤੇ 'ਲੋਕਤੰਤਰ' ਦੇ ਅਰਥ ਹੀ ਬਦਲ ਗਏ ਹਨ।

ਕੀ ਆਰ.ਐੱਸ.ਐੱਸ. ਇਸ ਗੱਲ ਤੋਂ ਜਾਣੂ ਨਹੀਂ ਸੀ ਕਿ ਪ੍ਰਧਾਨ ਮੰਤਰੀ ਆਪਣੇ ਸਾਥੀ ਮੰਤਰੀਆਂ ਦਾ ਅਣਦੇਖੀ ਕਰਦਾ ਹੈ। ਵਿਰੋਧੀ ਧਿਰ ਦਾ ਅਪਮਾਨ ਕਰਦਾ ਹੈ। ਪ੍ਰੈੱਸ ਨੂੰ ਨੱਥ ਪਾ ਕੇ ਨਚਾਉਂਦਾ ਹੈ ਅਤੇ ਸੰਸਥਾਵਾਂ ਦਾ ਖੁਦਮੁਖ਼ਤਾਰੀ ਨੂੰ ਭੰਗ ਕਰਦਾ ਹੈ ਅਤੇ ਇਹੀ ਨਹੀਂ ਸੂਬਿਆਂ ਦੇ ਹੱਕਾਂ ਅਤੇ ਹਿੱਤਾਂ ਦਾ ਤ੍ਰਿਸਕਾਰ ਕਰਦਾ ਹੈ। ਖਾਸਕਰ ਉਨ੍ਹਾਂ ਸੂਬਿਆਂ ਦੇ ਜਿਨ੍ਹਾਂ ਵਿਚ ਪ੍ਰਧਾਨ ਮੰਤਰੀ ਦੀ ਪਾਰਟੀ ਤੋਂ ਬਿਨਾਂ ਕੋਈ ਹੋਰ ਪਾਰਟੀ ਰਾਜ ਕਰ ਰਹੀ ਹੁੰਦੀ ਹੈ।

ਆਰ.ਐੱਸ.ਐੱਸ. ਦੀ ਚੁੱਪੀ ਅਸਲ ਵਿਚ ਪ੍ਰਧਾਨ ਮੰਤਰੀ ਨੂੰ ਥਾਪੀ ਸੀ। ਇਸੇ ਥਾਪੀ ਦੇ ਸਿਰ 'ਤੇ ਨਰੇਂਦਰ ਮੋਦੀ ਤਾਕਤਾਂ ਦੀ ਵਰਤੋਂ, ਦੁਰਵਰਤੋਂ ਕਰਦਾ ਰਿਹਾ ਅਤੇ ਆਪਣੇ ਬੋਝੇ 'ਚ ਸੱਭੋ ਕੁਝ ਸਮੇਟਦਾ ਰਿਹਾ। ਆਰ.ਐੱਸ.ਐੱਸ. ਦੀ ਸ਼ਹਿ 'ਤੇ ਉਸ ਆਪਣਾ ਵਿਰਾਟ ਜਨੂੰਨੀ ਅਕਸ ਉਸਾਰਿਆ। ਖੁਦ ਨੂੰ ਇਕ ਅਜਿਹੇ ਵਿਅਕਤੀ ਜਾਂ ਆਗੂ ਵਜੋਂ ਪੇਸ਼ ਕੀਤਾ, ਜੋ ਇਕੱਲਾ ਹੀ ਪਹਿਲਾਂ ਆਪਣੇ ਰਾਜ ਤੇ ਫੇਰ ਆਪਣੇ ਦੇਸ਼ ਨੂੰ ਖੁਸ਼ਹਾਲੀ ਤੇ ਮਹਾਨਤਾ ਵੱਲ ਲੈ ਜਾ ਸਕਦਾ ਹੈ। ਸਾਰੇ ਪ੍ਰਾਜੈਕਟਾਂ ਦਾ ਸਿਹਰਾ ਵੀ ਉਸ ਆਪਣੇ ਸਿਰ ਬੰਨ੍ਹਿਆ।

ਆਰ.ਐੱਸ.ਐੱਸ. ਨੇਤਾਵਾਂ ਦੇ ਦਿੱਤੇ ਹੋਏ ਬਿਆਨ ਨਰੇਂਦਰ ਮੋਦੀ ਦੀ ਨਿਖੇਧੀ ਨਹੀਂ। ਨਾ ਹੀ ਆਰ.ਐੱਸ.ਐੱਸ. 'ਚ ਪਨਪ ਰਹੀ ਕਿਸੇ ਧੜੇਬੰਦੀ ਦਾ ਸੰਕੇਤ ਹਨ। ਇਹ ਬਿਆਨ ਤਾਂ ਆਲੋਚਕਾਤਮਕ ਘੱਟ, ਸਗੋਂ ਉਸਾਰੂ ਸਲਾਹ ਵੱਧ ਹਨ। ਇਹ ਤਾਂ ਇਕ ਨੂਰਾ ਕੁਸ਼ਤੀ ਹੈ, ਰਲ ਕੇ ਲੜੀ ਜਾ ਰਹੀ ਸੰਕੇਤਕ ਕੁਸ਼ਤੀ।

ਸਹੀ ਗੱਲ ਤਾਂ ਇਹ ਹੈ ਕਿ ਆਰ.ਐੱਸ.ਐੱਸ. ਅਤੇ ਭਾਜਪਾ ਦਾ ਤਾਣਾ-ਬਾਣਾ ਇਕ ਦੂਜੇ ਨਾਲ ਬੱਝਿਆ ਹੋਇਆ ਹੈ, ਜਿਨ੍ਹਾਂ ਦੀਆਂ ਨੀਤੀਆਂ, ਅਤੇ ਦੇਸ਼ ਨੂੰ ਹਿੰਦੂ ਰਾਸ਼ਟਰ ਬਨਾਉਣ ਦੀ ਸੋਚ 'ਚ ਨਾ ਕੋਈ ਵਖਰੇਵਾਂ ਹੈ ਅਤੇ ਨਾ ਹੀ ਕੋਈ ਅਸਪੱਸ਼ਟਤਾ। ਨਰੇਂਦਰ ਮੋਦੀ, ਆਰ.ਐੱਸ.ਐੱਸ. ਦਾ ਅਜੰਡਾ ਲਾਗੂ ਕਰਨ ਲਈ ਇੱਕ ਸਫ਼ਲ ਕਾਰਕ ਸਾਬਤ ਹੋ ਰਿਹਾ ਹੈ, ਉਸ ਵਿਰੁੱਧ ਆਰ.ਐੱਸ.ਐੱਸ. ਇੱਕ ਕਦਮ ਵੀ ਨਹੀਂ ਤੁਰ ਸਕਦਾ, ਸਗੋਂ ਸਮੇਂ-ਸਮੇਂ ਜਿਥੇ ਉਸਦੀ ਤਾਕਤ ਘਟੇਗੀ, ਉਥੇ ਉਥੇ ਆਰ.ਐੱਸ.ਐੱਸ. ਉਸ ਨਾਲ ਇਕ ਸਹਿਯੋਗੀ ਵਜੋਂ ਦਿਸੇਗਾ।

**ਅੰਤਿਕਾ**

ਦੇਸ਼ ਵਿਚ ਤਿੰਨ ਪ੍ਰਮੁੱਖ ਸੰਸਥਾਵਾਂ/ਜਥੇਬੰਦੀਆਂ ਨੇ ਆਪਣੀ ਇੱਕ ਸਦੀ ਜਾਂ ਇਸ ਤੋਂ ਵੱਧ ਸਫ਼ਰ ਤਹਿ ਕਰ ਲਿਆ ਹੈ, ਇਹ ਹਨ :- ਇੰਡੀਅਨ ਨੈਸ਼ਨਲ ਕਾਂਗਰਸ, ਸ਼੍ਰੋਮਣੀ ਆਕਾਲੀ ਦਲ ਅਤੇ ਆਰ.ਐੱਸ.ਐੱਸ.।

ਆਰ.ਐੱਸ.ਐੱਸ. ਗੈਰ-ਲਾਭਕਾਰੀ ਗ਼ੈਰ-ਸਿਆਸੀ ਸੰਸਥਾ ਦੇ ਤੌਰ 'ਤੇ 27 ਸਤੰਬਰ 1925 ਨੂੰ ਸਥਾਪਨਾ ਹੋਈ, ਜਿਸ ਦਾ ਮੁੱਖ ਅਜੰਡਾ ਹਿੰਦੂ ਰਾਸ਼ਟਰਵਾਦ ਅਤੇ ਹਿੰਦੂਤਵ ਸੀ। ਇਸ ਸੰਸਥਾ ਦੇ 50 ਤੋਂ 60 ਲੱਖ ਮੈਂਬਰ ਹਨ ਅਤੇ 56859 ਸ਼ਾਖਾਵਾਂ ਜਾਂ ਬ੍ਰਾਂਚਾਂ ਹਨ। ਜਨਸੰਘ ਅਤੇ ਭਾਜਪਾ ਨੂੰ ਇਸ ਸੰਸਥਾ ਨੇ ਸਿਆਸੀ ਉਭਾਰ ਦਿੱਤਾ।

ਇੰਡੀਅਨ ਨੈਸ਼ਨਲ ਕਾਂਗਰਸ 28 ਦਸੰਬਰ, 1885 ਨੂੰ ਸਥਾਪਿਤ ਹੋਈ। ਇਸ ਦੇ 5 ਕਰੋੜ 50 ਲੱਖ ਮੈਂਬਰ ਹਨ। ਇਹ ਦੇਸ਼ ਦੀ ਪਹਿਲੀ ਪੁਰਾਣੀ ਸਿਆਸੀ ਪਾਰਟੀ ਹੈ। ਸਮਾਨਤਾ ਅਤੇ ਸਮਾਜਿਕ ਲੋਕਤੰਤਰ, ਇਸਦੇ ਮੁੱਖ ਮੰਤਵ ਹਨ। ਦੇਸ਼ ਦੀ ਆਜ਼ਾਦੀ 'ਚ ਇਸ ਦੀ ਪ੍ਰਮੁੱਖ ਭੂਮਿਕਾ ਰਹੀ। ਸ਼੍ਰੋਮਣੀ ਆਕਾਲੀ ਦਲ 14 ਦਸੰਬਰ, 1920 ਨੂੰ ਸਥਾਪਿਤ ਹੋਇਆ। ਇਸ ਸੰਸਥਾ ਦਾ ਮੁੱਖ ਉਦੇਸ਼ ਸਿੱਖ ਧਰਮ ਅਤੇ ਸਿੱਖਾਂ ਦੇ ਹੱਕਾਂ ਦੀ ਰਾਖੀ ਮਿਥਿਆ ਗਿਆ। ਇਹ ਦੇਸ਼ ਦੀ ਦੂਜੀ ਪੁਰਾਣੀ ਸਿਆਸੀ ਪਾਰਟੀ ਹੈ। ਇਸ ਨੂੰ ਦੇਸ਼ ਵਿਚ ਕੁਰਬਾਨੀਆਂ ਕਰਨ ਵਾਲੀ ਪਾਰਟੀ ਵਜੋਂ ਵੀ ਜਾਣਿਆ ਗਿਆ।

ਦੇਸ਼ ਦੀ ਪਹਿਲੀ ਤੇ ਦੂਜੀ ਸਿਆਸੀ ਪਾਰਟੀ ਪਿਛਲੇ ਦਹਾਕੇ 'ਚ ਲਗਾਤਾਰ ਨਿਘਾਰ ਵੱਲ ਗਈ ਪਰ ਇਨ੍ਹਾਂ ਦੀਆਂ ਦੇਸ਼ ਦਾ ਆਜ਼ਾਦੀ ਲਈ ਅਤੇ ਦੇਸ਼ ਕੁਰਬਾਨੀਆਂ ਨਿਰਮਾਣ 'ਚ ਪ੍ਰਾਪਤੀਆਂ ਵੱਡੀਆਂ ਰਹੀਆਂ।

ਆਰ.ਐੱਸ.ਐੱਸ. ਸਿਆਸੀ ਪਾਰਟੀ ਨਾ ਹੋਕੇ ਵੀ ਲਗਾਤਾਰ ਪਿੱਛੇ ਰਹਿ ਕੇ ਸਿਆਸੀ ਖੇਡ ਖੇਡਦੀ ਹੈ ਅਤੇ ਹਿੰਦੂ ਰਾਸ਼ਟਰ ਨਿਰਮਾਣ 'ਚ ਗਤੀਸ਼ੀਲਤਾ ਨਾਲ ਕੰਮ ਕਰਨ ਲਈ ਜਾਣੀ ਜਾਂਦੀ ਹੈ।

# ਇੱਕ ਦੂਸਰੇ ਦੇ ਘੋਰ ਵਿਰੋਧੀ ਤਿੰਨ ਧਰਮਾਂ ਦਾ ਇੱਕ ਹੀ ਪੈਗੰਬਰ, ਅਬਰਾਹਮ ਉਰਫ ਇਬਰਾਹੀਮ









ਬਲਰਾਜ ਸਿੰਘ ਸਿੱਧੂ
ਏ.ਆਈ.ਜੀ. (ਰਿਟਾ.)
ਪੰਡੋਰੀ ਸਿੱਧਵਾਂ : 95011-00062
ਪੰਜਾਬ ਮੇਲ USA


ਇਹ ਇੱਕ ਬਹੁਤ ਹੀ ਹੈਰਾਨੀਜਨਕ ਸੱਚ ਹੈ ਕਿ ਸਦੀਆਂ ਤੋਂ ਇੱਕ ਦੂਸਰੇ ਦੇ ਕੱਟੜ ਦੁਸ਼ਮਣ ਰਹੇ ਇਸਾਈ, ਇਸਲਾਮ ਅਤੇ ਯਹੂਦੀ ਧਰਮ ਦਾ ਇੱਕ ਸਾਂਝਾ ਪੈਗੰਬਰ ਅਬਰਾਹਮ ਹੈ, ਜਿਸ ਨੂੰ ਇਸਾਈ ਅਤੇ ਯਹੂਦੀ ਅਬਰਾਹਮ ਅਤੇ ਮੁਸਲਮਾਨ ਇਬਰਾਹੀਮ ਦੇ ਨਾਮ ਨਾਲ ਪੁਕਾਰਦੇ ਹਨ। ਇਜ਼ਰਾਈਲ (ਯਹੂਦੀ) ਅਤੇ ਅਰਬ ਦੇਸ਼ਾਂ (ਮੁਸਲਿਮ) ਵਿਚ ਇਜ਼ਰਾਈਲ ਦੀ ਆਜ਼ਾਦੀ (14 ਮਈ, 1948) ਵਾਲੇ ਦਿਨ ਤੋਂ ਹੀ ਖੂਨੀ ਸੰਘਰਸ਼ ਚੱਲ ਰਿਹਾ ਹੈ। ਸੰਨ 1948, 1956, 1969 ਅਤੇ 1973 ਵਿਚ ਇਨ੍ਹਾਂ ਦਰਮਿਆਨ ਖੂਨੀ ਜੰਗਾਂ ਹੋਈਆਂ ਸਨ ਤੇ ਹੁਣ ਇਜ਼ਰਾਈਲ ਦੀ ਗਾਜ਼ਾ ਪੱਟੀ ਵਿਚ ਹੱਮਾਸ ਅਤੇ ਲੈਬਨਾਨ ਵਿਚ ਹਿੱਜ਼ਬੁਲਾ ਦੇ ਖਿਲਾਫ ਭਿਆਨਕ ਜੰਗ ਚੱਲ ਰਹੀ ਹੈ। ਮੱਧ ਕਾਲ ਸਮੇਂ ਇਸਾਈ ਯੂਰਪੀਅਨ ਦੇਸ਼ਾਂ ਅਤੇ ਮੁਸਲਿਮ ਏਸ਼ੀਅਨ ਦੇਸ਼ਾਂ ਵਿਚਾਲੇ ਯੋਰੂਸ਼ਲਮ (ਜਿਸ ਨੂੰ ਦੋਵੇਂ ਧਰਮ ਪਵਿੱਤਰ ਮੰਨਦੇ ਹਨ) 'ਤੇ ਕਬਜ਼ੇ ਵਾਸਤੇ ਸੰਨ 1095 ਈਸਵੀ ਤੋਂ ਲੈ ਕੇ ਸੰਨ 1291 ਈਸਵੀ ਤੱਕ ਕਰੀਬ 200 ਸਾਲ ਲਗਾਤਾਰ ਧਾਰਮਿਕ ਯੁੱਧ ਚਲਦੇ ਰਹੇ ਸਨ, ਜਿਨ੍ਹਾਂ ਨੂੰ ਕਰੂਸੇਡਜ਼ ਕਹਿੰਦੇ ਸਨ। ਅੱਜ ਵੀ ਇਸਲਾਮਿਕ ਕੱਟੜਵਾਦੀ ਅਮਰੀਕਾ ਤੇ ਇਸ ਦੇ ਸਹਿਯੋਗੀਆਂ ਨੂੰ (ਜੋ ਜ਼ਿਆਦਾਤਰ ਇਸਾਈ ਦੇਸ਼ ਹਨ) ਸ਼ੈਤਾਨ ਪੁਕਾਰਦੇ ਹਨ। ਅਲ ਕਾਇਦਾ ਅਤੇ ਆਈ.ਐੱਸ. ਹੁਣ ਤੱਕ 11 ਸਤੰਬਰ 2001 ਨਿਊਯਾਰਕ (ਅਮਰੀਕਾ) ਵਿਖੇ ਸਥਿਤ ਵਿਸ਼ਵ ਦੀਆਂ ਦੋ ਸਭ ਤੋਂ ਉੱਚੀਆਂ ਇਮਾਰਤਾਂ (ਟਵਿੰਨ ਟਾਵਰਜ਼) ਅਤੇ ਪੈਂਟਾਗਨ (ਅਮਰੀਕੀ ਫੌਜ ਦਾ ਹੈੱਡਕਵਾਟਰ) ਵਿਚ ਹਵਾਈ ਜਹਾਜ਼ ਮਾਰਨ ਸਮੇਤ ਸੈਂਕੜੇ ਆਤਮਘਾਤੀ ਹਮਲੇ ਕਰ ਚੁੱਕੇ ਹਨ।

ਪਰ ਅਬਰਾਹਮ ਤਿੰਨਾਂ ਧਰਮਾਂ ਦਾ ਸਾਂਝਾ ਪੈਗੰਬਰ ਹੈ। ਮੰਨਿਆਂ ਜਾਂਦਾ ਹੈ ਕਿ ਅਬਰਾਹਮ ਦਾ ਜਨਮ ਈਸਾ ਮਸੀਹ ਤੋਂ ਕਰੀਬ 2000 ਸਾਲ ਪਹਿਲਾਂ ਉਰ ਚਾਲਦੀਜ਼ ਦੇ ਸਥਾਨ 'ਤੇ (ਬਗਦਾਦ ਦੇ ਨਜ਼ਦੀਕ) ਪਿਤਾ ਤੇਰਾਹ ਅਤੇ ਮਾਤਾ ਅਮਾਥਲਾਈ ਦੇ ਘਰ ਹੋਇਆ ਸੀ। ਅਬਰਾਹਮ ਬਚਪਨ ਤੋਂ ਹੀ ਧਾਰਮਿਕ ਵਿਚਾਰਾਂ ਦਾ ਸੀ ਪਰ ਵੱਖ-ਵੱਖ ਦੇਵੀ ਦੇਵਤਿਆਂ ਦੀ ਬਜਾਏ ਇੱਕ ਰੱਬ ਦੀ ਪੂਜਾ ਕਰਨ ਦਾ ਹਮਾਇਤੀ ਤੇ ਮੂਰਤੀ ਪੂਜਾ ਦਾ ਘੋਰ ਵਿਰੋਧੀ ਸੀ। ਯਹੂਦੀ ਬਾਈਬਲ ਦੇ ਅਨੁਸਾਰ ਉਸ ਨੂੰ ਸਮੇਂ-ਸਮੇਂ 'ਤੇ ਖੁਦ ਰੱਬ ਅਤੇ ਉਸ ਦੇ ਫਰਿਸ਼ਤਿਆਂ ਵੱਲੋਂ ਅਗਵਾਈ ਦਿੱਤੀ ਜਾਂਦੀ ਸੀ। ਅਬਰਾਹਮ ਦੇ ਪਿਤਾ ਦੀ ਧਾਰਮਿਕ ਮੂਰਤੀਆਂ ਬਣਾਉਣ ਦੀ ਦੁਕਾਨ ਸੀ। ਸਭ ਤੋਂ ਵੱਡਾ ਪੁੱਤਰ ਹੋਣ ਕਾਰਨ ਮੂਰਤੀ ਪੂਜਾ ਦਾ ਘੋਰ ਵਿਰੋਧੀ ਹੋਣ ਦੇ ਬਾਵਜੂਦ ਉਸ ਨੂੰ ਮਨ ਮਾਰ ਕੇ ਦੁਕਾਨ 'ਤੇ ਕੰਮ ਕਰਨਾ ਪੈਂਦਾ ਸੀ। ਇੱਕ ਦਿਨ ਉਸ ਦੇ ਪਿਤਾ ਦੀ ਗੈਰਹਾਜ਼ਰੀ ਵਿਚ ਇੱਕ ਵਿਅਕਤੀ ਮੂਰਤੀ ਖਰੀਦਣ ਵਾਸਤੇ ਆਇਆ। ਅਬਰਾਹਮ ਨੇ ਉਸ ਨੂੰ ਪੁੱਛਿਆ ਕਿ ਉਸ ਦੀ ਉਮਰ ਕਿੰਨੀ ਹੈ, ਤਾਂ ਉਸ ਨੇ 50 ਸਾਲ ਦੱਸਿਆ। ਅਬਰਾਹਮ ਨੇ ਉਸ ਨੂੰ ਫਿਟਕਾਰ ਪਾਈ ਕਿ ਇਹ ਮੂਰਤੀ ਤਾਂ ਸਿਰਫ ਪੰਜ ਦਿਨ ਪੁਰਾਣੀ ਹੈ, ਤੈਨੂੰ ਸ਼ਰਮ ਆਉਣੀ ਚਾਹੀਦੀ ਹੈ ਕਿ 50 ਸਾਲ ਦਾ ਹੋ ਕੇ ਵੀ ਤੂੰ 5 ਦਿਨ ਪੁਰਾਣੀ ਮੂਰਤੀ ਦੀ ਪੂਜਾ ਕਰ ਰਿਹਾ ਹੈਂ। ਇਹ ਨਾ ਤਾਂ ਤੇਰਾ ਕੋਈ ਫਾਇਦਾ ਨਹੀਂ ਕਰ ਸਕਦੀ। ਉਹ ਵਿਅਕਤੀ ਗੁੱਸਾ ਹੋ ਕੇ ਮੂਰਤੀ ਖਰੀਦੇ ਬਗੈਰ ਵਾਪਸ ਚਲਾ ਗਿਆ ਤੇ ਤੇਰਾਹ ਨੂੰ ਸ਼ਿਕਾਇਤ ਕਰ ਦਿੱਤੀ। ਆਪਣਾ ਕਾਰੋਬਾਰ ਖਰਾਬ ਹੁੰਦਾ ਵੇਖ ਕੇ ਤੇਰਾਹ ਨੇ ਅਬਰਾਹਮ ਨੂੰ ਖੂਬ ਡਾਂਟਿਆ ਪਰ ਉਸ 'ਤੇ ਕੋਈ ਅਸਰ ਨਾ ਹੋਇਆ।

ਕੁਝ ਦਿਨਾਂ ਬਾਅਦ ਜਦੋਂ ਤੇਰਾਹ ਫਿਰ ਕਿਤੇ ਬਾਹਰ ਗਿਆ, ਤਾਂ ਅਬਰਾਹਮ ਨੇ ਦੁਕਾਨ ਦੀਆਂ ਸਾਰੀਆਂ ਮੂਰਤੀਆਂ ਤੋੜ ਦਿੱਤੀਆਂ ਤੇ ਇੱਕ ਡੰਡਾ ਸਭ ਤੋਂ ਵੱਡੀ ਮੂਰਤੀ ਦੇ ਹੱਥ ਵਿਚ ਫੜਾ ਦਿਤਾ। ਧਰਮ ਦੀ ਹੋ ਰਹੀ ਕਥਿੱਤ ਬੇਇੱਜ਼ਤੀ ਵੇਖ ਕੇ ਹਜੂਮ ਇਕੱਠਾ ਹੋ ਗਿਆ ਤੇ ਉਨ੍ਹਾਂ ਨੇ ਅਬਰਾਹਮ ਨੂੰ ਮੂਰਤੀਆਂ ਟੁੱਟਣ ਦਾ ਕਾਰਨ ਪੁੱਛਿਆ। ਉਸ ਨੇ ਦੱਸਿਆ ਕਿ ਇਹ ਮੂਰਤੀਆਂ ਆਪਸ ਵਿਚ ਲੜ ਰਹੀਆਂ ਸਨ। ਜਦੋਂ ਸਮਝਾਉਣ 'ਤੇ ਵੀ ਨਾ ਹਟੀਆਂ, ਤਾਂ ਗੁੱਸੇ ਵਿਚ ਆ ਕੇ ਵੱਡੀ ਮੂਰਤੀ ਨੇ ਬਾਕੀ ਮੂਰਤੀਆਂ ਨੂੰ ਤੋੜ ਦਿੱਤਾ। ਇਹ ਸੁਣ ਕੇ ਲੋਕ ਹੱਸਣ ਲੱਗ ਪਏ ਕਿ ਕਿਉਂ ਸਾਨੂੰ ਬੇਵਕੂਫ ਬਣਾ ਰਿਹਾ ਹੈਂ, ਕਦੇ ਪੱਥਰ ਦੀਆਂ ਮੂਰਤੀਆਂ ਵੀ ਆਪਸ ਵਿਚ ਲੜ ਸਕਦੀਆਂ ਹਨ? ਅਬਰਾਹਮ ਨੇ ਕਿਹਾ ਕਿ ਇਹ ਹੀ ਗੱਲ ਤਾਂ ਮੈਂ ਤੁਹਾਨੂੰ ਕਈ ਸਾਲਾਂ ਤੋਂ ਸਮਝਾ ਰਿਹਾ ਹਾਂ ਕਿ ਪੱਥਰ ਦੀਆਂ ਮੂਰਤੀਆਂ ਕੁਝ ਨਹੀਂ ਕਰ ਸਕਦੀਆਂ। ਰੱਬ ਇੱਕ ਹੈ ਤੇ ਸਿਰਫ ਉਸ ਦੀ ਪੂਜਾ ਕੀਤੀ ਜਾਣੀ ਚਾਹੀਦਾ ਹੈ। ਪਰ ਕੱਟੜਵਾਦੀਆਂ ਉਸ ਦੀ ਗੱਲ ਨੂੰ ਨਾ ਸਮਝਿਆ ਤੇ ਕਿਹਾ ਕਿ ਤੈਨੂੰ ਆਪਣੀ ਗੱਲ ਦੀ ਪ੍ਰੀਖਿਆ ਦੇਣੀ ਪਵੇਗੀ ਕਿ ਰੱਬ ਇੱਕ ਹੈ ਤੇ ਉਹ ਤੇਰੀ ਮਦਦ ਕਰੇਗਾ। ਬਹੁਤ ਵੱਡੀ ਅੱਗ ਬਾਲੀ ਗਈ ਤੇ ਅਬਰਾਹਮ ਨੂੰ ਕਿਹਾ ਗਿਆ ਕਿ ਆਪਣੇ ਰੱਬ ਨੂੰ ਕਹਿ ਕੇ ਉਹ ਤੈਨੂੰ ਇਸ ਵਿਚੋਂ ਬਚਾ ਲਵੇ। ਅਬਰਾਹਮ ਨੇ ਰੱਬ ਨੂੰ ਬੇਨਤੀ ਕੀਤੀ ਤੇ ਉਹ ਅੱਗ ਵਿਚੋਂ ਬਿਲਕੁਲ ਸਹੀ ਸਲਾਮਤ ਬਚ ਕੇ ਬਾਹਰ ਆ ਗਿਆ। ਫਿਰ ਉਸ ਨੇ ਰੱਬ ਦੇ ਹੁਕਮਾਂ ਅਨੁਸਾਰ ਮੌਜੂਦਾ ਮਿਸਰ, ਜਾਰਡਨ, ਇਜ਼ਰਾਈਲ, ਫਿਲਸਤੀਨ, ਇਰਾਕ ਅਤੇ ਲੈਬਨਾਨ ਆਦਿ ਦੇਸ਼ਾਂ ਦੀ ਯਾਤਰਾ ਕੀਤੀ ਅਤੇ ਆਪਣੇ ਫਲਸਫੇ ਤੋਂ ਜਨਤਾ ਨੂੰ ਜਾਣੂ ਕਰਵਾਇਆ। ਉਸ ਦੇ ਜੀਵਨ ਦੀ ਸਭ ਤੋਂ ਪ੍ਰਸਿੱਧ ਘਟਨਾ ਆਪਣੇ ਬੇਟੇ ਇਸਾਕ ਦੀ ਕੁਰਬਾਨੀ ਨਾਲ ਸਬੰਧਿਤ ਹੈ। ਰੱਬ ਨੇ ਅਬਰਾਹਮ ਨੂੰ ਹੁਕਮ ਦਿੱਤਾ ਕਿ ਉਹ ਮੋਰੀਆਹ ਨਾਮਕ ਪਹਾੜੀ 'ਤੇ ਜਾ ਕੇ (ਇਹ ਜਗ੍ਹਾ ਯੋਰੂਸ਼ਲਮ ਦੇ ਨਜ਼ਦੀਕ ਹੈ) ਆਪਣੀ ਸਭ ਤੋਂ ਪਿਆਰੀ ਵਸਤੂ ਦੀ ਕੁਰਬਾਨੀ ਦੇਵੇ। ਅਬਰਾਹਮ ਨੂੰ ਆਪਣਾ ਦੂਸਰਾ ਪੁੱਤਰ ਇਸਾਕ ਜਾਨ ਤੋਂ ਵੀ ਵੱਧ ਪਿਆਰਾ ਸੀ। ਪਰ ਜਦੋਂ ਉਹ ਉਸ ਦੀ ਕੁਰਬਾਨੀ ਦੇਣ ਲੱਗਾ, ਤਾਂ ਰੱਬ ਵੱਲੋਂ ਭੇਜੇ ਫਰਿਸ਼ਤੇ ਨੇ ਕਿਹਾ ਕਿ ਉਸ ਦੀ ਕੁਰਬਾਨੀ ਮਨਜ਼ੂਰ ਕਰ ਲਈ ਗਈ ਹੈ। ਫਰਿਸ਼ਤੇ ਨੇ ਇੱਕ ਭੇਡੂ ਪੇਸ਼ ਕੀਤਾ, ਜਿਸ ਦੀ ਕੁਰਬਾਨੀ ਦੇ ਦਿੱਤੀ ਗਈ। ਇਸ ਕਾਰਨ ਹੀ ਮੁਸਲਮਾਨ ਹਰ ਸਾਲ ਬਕਰੀਦ ਦਾ ਤਿਉਹਾਰ ਮਨਾਉਂਦੇ ਹਨ ਤੇ ਜਾਨਵਰਾਂ ਦੀ ਕੁਰਬਾਨੀ ਦੇਂਦੇ ਹਨ। ਯਹੂਦੀ ਬਾਈਬਲ ਦੇ ਅਨੁਸਾਰ ਅਬਰਾਹਮ ਦੀ 100 ਸਾਲ ਤੋਂ ਵੱਧ ਉਮਰ ਭੋਗ ਕੇ ਮੌਤ ਹੋਈ ਤੇ ਉਸ ਨੂੰ ਯੇਰੂਸ਼ਲਮ ਤੋਂ 30 ਕਿ.ਮੀ. ਦੂਰ ਹੈਬਰੋਨ ਸ਼ਹਿਰ ਵਿਖੇ ਦਫਨਾਇਆ ਗਿਆ। ਤਿੰਨਾਂ ਧਰਮਾਂ ਵਿਚ ਉਸ ਨੂੰ ਹੇਠ ਲਿਖੇ ਅਨੁਸਾਰ ਪੈਗੰਬਰ ਮੰਨਿਆਂ ਜਾਂਦਾ ਹੈ।

**ਯਹੂਦੀ ਧਰਮ**- ਯਹੂਦੀ ਇਹ ਮੰਨਦੇ ਹਨ ਕਿ ਅਬਰਾਹਮ ਵਿਸ਼ਵ ਦਾ ਪਹਿਲਾ ਯਹੂਦੀ ਸੀ ਤੇ ਦੁਨੀਆਂ ਭਰ ਦੇ ਯਹੂਦੀ ਉਸ ਦੇ ਪੁੱਤ ਪੋਤਰਿਆਂ ਦੀ ਜੈਵਿਕ (ਬਾਇਓਲੋਜੀਕਲ) ਔਲਾਦ ਹਨ। ਯਹੂਦੀਆਂ ਦੇ ਹਰੇਕ ਧਾਰਮਿਕ ਦਿਵਸ ਜਿਵੇਂ ਪਾਸਓਵਰ, ਰੋਸ਼ ਹਸ਼ਾਨਾਹ, ਸਿਮਾਚਟ ਤੋਰਾਹ, ਯੋਮ ਕਿਪੁਰ, ਸਬਾਥ, ਯੇਰੂਸ਼ਲਮ ਦਿਵਸ ਅਤੇ ਹਾਨੂਕਾਹ ਆਦਿ ਸਮੇਂ ਅਬਰਾਹਮ ਨੂੰ ਖਾਸ ਤੌਰ 'ਤੇ ਯਾਦ ਕੀਤਾ ਜਾਂਦਾ ਹੈ। ਯਹੂਦੀ ਮਾਨਤਾਵਾਂ ਦੇ ਅਨੁਸਾਰ ਰੱਬ ਨੇ ਸਵਰਗ ਅਤੇ ਨਰਕ ਦੀ ਉਤਪਤੀ ਅਬਰਾਹਮ ਦੀ ਸਲਾਹ ਅਨੁਸਾਰ ਕੀਤੀ ਸੀ। ਯਹੂਦੀ ਧਰਮ ਵਿਚ ਰੱਬ ਦਾ ਨਾਮ ਐਲੋਹੀ ਅਬਰਾਹਮ (ਅਬਰਾਹਮ ਦਾ ਰੱਬ) ਹੈ ਕਿਉਂਕਿ ਅਬਰਾਹਮ ਨੇ ਆਪਣੇ ਪੁੱਤਰ ਇਸਾਕ ਦੀ ਕੁਰਬਾਨੀ ਸਮੇਤ ਰੱਬ ਵੱਲੋਂ ਲਈਆਂ ਗਈਆਂ ਦਸ ਕਠਿਨ ਪ੍ਰੀਖਿਆਵਾਂ ਪਾਸ ਕੀਤੀਆਂ ਸਨ। ਯਹੂਦੀਆਂ ਦਾ ਮੰਨਣਾ ਹੈ ਕਿ ਉਨ੍ਹਾਂ ਦਾ ਸਭ ਤੋਂ ਪਹਿਲਾ ਧਰਮ ਗ੍ਰੰਥ ਸੈਫੇਰ ਯੇਤਜ਼ੀਰਾਹ ਅਬਰਾਹਮ ਦੁਆਰਾ ਲਿਖਿਆ ਗਿਆ ਸੀ।

**ਇਸਾਈ ਧਰਮ** - ਇਸਾਈ ਧਰਮ ਵਿਚ ਇਹ ਮੰਨਿਆਂ ਜਾਂਦਾ ਹੈ ਕਿ ਅਬਰਾਹਮ ਵਿਸ਼ਵ ਦਾ ਉਹ ਪਹਿਲਾ ਪੈਗੰਬਰ ਸੀ, ਜਿਸ ਨੂੰ ਰੱਬ ਨੇ ਆਪਣੇ ਆਪ ਨੂੰ ਜ਼ਾਹਰ ਕਰਨ ਲਈ ਚੁਣਿਆ ਸੀ। ਸੇਂਟ ਪਾਲ ਅਪੋਸਟਲ (ਜਨਮ ਸੰਨ 5 ਮੌਤ 65 ਈਸਵੀ) ਨੇ ਘੋਸ਼ਣਾ ਕੀਤੀ ਸੀ ਕਿ ਸਾਰੇ ਈਸਾਈ ਜੋ ਈਸਾ ਮਸੀਹ ਵਿਚ ਵਿਸ਼ਵਾਸ ਰੱਖਦੇ ਹਨ, ਅਬਰਾਹਮ ਦੇ ਬੱਚੇ ਹਨ। ਸੇਂਟ ਪਾਲ, ਕੈਥੋਲਿਕ ਚਰਚ ਅਤੇ ਪੋਪ ਅਬਰਾਹਮ ਨੂੰ ਈਸਾਈਆਂ ਦਾ ਅਧਿਆਤਮਿਕ ਪਿਤਾ ਤੇ ਈਸਾ ਮਸੀਹ ਦਾ ਪੂਰਵਜ ਮੰਨਦੇ ਹਨ। ਈਸਾਈ ਪਾਦਰੀ ਨਵੇਂ ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦੇਣ ਲੱਗਿਆਂ ਅਬਰਾਹਮ ਅਤੇ ਉਸ ਦੀ ਪਤਨੀ ਸਾਰਾ ਦਾ ਨਾਮ ਲੈਂਦੇ ਹਨ।

**ਇਸਲਾਮ** - ਇਸਲਾਮ ਵਿਚ ਇਬਰਾਹੀਮ (ਅਬਰਾਹਮ) ਨੂੰ ਪੈਗੰਬਰਾਂ ਦੀ ਕੜੀ ਦਾ ਇੱਕ ਅਹਿਮ ਹਿੱਸਾ ਮੰਨਿਆਂ ਜਾਂਦਾ ਹੈ, ਜੋ ਆਦਮ ਤੋਂ ਸ਼ੁਰੂ ਹੋਈ ਸੀ ਤੇ ਹਜ਼ਰਤ ਮੁਹੰਮਦ ਦੇ ਨਾਲ ਖਤਮ ਹੋ ਗਈ। ਇਬਰਾਹੀਮ ਦਾ ਨਾਮ ਕੁਰਾਨ ਵਿਚ ਵਾਰ-ਵਾਰ ਆਉਂਦਾ ਹੈ ਤੇ ਉਸ ਨੂੰ ਹਨੀਫ (ਇੱਕ ਰੱਬ ਨੂੰ ਮੰਨਣ ਵਾਲਾ), ਮੁਸਲਿਮ (ਜੋ ਆਪਣੇ ਆਪ ਨੂੰ ਅੱਲ੍ਹਾ ਦੇ ਅੱਗੇ ਸਮਰਪਿਤ ਕਰ ਦੇਵੇ), ਮੁਸਲਮਾਨਾਂ ਦਾ ਰਹਿਨੁਮਾ ਅਤੇ ਕੌਮ ਨੂੰ ਸੇਧ ਦੇਣ ਵਾਲਾ ਕਿਹਾ ਗਿਆ ਹੈ। ਇਸਲਾਮ ਵਿਚ ਇਹ ਵੀ ਮੰਨਿਆ ਜਾਂਦਾ ਹੈ ਕਿ ਮੱਕਾ ਵਿਚ ਮੁਕੱਦਸ ਕਾਅਬਾ ਦੀ ਉਸਾਰੀ ਇਬਰਾਹੀਮ ਨੇ ਕਰਵਾਈ ਸੀ। ਉਸ ਦਾ ਪੈਗੰਬਰਾਂ ਵਿਚ ਸਨਮਾਨਜਨਕ ਸਥਾਨ ਹੈ ਤੇ ਉਸ ਨੂੰ ਇਬਰਾਹੀਮ ਖਲੀਲਉੱਲਾਹ (ਰੱਬ ਦਾ ਦੋਸਤ) ਦੇ ਨਾਮ ਨਾਲ ਸੰਬੋਧਿਤ ਕੀਤਾ ਗਿਆ ਹੈ।

# ਟੌਲ ਪਲਾਜ਼ਾ

## ਮਿੰਨੀ ਕਹਾਣੀ




-ਜਸਮੇਰ ਸਿੰਘ ਢੱਟ
98725-45678
ਪੰਜਾਬ ਮੇਲ USA




ਫਗਵਾੜਿਓਂ ਲੋਡ ਭਰਕੇ ਪੰਧੇਰ ਨੇ ਜਦੋਂ ਦਿੱਲੀ ਜੀ.ਟੀ. ਰੋਡ 'ਤੇ ਆਪਣਾ ਟਰੱਕ ਪਾਇਆ, ਤਾਂ ਉਸਨੂੰ ਆਪਣੀ ਲਾਡਲੀ ਧੀ ਦੇ ਵਾਰ-ਵਾਰ ਤੋਤਲੀ ਜ਼ੁਬਾਨ 'ਚ ਆਖੇ ਇਹ ਲਫ਼ਜ਼ ਯਾਦ ਆ ਰਹੇ ਸਨ, "ਪਾਪਾ ਅੱਜ ਮੇਰਾ ਬਰਥ ਡੇ ਹੈ, ਭੁੱਲ ਨਾ ਜਾਣਾ, ਸ਼ਾਮ ਨੂੰ ਕੇਕ ਕੱਟਣਾ, ਤੁਸੀਂ ਜਲਦੀ ਘਰ ਆ ਜਾਣਾ"। ਇਹ ਖਿਆਲ ਆਉਂਦਿਆਂ ਹੀ ਉਹ ਐਕਸੀਲੇਟਰ 'ਤੇ ਪੈਰ ਹੋਰ ਦੱਬ ਦਿੰਦਾ। ਪੰਧੇਰ ਨੂੰ ਪੂਰੀ ਉਮੀਦ ਸੀ ਕਿ ਅੰਬਾਲੇ ਲੋਡ ਲਾਹ ਕੇ ਟਾਈਮ ਸਿਰ ਅੱਜ ਘਰ ਮੁੜ ਆਵੇਗਾ। ਟੌਲ ਟੈਕਸ ਦੇ ਰੇਟ ਵਧਾਉਣ ਕਰਕੇ ਲਾਡੋਵਾਲ ਟੌਲ 'ਤੇ ਕਿਸਾਨ ਯੂਨੀਅਨ ਵਲੋਂ ਧਰਨਾ ਲਾ ਸਾਰੀਆਂ ਗੱਡੀਆਂ ਬਿਨਾ ਟੌਲ ਦਿੱਤੇ ਫ਼ਰੀ ਲੰਘਾਈਆਂ ਜਾ ਰਹੀਆਂ ਸਨ, ਜਿਸ ਕਰਕੇ ਪੰਧੇਰ ਦੇ ਵੀ ਆਉਣ-ਜਾਣ ਦੇ 1225 ਰੁਪਏ ਦੀ ਬਚਤ ਹੋ ਗਈ। ਉਸ ਸੋਚਿਆ, ਇਨ੍ਹਾਂ ਪੈਸਿਆਂ ਦਾ ਖ਼ੂਬਸੂਰਤ ਤੋਹਫ਼ਾ ਖ਼ਰੀਦ ਕੇ ਅੱਜ ਆਪਣੀ ਧੀ ਨੂੰ ਦੇਵੇਗਾ, ਇਸੇ ਖੁਸ਼ੀ 'ਚ ਟਰੱਕ ਰੋਕ ਕੇ ਯੂਨੀਅਨ ਵਾਲਿਆਂ ਨੂੰ ਢੇਰ ਸਾਰੀਆਂ ਦੁਆਵਾਂ ਕਿਸਾਨ ਯੂਨੀਅਨ ਵਲੋਂ ਧਰਨੇ ਕਾਰਨ ਸ਼ੰਭੂ ਬਾਰਡਰ ਬੰਦ ਹੋਣ ਕਾਰਨ ਉਸਦਾ ਦਾ ਮੱਥਾ ਠਣਕਿਆ ਕਿਉਂਕਿ ਉਸਨੂੰ ਪਤਾ ਸੀ ਕਿ ਲਾਲੜੂ ਵਾਲੇ ਰੇਲਵੇ ਫਾਟਕ ਬੰਦ ਹੋਣ, ਲੰਬੇ ਟ੍ਰੈਫਿਕ ਜਾਮ ਲੱਗਣ ਕਾਰਨ ਕਈ ਘੰਟੇ ਅੰਬਾਲਾ ਪਹੁੰਚਣ ਨੂੰ ਲੱਗ ਜਾਂਦੇ ਨੇ! ਜਲਦੀ ਘਰ ਮੁੜਕ ਆਪਣੀ ਧੀ ਨੂੰ ਜਨਮ ਦਿਨ ਦਾ ਤੋਹਫ਼ਾ ਦੇਣ ਦੀ ਆਸ ਨਾਲ ਪੰਧੇਰ ਨੇ ਬਨੂੜ ਤੋਂ ਟਰੱਕ ਲਾਲੜੂ ਨੂੰ ਮੋੜ ਲਿਆ। ਪਰ ਜਿਸਦਾ ਪੰਧੇਰ ਨੂੰ ਡਰ ਸੀ, ਉਹ ਹੀ ਹੋ ਗਿਆ, ਅਕਾਲ ਅਕਾਦਮੀ ਕੋਲ ਸੜਕ ਦੇ ਵੱਡੇ-ਵੱਡੇ ਟੋਇਆਂ ਮੂਹਰੇ ਟਰੱਕ ਨੇ ਹਾਰ ਮੰਨ ਲਈ, ਉਸਦਾ ਐਕਸਲ ਟੁੱਟ ਗਿਆ ਤੇ ਨਾਲ ਹੀ ਪੰਧੇਰ ਦਾ ਦਿਲ। ਦੇਰ ਰਾਤ ਆਪਣੇ ਖ਼ਰਾਬ ਟਰੱਕ ਦੀ ਸੀਟ 'ਤੇ ਆਪਣੀ ਧੀ ਨੂੰ ਯਾਦ ਕਰਦਿਆਂ ਪੰਧੇਰ ਸੋਚ ਰਿਹਾ ਸੀ ਕਿ ਕਾਸ਼! ਲਾਡੋਵਾਲ ਟੌਲ ਪਲਾਜ਼ਾ ਫ਼ਰੀ ਕਰਨ ਵਾਲਿਆਂ ਸ਼ੰਭੂ ਬਾਰਡਰ ਦਾ ਧਰਨਾ ਵੀ ਚੁਕਾਇਆ ਹੁੰਦਾ,

# ਸੰਜੀਵ ਸਿੰਘ ਸੈਣੀ ਦੀ ਪੁਸਤਕ 'ਖ਼ੂਬਸੂਰਤ ਜ਼ਿੰਦਗੀ ਦਾ ਰਾਜ਼' ਰਾਹ ਦਸੇਰਾ ਬਣੇਗੀ

ਸੰਜੀਵ ਸਿੰਘ ਸੈਣੀ ਪ੍ਰਸਿੱਧ ਕਾਲਮ ਨਵੀਸ ਹੈ। ਉਸ ਦੇ ਲੇਖ ਲਗਪਗ ਹਰ ਰੋਜ਼ ਕਿਸੇ ਨਾ-ਕਿਸੇ-ਇੱਕ ਅਖ਼ਬਾਰ ਵਿਚ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਉਸ ਦੇ ਲੇਖਾਂ ਦੇ ਵਿਸ਼ੇ ਇਨਸਾਨ ਦੀ ਇਨਸਾਨੀਅਤ ਅਤੇ ਰੋਜ਼ਾਨਾ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਦੇ ਉਪਰਾਲਿਆਂ ਵਾਲੇ ਹੁੰਦੇ ਹਨ। ਭਾਵ ਜ਼ਿੰਦਗੀ ਨੂੰ ਖ਼ੂਬਸੂਰਤ ਬਣਾਉਣ ਲਈ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਹੁਣ ਤੱਕ ਉਸ ਦੀਆਂ ਦੋ ਪੁਸਤਕਾਂ 'ਕਿਸਾਨ ਅੰਦੋਲਨ' ਅਤੇ 'ਸਮਾਜ ਅਤੇ ਜੀਵਨ ਜਾਚ' ਪ੍ਰਕਾਸ਼ਤ ਹੋ ਚੁੱਕੀਆਂ ਹਨ। 'ਖ਼ੂਬਸੂਰਤ ਜ਼ਿੰਦਗੀ ਦਾ ਰਾਜ਼' ਉਸ ਦੀ ਤੀਜੀ ਪੁਸਤਕ ਹੈ। ਇਸ ਪੁਸਤਕ ਵਿਚ ਉਸ ਦੇ ਚਾਰ ਦਰਜਨ ਲਘੂ ਲੇਖ ਹਨ। ਸਾਰੇ ਲੇਖ ਲੋਕ ਸਰੋਕਾਰਾਂ ਨਾਲ ਸੰਬੰਧਤ ਹਨ, ਜਿਹੜੇ ਲੋਕਾਈ ਨੂੰ ਆਪਣਾ ਜੀਵਨ ਸਫ਼ਲ ਬਣਾਉਣ ਵਿਚ ਅਗਵਾਈ ਕਰ ਸਕਦੇ ਹਨ। ਆਮ ਬੋਲਚਾਲ ਵਿਚ ਵਰਤੀ ਜਾਣ ਵਾਲੀ ਸ਼ਬਦਾਵਲੀ ਠੇਠ ਮਲਵਈ ਹੈ। ਲੇਖਾਂ ਦੇ ਵਾਕ ਵੀ ਛੋਟੇ-ਛੋਟੇ ਹਨ। ਇਨ੍ਹਾਂ ਲੇਖਾਂ ਵਿਚੋਂ ਸੰਜੀਵ ਸਿੰਘ ਸੈਣੀ ਦਾ ਨਿਮਰਤਾ ਵਾਲਾ ਵਿਅਕਤਿਤਵ ਵਿਖਾਈ ਦਿੰਦਾ ਹੈ। ਇਸ ਪੁਸਤਕ ਵਿਚ ਜ਼ਿੰਦਗੀ ਜਿਊਣ ਦੇ ਨੁਕਤੇ ਦਿੱਤੇ ਗਏ ਹਨ, ਜਿਨ੍ਹਾਂ 'ਤੇ ਅਮਲ ਕਰਨ ਨਾਲ ਸਫ਼ਲਤਾ ਲੋਕਾਈ ਦੇ ਪੈਰ ਚੁੰਮੇਗੀ। ਵਰਤਮਾਨ ਸਮਾਜਿਕ ਤਾਣੇ-ਬਾਣੇ ਉਪਰ ਆਧੁਨਿਕਤਾ ਦੇ ਪਏ ਪ੍ਰਭਾਵ ਤੋਂ ਬਚ ਕੇ ਆਪਣੀ ਪੁਰਾਤਨ ਵਿਰਾਸਤ ਨਾਲ ਜੁੜੇ ਰਹਿਣ ਦੀ ਪ੍ਰੇਰਨਾ ਵੀ ਦਿੰਦੇ ਹਨ। ਕਿਸੇ ਵੀ ਸਮਾਜ ਦਾ ਸੱਭਿਆਚਾਰ ਹਰ ਦੂਜੇ ਸੱਭਿਆਚਾਰ ਤੋਂ ਵੱਖਰਾ ਹੁੰਦਾ ਹੈ, ਜਿਹੜਾ ਮਾਨਵਤਾ ਨੂੰ ਇੱਕ ਦੂਜੇ ਨਾਲੋਂ ਵੱਖਰਾ ਬਣਾਉਂਦਾ ਹੈ। ਇਸ ਲਈ ਲੇਖਕ ਦੀ ਇਨ੍ਹਾਂ ਲੇਖਾਂ ਵਿਚੋਂ ਆਪੋ-ਆਪਣੇ ਸੱਭਿਆਚਾਰ ਅਨੁਸਾਰ ਵਿਚਰਣ ਦੀ ਭਾਵਨਾ ਵਿਖਾਈ ਦਿੰਦੀ ਹੈ। ਵਰਤਮਾਨ ਸਮਾਜ ਵਿਚ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਵਿਵਹਾਰਿਕ ਜੀਵਨ ਵਿਚ ਆਈਆਂ ਤਰੁੱਟੀਆਂ ਇਨਸਾਨੀ ਕਦਰਾਂ-ਕੀਮਤਾਂ ਨੂੰ ਖ਼ੋਰਾ ਲਾ ਰਹੀਆਂ ਹਨ। ਲੇਖਕ ਇਨ੍ਹਾਂ ਤਰੁੱਟੀਆਂ ਦੇ ਵਿਰੁੱਧ ਆਪਣੇ ਲੇਖਾਂ ਵਿਚ ਆਵਾਜ਼ ਬੁਲੰਦ ਕਰਦਾ ਹੈ। ਸੰਜੀਵ ਸਿੰਘ ਸੈਣੀ ਦੇ ਲੇਖਾਂ ਦੇ ਸਿਰਲੇਖ ਵੱਡੇ ਹੁੰਦੇ ਹਨ, ਉਸ ਦੇ ਲੇਖ ਦਾ ਸਾਰੰਸ਼ ਸਿਰਲੇਖ ਪੜ੍ਹਕੇ ਹੀ ਪਤਾ ਲੱਗ ਜਾਂਦਾ ਹੈ। ਭਾਵੇਂ ਲੇਖਾਂ ਵਿਚ ਕਈ-ਕਈ ਵਿਸ਼ੇ ਛੋਹੇ ਹੁੰਦੇ ਹਨ। ਲੇਖਕ ਨੂੰ ਸਿਰਲੇਖ ਛੋਟੇ ਰੱਖਣੇ ਚਾਹੀਦੇ ਹਨ, ਤਾਂ ਜੋ ਪਾਠਕ ਨੂੰ ਸਿਰਲੇਖ ਤੋਂ ਪਤਾ ਨਾ ਲੱਗ ਸਕੇ, ਉਸ ਲੇਖ ਵਿਚ ਕੀ ਮੈਟਰ ਹੈ, ਸਗੋਂ ਸਿਰਲੇਖ ਅਜਿਹਾ ਹੋਣਾ ਚਾਹੀਦਾ ਹੈ, ਜਿਸ ਨੂੰ ਪੜ੍ਹਦਿਆਂ ਹੀ ਪਾਠਕ ਨੂੰ ਲੇਖ ਪੜ੍ਹਨ ਦੀ ਉਤਸੁਕਤਾ ਪੈਦਾ ਹੋ ਜਾਵੇ। ਉਹ ਲਿਖਦਾ ਹੈ, ਪਿਆਰ ਸਫ਼ਲ ਜ਼ਿੰਦਗੀ ਬਸਰ ਕਰਨ ਦਾ ਧੁਰਾ ਹੈ। ਇਮਾਨਦਾਰੀ, ਸ਼ਹਿਨਸ਼ੀਲਤਾ, ਸਹਿਯੋਗ, ਸਹਿਹੋਂਦ ਅਤੇ ਨਿਮਰਤਾ ਇਨਸਾਨ ਦੇ ਗਹਿਣੇ ਹਨ। ਨਫ਼ਰਤ,







ਹਉਮੈ, ਧੋਖ਼ਾ, ਫ਼ਰੇਬ ਅਤੇ ਖ਼ੁਦਗਰਜ਼ੀ ਸਫਲ ਜੀਵਨ ਨੂੰ ਗ੍ਰਹਿਣ ਲਾਉਂਦੇ ਹਨ। ਇਨ੍ਹਾਂ ਤੋਂ ਤਿਲਾਂਜ਼ਲੀ ਲੈਣੀ ਚਾਹੀਦੀ ਹੈ। ਵਿਆਹਾਂ ਵਿਚ ਮੈਰਿਜ ਪੈਲਸਾਂ ਦੀ ਵਰਤੋਂ ਪੁਰਾਤਨ ਪ੍ਰੰਪਰਾਵਾਂ ਅਤੇ ਪੰਜਾਬੀ ਸੱਭਿਆਚਾਰ ਨੂੰ ਠੇਸ ਪਹੁੰਚਾ ਰਹੇ ਹਨ। ਪੁਰਾਤਨ ਢੰਗ ਨਾਲ ਕੀਤੇ ਜਾਂਦੇ ਵਿਆਹਾਂ ਵਿਚ ਸਦਭਾਵਨਾ ਬਣੀ ਰਹਿੰਦੀ ਸੀ। ਇਕ ਦੂਜੇ ਦਾ ਸਹਾਈ ਬਣਨਾ ਮਿਲਵਰਤਨ ਦੀ ਭਾਵਨਾ ਪੈਦਾ ਕਰਦਾ ਸੀ। ਭੱਠੀ ਚੜ੍ਹਾਉਣ ਸਮੇਂ ਸਾਰੇ ਆਂਢੀ-ਗੁਆਂਢੀ ਇਕੱਠੇ ਬੈਠ ਕੇ ਲੱਡੂ ਵੱਟਦੇ। ਘਰੇ ਸ਼ੁੱਧ ਮਠਿਆਈਆਂ ਬਣਦੀਆਂ। ਭਾਜੀ ਦਿੰਦੇ, ਨਾਨਕਾ ਮੇਲ ਆਉਂਦਾ, ਸਿੱਠਣੀਆਂ ਦਿੰਦੇ ਪੰਜਾਬੀ ਸੱਭਿਆਚਾਰ ਦਾ ਪ੍ਰਗਟਾਵਾ ਹੁੰਦਾ ਸੀ। ਪੈਲਸਾਂ ਵਿਚ ਖ਼ਰਚੇ ਵੱਧ ਹੁੰਦੇ ਹਨ। ਪ੍ਰੀ-ਵੈਡਿੰਗ ਦੇ ਚੋਚਲੇ ਵੀ ਖ਼ਰਚੇ ਵਧਾਉਂਦੇ ਹਨ। ਲੇਖਕ ਦੁੱਧ ਵਿਚ ਹੋ ਰਹੀ ਰਸਾਇਣਕ ਮਿਲਾਵਟ ਤੋਂ ਚਿੰਤਾ ਪ੍ਰਗਟ ਕਰਦਾ ਲਿਖਦਾ ਹੈ, ਮਿਲਾਵਟ ਨਾਲ ਬਿਮਾਰੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। ਜੰਕ ਫ਼ੂਡ ਵੀ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਤਕਨਾਲੋਜੀ ਦੇ ਲਾਭਾਂ ਨਾਲੋਂ ਨੁਕਸਾਨ ਜ਼ਿਆਦਾ ਹੋ ਰਹੇ ਹਨ। ਮੋਬਾਈਲ ਨੇ ਬੇੜਾ ਹੀ ਗਰਕ ਕਰ ਦਿੱਤਾ ਹੈ। ਦੁੱਖ-ਸੁੱਖ ਦੇ ਸਾਂਝੀਵਾਲ ਨਹੀਂ ਬਣਦੇ। ਚੰਗਾ ਬਣਨ ਦੀ ਕੋਸ਼ਿਸ਼ ਕਿਸੇ ਕੰਮ ਨਹੀਂ ਆਉਂਦੀ ਬਲਕਿ ਚੰਗੇ ਕੰਮ ਕਰੋ। ਵਿਖਾਵੇ ਤੋਂ ਪ੍ਰਹੇਜ਼ ਕਰੋ, ਵੱਡੇ ਘਰ ਠੀਕ ਨਹੀਂ, ਵਿਤੋਂ ਬਾਹਰਾ ਕੋਈ ਕੰਮ ਨਾ ਕਰੋ। ਮਨੁੱਖ ਤੇ ਕੁਦਰਤ ਦਾ ਗੂੜ੍ਹਾ ਸੰਬੰਧ ਹੈ। ਦਰੱਖਤ ਲਗਾਓ ਅਤੇ ਬਚਾਓ ਤਾਂ ਵਾਤਵਰਨ ਸਾਫ ਰਹੇਗਾ, ਕੁਦਰਤੀ ਵਾਹਓ ਨਾ ਰੋਕੋ ਫਿਰ ਹੜ੍ਹ ਨਹੀਂ ਆਉਣਗੇ। ਦੁੱਖ-ਸੁੱਖ ਇਕ ਸਿੱਕੇ ਦੇ ਦੋ ਪਾਸੇ ਹਨ, ਦੋਹਾਂ ਵਿਚੋਂ ਕੋਈ ਵੀ ਹਮੇਸ਼ਾ ਨਹੀਂ ਰਹਿੰਦਾ। ਅੱਗੇ ਵੱਧਕੇ ਮੁਸੀਬਤਾਂ ਦਾ ਟਾਕਰਾ ਕਰੋ, ਸਫਲਤਾ ਮਿਲੇਗੀ। ਲਗਾਤਾਰਤਾ ਦਾ ਨਾਮ ਜ਼ਿੰਦਗੀ ਹੈ। ਆਤਮ ਵਿਸ਼ਵਾਸ ਕਾਇਮ ਰੱਖੋ, ਕਿਸੇ ਤੋਂ ਕੋਈ ਆਸ ਨਾ ਰੱਖੋ, ਖੁਦ ਮਿਹਨਤ ਕਰੋ, ਲੋਕਾਂ ਵਿਚ ਸਵਾਰਥੀਪੁਣਾ ਭਾਰੂ ਹੈ। ਹਰ ਇਨਸਾਨ ਵਿਚ ਕੋਈ ਇੱਕ ਗੁਣ ਹੁੰਦਾ ਹੈ। ਇਸ ਲਈ ਆਪਣੇ ਅੰਦਰਲੇ ਗੁਣ ਦੀ ਪਛਾਣ ਕਰੋ ਤੇ ਉਸ 'ਤੇ ਅਮਲ ਕਰੋ। ਜ਼ਿੰਦਗੀ ਬਿਹਤਰੀਨ ਤੋਹਫ਼ਾ ਹੈ, ਇਸ ਦਾ ਸਦਉਪਯੋਗ ਕਰੋ। ਗੁੱਸਾ ਥੁੱਕ ਦਿਓ, ਸਕੂਨ ਮਿਲੇਗਾ। ਹਮੇਸ਼ਾ ਮੁਸਕਰਾਉਂਦੇ ਰਹੋ, ਹਰ ਸਮੱਸਿਆ ਦਾ ਹੱਲ ਹੋ ਜਾਵੇਗਾ। ਸਾਕਾਰਤਮਕ ਸੋਚ ਅਪਣਾਓ, ਸਫਲ ਲੋਕਾਂ ਤੋਂ ਸਬਕ ਸਿੱਖੋ ਅਤੇ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਚੰਗੀਆਂ ਪੁਸਤਕਾਂ ਪੜ੍ਹੋ। ਇੱਛਾਵਾਂ 'ਤੇ ਕਾਬੂ ਰੱਖੋ, ਸਾਰੀਆਂ ਖ਼ਵਾਹਿਸ਼ਾਂ ਕਦੀ ਪੂਰੀਆਂ ਨਹੀਂ ਹੁੰਦੀਆਂ। ਸਬਰ-ਸੰਤੋਖ ਦਾ ਪੱਲਾ ਫੜੋ। ਖ਼ੁਸ਼ ਰਹੋ ਅਤੇ ਸਿਹਤਮੰਦ ਖਾਣਾ ਖਾਓ, ਦੋਸਤਾਂ ਦਾ ਸਾਥ ਮਾਣੋ। ਆਪਣੀ ਜ਼ਿੰਦਗੀ ਦਾ ਟੀਚਾ ਨਿਸ਼ਚਿਤ ਕਰਕੇ ਸਖ਼ਤ ਮਿਹਨਤ ਕਰੋ। ਮੁਕਾਬਲੇ ਦੇ ਇਮਤਿਹਾਨ ਵਿਚੋਂ ਇਕ ਵਾਰ ਅਸਫਲ ਹੋਣ ਤੋਂ ਬਾਅਦ ਫਿਰ ਕੋਸ਼ਿਸ਼ ਕਰੋ, ਪੜ੍ਹਾਈ ਦਾ ਸਮਾਂ ਨਿਸ਼ਚਿਤ ਕਰ ਲਵੋ, ਇਕ-ਨਾ-ਇਕ ਦਿਨ ਸਫਲਤਾ ਮਿਲੇਗੀ। ਵਿਖਾਵਾ ਘੁਣ ਵਾਂਗ ਖਾ ਰਿਹਾ, ਕਿਸੇ ਨੂੰ ਨੀਵਾਂ ਨਾ ਵਿਖਾਓ, ਪਹਿਲਾਂ ਕੱਚੇ ਤੇ ਛੋਟੇ ਘਰਾਂ ਵਿਚ ਖ਼ੁਸ਼ ਰਹਿੰਦੇ ਸੀ ਕਿਉਂਕਿ ਵਿਖਾਵੇ ਤੋਂ ਦੂਰ ਸੀ। ਆਪਣੀ ਕਦਰ ਆਪ ਕਰੋ ਪ੍ਰੰਤੂ ਐਨੇ ਮਿੱਠੇ ਨਾ ਬਣੋ, ਦੂਜੇ ਲੋਕ ਤੁਹਾਨੂੰ ਨਿਗਲ ਜਾਣ। ਦੋਸਤੀ ਸੋਚ ਸਮਝਕੇ ਕਰੋ ਕਿਉਂਕਿ ਲੋਕਾਂ ਦੇ ਕਿਰਦਾਰ ਦੋਹਰੇ ਹਨ। ਸੋਚ ਉੱਚੀ ਤੇ ਸੁੱਚੀ ਰੱਖੋ, ਗ਼ਲਤੀਆਂ ਨੂੰ ਸੁਧਾਰਕੇ ਕੁਝ ਸਿੱਖਿਆ ਲਓ। ਸ਼ਾਂਤ ਚਿੱਤ ਰਹੋ, ਪੰਜਾਬ ਦੇ ਲੋਕ ਬਦਲ ਗਏ ਹਨ, ਲੜਨ ਨੂੰ ਤਿਆਰ ਰਹਿੰਦੇ ਹਨ। ਗੱਲ ਸੋਚ ਸਮਝ ਤੇ ਤੋਲ ਕੇ ਕਰੋ, ਵਾਦ ਵਿਵਾਦ ਤੋਂ ਬਚੋ ਤੇ ਬਹਿਸਬਾਜ਼ੀ ਤੋਂ ਪ੍ਰਹੇਜ਼ ਕਰੋ। ਬਜ਼ੁਰਗਾਂ ਦਾ ਸਤਿਕਾਰ ਕਰੋ, ਜਿਨ੍ਹਾਂ ਨੇ ਮਿਹਨਤਾਂ ਕਰਕੇ ਤੁਹਾਡਾ ਪਾਲਣ-ਪੋਸ਼ਣ ਕੀਤਾ ਹੈ। ਸਫ਼ਲਤਾ ਦੀ ਪ੍ਰਾਪਤੀ ਲਈ ਅੱਜ ਦਾ ਕੰਮ ਕੱਲ੍ਹ 'ਤੇ ਨਾ ਛੱਡੋ। ਟੈਨਸ਼ਨ ਤੋਂ ਖਹਿੜਾ ਤੁਡਾਓ, ਹਰ ਮੁਸੀਬਤ ਦਾ ਖ਼ੁਸ਼ੀ ਨਾਲ ਮੁਕਾਬਲਾ ਕਰੋ। ਖ਼ੁਸ਼ੀ ਲੱਭਣ ਦਾ ਹੁਨਰ ਸਿੱਖਣਾ ਚਾਹੀਦਾ ਹੈ। ਬਦਲੇ ਸਮੇਂ ਅਨੁਸਾਰ ਜੀਵਨ ਬਸਰ ਕਰੋ। ਸਰੀਰਕ ਸੁੰਦਰਤਾ ਸਥਾਈ ਨਹੀਂ ਹੁੰਦੀ ਪ੍ਰੰਤੂ ਅੰਦਰੂਨੀ ਸੁੰਦਰਤਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਜ਼ਿੰਦਗੀ ਤੋਂ ਹਾਰ ਨਹੀਂ ਮੰਨਣੀ ਚਾਹੀਦੀ। ਇੱਛਾ ਸ਼ਕਤੀ ਮਜ਼ਬੂਤ ਰੱਖੋ। ਜੀਵਨ ਜਿਊਣ ਦੀ ਕਲਾ ਦਾ ਢੰਗ ਅਪਣਾਉਣਾ ਚਾਹੀਦਾ ਹੈ। ਮਨੁੱਖਤਾ ਦੀ ਸੇਵਾ ਨਿਰਸਵਾਰਥ ਹੋ ਕੇ ਕਰਨੀ ਚਾਹੀਦੀ ਹੈ। ਕਿਸਾਨ ਭਰਾਵਾਂ ਨੂੰ ਪਰਾਲੀ ਨੂੰ ਅੱਗ ਨਹੀਂ ਲਗਾਉਣੀ ਚਾਹੀਦੀ ਕਿਉਂਕਿ ਵਾਤਾਵਰਨ ਦੂਸ਼ਿਤ ਹੋ ਜਾਂਦਾ ਹੈ। ਜੀਵ-ਜੰਤੂ ਤੇ ਪੰਛੀ ਪ੍ਰਭਾਵਿਤ ਹੁੰਦੇ ਹਨ। ਰਹਿੰਦ-ਖੂੰਹਦ ਦਾ ਸਹੀ ਇਸਤੇਮਾਲ ਕੀਤਾ ਜਾਵੇ। ਜ਼ਿੰਦਗੀ ਨੂੰ ਕਦੀ ਵੀ ਬੋਝ ਨਹੀਂ, ਸਗੋਂ ਕੁਦਰਤ ਦੀ ਨਿਆਮਤ ਸਮਝੋ। ਕਿਸਮਤ 'ਤੇ ਵਿਸ਼ਵਾਸ ਨਾ ਕਰੋ, ਮਿਹਨਤ ਸਫਲਤਾ ਬਖ਼ਸ਼ਦੀ ਹੈ। ਅਸਫਲਤਾ ਹਾਰ ਨਹੀਂ ਹੁੰਦੀ, ਸਗੋਂ ਦੁਬਾਰਾ ਮਿਹਨਤ ਕਰਨ ਦੀ ਪ੍ਰੇਰਨ ਕਰਦੀ ਹੈ। ਘਬਰਾਉਣਾ ਨਹੀਂ ਚਾਹੀਦਾ, ਘਬਰਾਉਣ ਨਾਲ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ। ਆਪਣੇ ਤੋਂ ਛੋਟੇ ਲੋਕਾਂ ਦੀ ਜ਼ਿੰਦਗੀ ਤੋਂ ਸਬਕ ਸਿੱਖੋ। ਭਗਵੰਤ ਸਿੰਘ ਮਾਨ ਅਤੇ ਉਸ ਦੀ ਸਰਕਾਰ ਤੇ ਕਾਰਗੁਜ਼ਾਰੀ ਨਾਲ ਸੰਬੰਧਤ ਤਿੰਨ ਲੇਖ ਹਨ। ਪੰਜਾਬ ਦੇ ਲੋਕ ਨਸ਼ੇ, ਅਵਾਰਾ ਪਸ਼ੂਆਂ, ਅਵਾਰਾ ਕੁੱਤਿਆਂ, ਪ੍ਰਵਾਸ, ਭ੍ਰਿਸ਼ਟਾਚਾਰ, ਸਰਕਾਰ 'ਤੇ ਕਰਜ਼ੇ ਆਦਿ ਤੋਂ ਪੰਜਾਬ ਦੇ ਲੋਕਾਂ ਨੇ ਛੁਟਕਾਰਾ ਪਾਉਣ ਲਈ ਭਗਵੰਤ ਸਿੰਘ ਮਾਨ ਦੀ ਸਰਕਾਰ ਬਣਾਈ ਹੈ। ਲੇਖਕ ਲਿਖਦਾ ਹੈ ਕਿ ਲੋਕਾਂ ਦੀਆਂ ਆਸਾਂ 'ਤੇ ਪੂਰੇ ਉਤਰਨ ਤੇ ਲੋਕਾਂ ਨੂੰ ਸੰਤੁਸ਼ਟ ਕਰਨਾ ਚਾਹੀਦਾ ਹੈ। ਆਪਣੇ ਹੀ ਮੰਤਰੀਆਂ ਅਤੇ ਵਿਧਾਨਕਾਰਾਂ ਤੇ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਸੰਬੰਧੀ ਚੁੱਕੇ ਗਏ ਕਦਮ ਸਹੀ ਹਨ ਪ੍ਰੰਤੂ ਅਜੇ ਸਰਕਾਰ ਤੋਂ ਪੰਜਾਬ ਦੇ ਲੋਕਾਂ ਨੂੰ ਆਸਾਂ ਹਨ। ਬਜ਼ੁਰਗ ਸੁਰੱਖਿਅਤ ਨਹੀਂ, ਭ੍ਰਿਸ਼ਟਾਚਾਰ ਅਜੇ ਬਰਕਰਾਰ ਹੈ, ਇਲਾਜ ਮਹਿੰਗੇ ਹਨ, ਸ਼ਹਿਰਾਂ ਵਿਚ ਗੰਦਗੀ ਦੇ ਢੇਰ, ਸੜਕਾਂ ਦੇ ਮੰਦੇ ਹਾਲ ਅਤੇ ਲੋਕ ਬੁਨਿਆਦੀ ਸਹੂਲਤਾਂ ਤੋਂ ਆਤੁਰ ਹਨ। ਸੰਜੀਵ ਸਿੰਘ ਸੈਣੀ ਨੇ ਇਨ੍ਹਾਂ ਲੇਖਾਂ ਵਿਚ ਸਫ਼ਲ ਜੀਵਨ ਜਿਊਣ ਲਈ ਨੁਕਤੇ ਦੱਸੇ ਹਨ, ਜਿਹੜੇ ਇਨਸਾਨ ਦਾ ਜੀਵਨ ਸੁਨਹਿਰਾ ਬਣਾ ਸਕਦੇ ਹਨ। ਇਹ ਨੁਕਤੇ ਉਦਾਹਰਣਾਂ ਸਮੇਤ ਦਿੱਤੇ ਗਏ ਹਨ, ਤਾਂ ਜੋ ਪਾਠਕ ਸਮਝ ਸਕੇ। ਹਰ ਲੇਖ ਵਿਚ ਦੁਹਰਾਓ ਲੋੜ ਤੋਂ ਜ਼ਿਆਦਾ ਹੈ। ਜਿਹੜਾ ਨੁਕਤਾ ਇਕ ਲੇਖ ਵਿਚ ਆ ਗਿਆ, ਉਹ ਦੂਜੇ ਵਿਚ ਨਹੀਂ ਆਉਣਾ ਚਾਹੀਦਾ। ਇਹ ਲੇਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋਏ ਹਨ, ਹਰ ਲੇਖ ਦੇ ਨਾਲ ਉਸ ਦੇ ਪ੍ਰਕਾਸ਼ਤ ਹੋਣ ਦੀ ਤਾਰੀਕ ਪਾਉਣੀ ਚਾਹੀਦੀ ਸੀ। ਫਿਰ ਵੀ ਸੰਜੀਵ ਸਿੰਘ ਸੈਣੀ ਦਾ ਉਦਮ ਸਲਾਹੁਣਯੋਗ ਹੈ।

# ਬਜ਼ੁਰਗਾਂ ਨਾਲ ਦੁਰਵਿਵਹਾਰ ਨੇ ਘਟਾਈ ਉਮਰ

*"15 ਜੂਨ 2024 ਵਾਲੇ ਦਿਨ ਨੂੰ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਗਿਆ। ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ 2024 ਦਾ ਥੀਮ ਹੈ- 'ਐਮਰਜੈਂਸੀ 'ਚ ਬਜ਼ੁਰਗਾਂ ਉੱਤੇ ਸਪਾਟਲਾਈਟ' ਯਾਨਿ ਮੁਸੀਬਤ ਦੌਰਾਨ ਬਜ਼ੁਰਗਾਂ ਦੀ ਸੇਫਟੀ ਅਤੇ ਮਦਦ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦੇਣਾ ਹੈ। ਅੱਜ ਵਿਸ਼ਵ ਪੱਧਰ 'ਤੇ ਬਜ਼ੁਰਗਾਂ ਪ੍ਰਤੀ ਘੱਟ ਰਹੀ ਇੱਜ਼ਤ ਅਤੇ ਵੱਧ ਰਿਹਾ ਮਾੜਾ ਵਿਵਹਾਰ ਸਮਾਜ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਸਰੀਰਕ-ਮਾਨਸਿਕ ਤੌਰ 'ਤੇ ਕਮਜ਼ੋਰ ਹੋ ਰਹੇ ਬਜ਼ੁਰਗਾਂ ਦੀ ਕੇਅਰ ਦੇ ਨਾਲ-ਨਾਲ ਵੱਧ ਰਹੀ ਹਿੰਸਾ ਨੂੰ ਹਰ ਪੱਧਰ 'ਤੇ ਰੋਕਣਾ ਵੀ ਜ਼ਰੂਰੀ ਹੋ ਗਿਆ ਹੈ"- ਅਨਿਲ ਧੀਰ*

ਦੁਨੀਆਂ ਭਰ 'ਚ 15 ਜੂਨ 2024 ਵਾਲੇ ਦਿਨ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਲਈ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਬਜ਼ੁਰਗਾਂ ਦੀ ਸੇਫਟੀ ਅਤੇ ਮਦਦ ਕਰਨ ਲਈ ਹਰ ਵਿਅਕਤੀ ਦੇ ਅੱਗੇ ਆਉਣ ਦੀ ਲੋੜ ਹੈ। ਇਸ ਦਿਨ ਦੁਰਵਿਵਹਾਰ ਦੁਆਰਾ ਦੁਖੀ ਬਜ਼ੁਰਗਾਂ ਲਈ ਹਰ ਪੱਧਰ 'ਤੇ ਜਾਗਰੂਕਤਾ ਨਾਲ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਅਧਿਕਾਰਤ ਤੌਰ 'ਤੇ ਸੰਯੁਕਤ ਰਾਸ਼ਟਰ ਮਹਾਂਸਭਾ ਨੇ 27 ਦਸੰਬਰ, 2011 ਮਾਨਤਾ ਦਿੱਤੀ ਸੀ, ਜਿਸਨੇ 1 ਜੂਨ, 2006 ਵਿਚ ਇਸ ਸਮਾਰੋਹ ਦੀ ਸਥਾਪਨਾ ਕੀਤੀ ਸੀ। ਹਰ ਸਾਲ ਦੇ ਇਸ ਦਿਨ ਜਦੋਂ ਸਾਡੀ ਪੁਰਾਣੀ ਜਨਰੇਸ਼ਨ ਨੂੰ ਦੁਰਵਿਵਹਾਰ ਅਤੇ ਦੁੱਖ ਝੱਲਣ ਲਈ ਪੂਰੀ ਦੁਨੀਆਂ ਵਿਰੋਧ ਕਰਦੀ ਹੈ। ਯੂ.ਐੱਨ. ਮੁਤਾਬਿਕ ਲਗਭਗ ਹਰ 6 ਵਿਚੋਂ 1 ਬਜ਼ੁਰਗ ਕਿਸੇ ਨਾ ਕਿਸੇ ਕਿਸਮ ਦੇ ਦੁਰਵਿਵਹਾਰ ਦਾ ਸ਼ਿਕਾਰ ਹੈ। ਮਹਾਮਾਰੀ ਯਾਨਿ ਲਾਕਡਾਊਨ ਨੇ ਘਰਾਂ ਅੰਦਰ ਇਕੱਲੇ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਮਹਾਂਮਾਰੀ ਕਾਰਣ ਭਾਈਚਾਰੇ ਦੀ ਸ਼ਮੂਲੀਅਤ ਘਟਣ ਨਾਲ ਸੁਰੱਖਿਆ ਘੱਟ ਅਤੇ ਇਕੱਲਾਪਣ ਵੱਧ ਗਿਆ ਸੀ।

ਬਜ਼ੁਰਗਾਂ ਦੀ ਦੁਰਵਰਤੋਂ ਤੋਂ ਭਾਵ ਹਮੇਸ਼ਾ ਟੈਨਸ਼ਨ ਦੇਣਾ, ਲੜਾਈ-ਝੱਗੜਾ, ਕੱਟ-ਮਾਰ, ਘਰੇਲੂ ਹਿੰਸਾ ਦਾ ਮਾਹੌਲ ਅਤੇ ਬਿਮਾਰੀ ਵੇਲੇ ਦੇਖਭਾਲ ਨਾ ਕਰਣਾ, ਵਿੱਤੀ ਸ਼ੋਸ਼ਣ, ਸਤਿਕਾਰ ਨਾਂ ਦੀ ਚੀਜ਼ ਖਤਮ ਕਰ ਦੇਣਾ ਹੈ। ਅੱਜ ਦੇ ਟੈਨਸ਼ਨ ਵਾਲੇ ਹਾਲਾਤ ਬਿਮਾਰ ਕਰਕੇ ਇਨਸਾਨ ਦੀ ਉਮਰ ਘਟਾ ਰਹੇ ਹਨ।

- ਯਾਦ ਕਰੋ ਆਪਣੇ ਬਚਪਨ 'ਚ ਦਾਦ-ਦਾਦੀ, ਨਾਨਾ-ਨਾਨੀ ਤੇ ਬਜ਼ੁਰਗਾਂ ਦੇ ਨਾਲ ਰਹਿ ਕੇ ਉਨ੍ਹਾਂ ਦੇ ਜੀਵਨ ਦੇ ਤਜ਼ਰਬਿਆਂ ਤੋਂ ਬਹੁਤ ਕੁੱਝ ਸਿੱਖਿਆ ਹੈ, ਜੋ ਅੱਜ ਵੀ ਸਾਡੀ ਜ਼ਿੰਦਗੀ ਵਿਚ ਹੈ। ਵਕਤ ਦੇ ਨਾਲ-ਨਾਲ ਅਸੀਂ ਜ਼ਿੰਦਗੀ ਦੇ ਰੁਝੇਵਿਆਂ ਵਿਚ ਵਿਅਸਤ ਹੋਣ ਕਰਕੇ ਬਜ਼ੁਰਗਾਂ ਨੂੰ ਨਜ਼ਰ ਅੰਦਾਜ਼ ਕਰਕੇ ਦੁਰਵਿਵਹਾਰ ਵੀ ਸ਼ੁਰੂ ਕਰ ਦਿੰਦੇ ਹਾਂ। ਸਾਡੇ ਬਜ਼ੁਰਗ ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਹੋ ਕੇ ਇੱਕ ਦਿਨ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ।
- ਦੁਰਵਿਵਹਾਰ ਅਕਸਰ ਘਰ ਅੰਦਰ ਜਾਂ ਉਨ੍ਹਾਂ ਦੇ ਭਰੋਸੇ ਵਾਲੇ ਵਿਅਕਤੀ ਹੱਥੋਂ ਹੁੰਦਾ ਹੈ। ਬਜ਼ੁਰਗਾਂ ਨਾਲ ਬਦਸਲੂਕੀ ਕਈ ਕਿਸਮ ਦੀ ਜਿਵੇਂ:
- ਸਰੀਰਕ ਸ਼ੋਸ਼ਣ 'ਚ ਕੁੱਟਮਾਰ, ਲੱਤ ਮਾਰਨਾ, ਧੱਕਾ ਦੇਣਾ, ਥੱਪੜ ਮਾਰਨ ਨਾਲ ਸੱਟਾਂ ਦੇਣਾ ਹੈ।
- ਜਿਨਸੀ ਸ਼ੋਸ਼ਣ ਵਿਚ ਕਿਸੇ ਵੱਡੀ ਉਮਰ ਦੇ ਬਾਲਗ ਨਾਲ ਜ਼ਬਰਦਸਤੀ ਜਾਂ ਅਣਚਾਹੇ ਜਿਨਸੀ ਪਰੇਸ਼ਾਨੀ ਤੇ ਸੰਬੰਧ ਦੇਖੇ ਜਾ ਰਹੇ ਹਨ।
- ਭਾਵਨਾਤਮਕ ਜਾਂ ਮਨੋਵਿਗਿਆਨਕ ਦੁਰਵਿਵਹਾਰ ਵਿਚ ਬਿਨਾਂ ਕਾਰਨ ਡਰਾਉਣਾ, ਪਰੇਸ਼ਾਨ ਕਰਨਾ, ਅਪਮਾਨ ਕਰਨਾ, ਧਮਕੀ ਦੇਣ ਦੀਆਂ ਘਟਨਾਵਾਂ ਵੱਧ ਰਹੀਆਂ ਹਨ।
- ਆਮ ਜ਼ਿੰਦਗੀ ਵਿਚ ਜ਼ਰੂਰਤਾਂ ਸੰਬੰਧੀ ਅਣਗਹਿਲੀ, ਭੋਜਨ, ਸਫਾਈ, ਆਸਰਾ, ਕੱਪੜੇ, ਅਤੇ ਜ਼ਰੂਰੀ ਡਾਕਟਰੀ ਦੇਖਭਾਲ ਸ਼ਾਮਲ ਹਨ।




ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
ਪੰਜਾਬ ਮੇਲ USA



- ਪੈਸੇ ਵਜੋਂ ਦੁਰਵਿਵਹਾਰ, ਜਾਇਦਾਦ-ਪੈਸਿਆਂ 'ਤੇ ਕਬਜ਼ਾ, ਕਰਕੇ ਪਰੇਸ਼ਾਨੀ ਵਧਾ ਦੇਣਾ ਹੈ।
- ਇਸ ਸਮੱਸਿਆ ਨੂੰ ਘੱਟ ਕਰਨ ਅਤੇ ਬਚਾਅ ਲਈ ਸਰੀਰਕ, ਮਾਨਸਿਕ ਤੌਰ 'ਤੇ ਸਮਾਜਿਕ ਬਦਲਾਅ ਦੀ ਲੋੜ ਹੈ।
- ਪਰਿਵਾਰਕ ਪਿਆਰ, ਸਕਾਰਾਤਮਕ ਭਾਵਨਾਵਾਂ ਤੇ ਮਜ਼ਬੂਤ ਮਾਨਸਿਕ ਰਿਸ਼ਤੇ ਦੁਆਰਾ ਬਜ਼ੁਰਗਾਂ ਦੀ ਪੂਰੀ ਕੇਅਰ ਹੋਣੀ ਚਾਹੀਦੀ ਹੈ।
- ਐਨਰਜੀ ਲਈ ਸੁਪਰ ਇਮੀਊਨ ਸਿਸਟਮ ਦਾ ਮੌਜੂਦ ਹੋਣਾ ਜ਼ਰੂਰੀ ਹੈ।
- ਵਿਅਸਤ ਜ਼ਿੰਦਗੀ ਵਿਚ ਦਿਮਾਗੀ ਤੌਰ 'ਤੇ ਹਮੇਸ਼ਾ ਐਕਟਿਵ ਰਹਿਣਾ ਚਾਹੀਦਾ ਹੈ।
- ਸੀਨੀਅਰਜ਼ ਨੂੰ ਆਪਣੀ ਸਮਰਥਾ ਮੁਤਾਬਿਕ ਨਿਯਮਿਤ ਐਰੋਬਿਕ ਐਕਸਰਸਾਈਜ਼, ਯੋਗਾ, ਸਾਈਕਲਿੰਗ ਤੇ ਸੈਰ ਕਰਨੀ ਚਾਹੀਦੀ ਹੈ। ਇਸ ਨਾਲ ਭੁੱਲ ਜਾਣ ਦੀ ਬਿਮਾਰੀ ਦੇਰ ਨਾਲ ਆਉਂਦੀ ਹੈ।
- ਵੱਧ ਉਮਰ ਦੇ ਵਿਅਕਤੀ ਨੂੰ ਤੰਦਰੁਸਤੀ ਲਈ ਜੰਕ ਫ਼ੂਡ ਤੋਂ ਦੂਰ ਰੱਖ ਕੇ ਹਮੇਸ਼ਾ ਪੌਸ਼ਟਿਕ ਭੋਜਨ ਦਿਓ। ਰੋਜ਼ਾਨਾ 8-10 ਘੰਟੇ ਦੀ ਨੀਂਦ ਲੈਣ ਦਵੋ। ਨਸ਼ੇ ਦੀ ਆਦਤ ਤੋਂ ਦੂਰ ਰੱਖੋ।
- ਬਜ਼ੁਰਗਾਂ ਨਾਲ ਮਾੜਾ ਵਿਹਾਰ ਨਾ ਕਰਕੇ ਹਮੇਸ਼ਾ ਪਿਆਰ ਤੇ ਇੱਜਤ ਨਾਲ ਪੇਸ਼ ਆਵੋ। ਯਾਦ ਰੱਖੋ ਤੁਸੀਂ ਵੀ ਇੱਕ ਦਿਨ ਇਸ ਦੌਰ ਵਿਚੋਂ ਲੰਘਣਾ ਹੈ।

ਨੋਟ: ਵਿਸ਼ਵ ਭਰ 'ਚ ਪ੍ਰਾਪਰ ਦੇਖਭਾਲ ਲਈ ਸੀਨੀਅਰਜ਼ ਨੂੰ ਸਮੇਂ-ਸਮੇਂ 'ਤੇ ਆਪਣੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਆਪਣਿਆਂ ਦੇ ਲਗਾਤਾਰ ਦੁਰਵਿਵਹਾਰ ਕਾਰਨ ਬਜ਼ੁਰਗ, ਦੋਸਤ-ਮਿੱਤਰਾਂ ਦੀ ਸਲਾਹ ਨਾਲ ਆਪਣੇ ਹੱਕਾਂ ਦਾ ਇਸਤੇਮਾਲ ਕਰਨ 'ਤੇ ਜੋਰ ਦਿੱਤਾ ਜਾ ਰਿਹਾ ਹੈ।

ਪ੍ਰੋ: ਨਿਰਮਲ ਸਿੰਘ ਰੰਧਾਵਾ
'ਗੁਰੂ ਕੀ ਵਡਾਲੀ'
99880-66466



ਪੰਜਾਬ ਮੇਲ USA

## 429ਵੇਂ ਪ੍ਰਕਾਸ਼ ਪੁਰਬ 'ਤੇ ਵਿਸ਼ੇਸ਼

# ਜੰਮਿਆ ਪੂਤੁ ਭਗਤੁ ਗੋਵਿੰਦ ਕਾ... ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ






'ਸ੍ਰੀ ਭੋਰਾ ਸਾਹਿਬ' ਵਿਖੇ ਪ੍ਰਕਾਸ਼ ਅਸਥਾਨ ਪਾ: ਛੇਵੀਂ

429 ਸਾਲ ਪਹਿਲਾਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਗ੍ਰਹਿ ਅਤੇ ਮਾਤਾ ਗੰਗਾ ਜੀ ਦੀ ਪਵਿੱਤਰ ਕੁੱਖ ਤੋਂ ਨਗਰ ਗੁਰੂ ਕੀ ਵਡਾਲੀ, ਜ਼ਿਲ੍ਹਾ ਅੰਮ੍ਰਿਤਸਰ ਵਿਖੇ 19 ਜੂਨ ਸੰਨ 1595 ਈ: (21 ਹਾੜ ਵਦੀ 7 ਸੰਮਤ 1652) ਨੂੰ ਰਾਤ 12 ਵੱਜ ਕੇ 20 ਮਿੰਟ 'ਤੇ ਹੋਇਆ ਸੀ। 'ਨੱਤਾਂ ਦੀ ਵਡਾਲੀ' ਪਿੰਡ ਦੇ ਬਾਹਰਵਾਰ ਤੰਬੂ 'ਚ (ਜਿਥੇ ਬਾਅਦ ਵਿਚ ਛੇਹਰਟਾ ਖੂਹ ਲਗਵਾਇਆ), ਵਿਖੇ ਭਾਈ ਖਾਨ ਤੇ ਭਾਈ ਢੋਲ ਦੀ ਬੇਨਤੀ 'ਤੇ ਅੰਮ੍ਰਿਤਸਰ ਤੋਂ ਆ ਕੇ ਡੇਰਾ ਲਾਕੇ ਨਿਵਾਸ ਕਰ ਰਹੇ ਪੰਚਮ ਪਾਤਸ਼ਾਹ ਜੀ ਨੇ ਜਦੋਂ ਪਿੰਡ ਦੇ ਜ਼ਿੰਮੀਦਾਰ ਭਾਈ ਭਾਗੂ ਜੀ ਕੋਲੋਂ ਉਸ ਦੇ ਵਾੜ੍ਹੇ ਰੂਪੀ ਘਰ 'ਚ ਮਾਤਾ ਗੰਗਾ ਜੀ ਦੀ ਕੁੱਖੋਂ ਬਾਲਕ ਹਰਗੋਬਿੰਦ ਜੀ ਦੇ ਜਨਮ ਲੈਣ ਦੀ ਖੁਸ਼ਖਬਰੀ ਸੁਣੀ, ਤਾਂ ਉਸੇ ਵੇਲੇ ਅਕਾਲ ਪੁਰਖ ਜੀ ਦਾ ਸ਼ੁਕਰਾਨਾ ਕਰਦੇ ਹੋਏ ਚਾਰ ਪਦਾਂ ਵਾਲੇ ਸ਼ਬਦ ਦੀ ਰਚਨਾ ਕੀਤੀ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 396 ਅੰਗ (ਪੰਨਾ-396) 'ਤੇ ਅੰਕਿਤ ਹੈ:---- (ਆਸਾ ਮਹਲਾ 5 ॥ ਸਤਿਗੁਰ ਸਾਚੈ ਦੀਆ ਭੇਜਿ ॥.... ਨਾਨਕੁ ਤੁਠਾ ਕੀਨੀ ਦਾਤਿ ॥ 4 ॥

ਛੇਵੇਂ ਪਾਤਸ਼ਾਹ ਜੀ ਦੇ ਗੁਰੂ ਕੀ ਵਡਾਲੀ ਵਿਖੇ ਪ੍ਰਕਾਸ਼ ਲੈਣ ਦੇ ਇਤਿਹਾਸਕ ਪਿਛੋਕੜ ਨੂੰ ਜਾਨਣ ਦਾ ਇਸ ਲੇਖ ਵਿਚ ਯਤਨ ਕੀਤਾ ਗਿਆ ਹੈ। ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਵਲੋਂ ਆਪਣੇ ਤਿੰਨ ਪੁੱਤਰਾਂ ਵਿਚੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਬਖਸ਼ਣ ਕਰਕੇ ਵੱਡਾ ਪੁੱਤਰ ਪ੍ਰਿਥੀਚੰਦ ਅਤੇ ਉਸਦੀ ਪਤਨੀ ਬੀਬੀ ਕਰਮੋਂ ਪੰਚਮ ਪਾਤਸ਼ਾਹ ਨਾਲ ਬਹੁਤ ਜ਼ਿਆਦਾ ਹੀ ਈਰਖਾ ਕਰਨ ਲੱਗ ਪਏ ਸਨ। ਇਕ ਦਿਨ ਬੀਬੀ ਕਰਮੋ ਅਤੇ ਪ੍ਰਿਥੀ ਚੰਦ ਨੇ ਮਾਤਾ ਗੰਗਾ ਜੀ (ਪੰਚਮ ਪਾਤਸ਼ਾਹ ਜੀ ਦੇ ਮਹਿਲ) ਨੂੰ ਜਹਾਨ ਤੋਂ ਬੇ-ਔਲਾਦ ਅਤੇ ਔਂਤਰੀ ਜਾਣ ਦੇ ਬੋਲ ਕਬੋਲ ਬੋਲੇ, ਤਾਂ ਮਾਤਾ ਗੰਗਾ ਜੀ ਨੇ ਪੰਚਮ ਪਾਤਸ਼ਾਹ ਜੀ ਨੂੰ ਆਪਣੇ ਘਰ ਔਲਾਦ ਬਖਸ਼ਣ ਲਈ ਬੇਨਤੀ ਕੀਤੀ। ਨਿਮਰਤਾ ਦੇ ਪੁੰਜ ਪੰਚਮ ਗੁਰੂ ਜੀ ਨੇ ਮਾਤਾ ਗੰਗਾ ਜੀ ਨੂੰ ਅੰਮ੍ਰਿਤਸਰ ਤੋਂ 19-20 ਕਿਲੋਮੀਟਰ ਦੀ ਦੂਰੀ 'ਤੇ ਪਹਿਲੇ, ਦੂਸਰੇ, ਤੀਸਰੇ, ਚੌਥੇ ਅਤੇ ਆਪਣੇ ਨਾਲ ਗੁਰੂ ਘਰ ਦੀਆਂ ਸੇਵਾਵਾਂ ਵਿਚ ਸਦਾ ਤੱਤਪਰ ਰਹਿਣ ਵਾਲੇ ਬ੍ਰਹਮਗਿਆਨੀ ਬਾਬਾ ਬੁੱਢਾ ਸਾਹਿਬ ਜੀ ਕੋਲ ਝਬਾਲ ਨੇੜ੍ਹੇ 'ਬੀੜ' ਵਿਖੇ ਅਸ਼ੀਰਵਾਦ ਲੈਣ ਲਈ ਬਚਨ ਕੀਤਾ। ਮਾਤਾ ਗੰਗਾ ਜੀ ਨੇ ਨਿਮਰਤਾ ਨਾਲ ਜਾਣ ਦੀ ਬਜਾਏ ਰੱਥ 'ਤੇ ਚੜ੍ਹਕੇ ਪੂਰੀ ਸ਼ਾਨ ਨਾਲ ਕਈ ਪ੍ਰਕਾਰ ਦੇ ਪਦਾਰਥ ਤੇ ਸੇਵਕਾਂ ਆਦਿ ਨੂੰ ਨਾਲ ਲੈ ਕੇ ਜੰਗਲ-ਨੁਮਾ 'ਬੀੜ' ਵਿਚ ਬਾਬਾ ਬੁੱਢਾ ਸਾਹਿਬ ਕੋਲ ਪਹੁੰਚਣਾ ਕੀਤਾ ਪਰ ਮਾਤਾ ਜੀ ਨੂੰ ਬਾਬਾ ਜੀ ਦੇ 'ਗੁਰੂ ਕਿਆਂ ਨੂੰ ਕਿੱਥੋਂ ਭਾਜੜਾਂ ਪੈ ਗਈਆਂ' ਵਾਲੇ ਬਚਨਾਂ ਬਾਰੇ ਪਤਾ ਲੱਗਣ ਕਰਕੇ ਮਾਤਾ ਜੀ ਨੇ ਝਕਦੇ ਹੋਏ ਬਾਬਾ ਬੁੱਢਾ ਜੀ ਨੂੰ ਪੁੱਤਰ ਦੀ ਦਾਤ ਹਿੱਤ ਅਸ਼ੀਰਵਾਦ ਦੀ ਬੇਨਤੀ ਕੀਤੀ, ਤਾਂ ਬਾਬਾ ਜੀ ਨੇ ਮਾਤਾ ਜੀ ਨੂੰ ਕਿਹਾ ਕਿ ਮੈਂ ਤਾਂ ਗੁਰੂ ਘਰ ਦਾ ਨਿਮਾਣਾ ਜਿਹਾ ਸੇਵਕ ਹਾਂ, ਔਲਾਦ ਦੀ ਦਾਤ ਤਾਂ ਗੁਰੂ ਜੀ ਹੀ ਬਖਸ਼ ਸਕਦੇ ਹਨ।

ਮਾਤਾ ਜੀ ਨੇ ਵਾਪਸ ਸ੍ਰੀ ਅੰਮ੍ਰਿਤਸਰ ਆ ਕੇ ਸਾਰੀ ਵਾਰਤਾ ਪੰਚਮ ਪਾਤਸ਼ਾਹ ਜੀ ਨੂੰ ਦੱਸੀ ਤਾਂ ਦਿਆਲੂ ਗੁਰੂ ਜੀ ਨੇ ਆਪਣੇ ਮਹਿਲ ਮਾਤਾ ਗੰਗਾ ਜੀ ਨੂੰ ਜੁਗਤ ਸਮਝਾਈ ਕਿ ਆਪਣੇ ਹੱਥੀਂ ਮਿੱਸੇ ਪ੍ਰਸ਼ਾਦੇ, ਗੰਢੇ, ਲੱਸੀ ਆਦਿ ਲੰਗਰ ਲੈ ਕੇ ਨੰਗੇ ਪੈਰੀਂ ਸੀਮਤ ਸੇਵਾਦਾਰਾਂ ਨਾਲ ਨਿਮਰ ਹੋ ਕੇ ਬਾਬਾ ਜੀ ਕੋਲ ਜਾਵੋ, ਅਕਾਲ ਪੁਰਖ ਜ਼ਰੂਰ ਮਿਹਰ ਕਰੇਗਾ। ਗੁਰੂ ਜੀ ਦੇ ਬਚਨ ਮੰਨਦੇ ਹੋਏ ਦੂਸਰੇ ਦਿਨ ਮਾਤਾ ਗੰਗਾ ਜੀ ਕੁਝ ਸੇਵਾਦਾਰਾਂ ਨੂੰ ਨਾਲ ਲੈ ਕੇ ਨੰਗੇ ਪੈਰੀਂ ਗੁਰਬਾਣੀ ਪੜ੍ਹਦੇ ਹੋਏ ਸ਼ੀਸ਼ ਉਤੇ ਮਿੱਸੇ ਪ੍ਰਸ਼ਾਦੇ, ਲੱਸੀ ਅਤੇ ਗੰਢੇ ਆਦਿ ਰੱਖਕੇ ਬਾਬਾ ਬੁੱਢਾ ਜੀ ਕੋਲ ਪੁੱਤਰ ਦੀ ਦਾਤ ਦਾ ਅਸ਼ੀਰਵਾਦ ਲੈਣ ਲਈ 'ਬਾਬੇ ਦੀ ਬੀੜ੍ਹ' ਪਹੁੰਚੇ। ਅੱਜ ਬਾਬਾ ਜੀ ਨੇ ਮਾਤਾ ਜੀ ਵਲੋਂ ਆਪਣੇ ਹੱਥੀਂ ਪਕਾਏ ਮਿੱਸੇ ਪ੍ਰਸ਼ਾਦੇ ਛੱਕਦੇ ਹੋਏ ਇਕ ਗੰਢੇ 'ਤੇ ਮੁੱਕਾ ਮਾਰਦੇ ਹੋਏ ਸ਼ੁੱਭ ਬਚਨ ਕੀਤਾ ਕਿ ਆਪ ਜੀ ਦੇ ਗ੍ਰਹਿ ਬਹੁਤ ਬਲਵਾਨ ਤੇ ਜੋਧਾ ਪੁੱਤਰ ਪ੍ਰਗਟ ਹੋਵੇਗਾ: ("ਤੁਮਰੇ ਗ੍ਰਹਿ ਪ੍ਰਗਟੇਗਾ ਜੋਧਾ। ਜਾਂਕੋ ਬਲ ਗੁਨ ਕਿਨੂੰ ਨ ਸੋਧਾ। ਰੂਪੇ ਛੱਕੇ ਸੁ ਜੈਸ ਮਰੋਰੇ। ਤੁਰਕ ਸੀਸ ਤੈਸੇ ਬਹੁ ਤੋਰੇ"--ਗੁਰ ਬਿਲਾਸ ਪਾ: ਛੇਵੀਂ)। ਇਸ ਤਰ੍ਹਾਂ ਪੰਚਮ ਪਾਤਸ਼ਾਹ ਜੀ ਦੀ ਆਪਣੀ ਵਰਤਾਈ ਲੀਲਾ ਅਨੁਸਾਰ ਮਾਤਾ ਗੰਗਾ ਜੀ ਨੂੰ ਬਾਬਾ ਬੁੱਢਾ ਸਾਹਿਬ ਜੀ ਕੋਲੋਂ ਮਿਲੇ ਵਰ ਸਦਕਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ (ਨੱਤਾਂ ਦੀ ਵਡਾਲੀ) ਵਿਖੇ ਹੋਇਆ ਸੀ, ਜਿਸ ਪਿੰਡ ਦਾ ਨਵਾਂ ਨਾਮ ਬਾਬਾ ਬੁੱਢਾ ਸਾਹਿਬ ਜੀ ਨੇ ਮੋਹੜਾ ਗੱਡਕੇ 'ਗੁਰੂ ਕੀ ਵਡਾਲੀ' ਰੱਖਿਆ ਸੀ।

ਛੇਂਵੇ ਪਾਤਸ਼ਾਹ ਜੀ ਦੇ ਪ੍ਰਕਾਸ਼ ਲੈਣ ਦੀ ਖ਼ੁਸ਼ੀ ਵਿਚ 5ਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਿੰਡ ਦੀ ਜੂਹ ਵਿਚ ਬਾਬਾ ਬੁੱਢਾ ਜੀ ਦੀ ਅੰਸ਼ ਬਾਬਾ ਸਹਾਰੀ ਰੰਧਾਵਾ' ਦੀ ਦੇਖ-ਰੇਖ ਵਿਚ ਪੰਜ ਖੂਹ (ਦੋ ਹਰਟਾ, ਤਿੰਨ ਹਰਟਾ, ਚਾਰ ਹਰਟਾ, ਪੰਜ ਹਰਟਾ ਅਤੇ ਛੇ ਹਰਟਾ) ਲਗਵਾਏ। ਲਗਭਗ 3 ਸਾਲ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਪਰਿਵਾਰ ਸਮੇਤ ਗੁਰੂ ਕੀ ਵਡਾਲੀ ਵਿਚ ਨਿਵਾਸ ਕੀਤਾ: ("ਵਡਾਲੀ ਮਹਿ ਸਤਿਗੁਰ ਰਹੇ ਤੀਨ ਬਰਸ ਸੁਖ ਪਾਈ। ਸੁਧਾ ਸਰੋਵਰ ਪੁਨ ਅਏ ਬਾਜੇ ਅਨਿਕ ਬਜਾਈ"-ਗੁਰ ਬਿਲਾਸ ਪਾ: ਛੇਵੀਂ)। ਤਿੰਨ ਸਾਲ ਦੀ ਅਵਸਥਾ ਤੱਕ ਬਾਲਕ ਹਰਿਗੋਬਿੰਦ ਜੀ ਨੇ ਗੁਰੂ ਕੀ ਵਡਾਲੀ ਵਿਖੇ ਕਈ ਕੌਤਕ ਕੀਤੇ, ਜਿਨ੍ਹਾਂ ਵਿਚ ਲੋਭੀ ਸਪੇਰੇ ਅਤੇ ਸੋਭੀ ਦਾਈ ਦੇ ਉਧਾਰ ਕਰਨ ਦੇ ਕੌਤਕ ਪ੍ਰਮੁੱਖ ਹਨ। ਤਿੰਨ ਸਾਲ ਬਾਅਦ ਪੰਚਮ ਪਾਤਸ਼ਾਹ ਜੀ ਬਾਬਾ ਸਹਾਰੀ ਰੰਧਾਵਾ ਨੂੰ 'ਗੁਰੂ ਕਾ ਹਾਲੀ' ਦਾ ਵਰ ਦੇ ਕੇ ਅਤੇ ਪੰਜਾਂ ਖੂਹਾਂ ਦੀ ਜ਼ਮੀਨ ਦਾ ਮਾਲਕ ਬਣਾ ਕੇ ਸ੍ਰੀ ਅੰਮ੍ਰਿਤਸਰ ਗੁਰੂ ਕੇ ਮਹਿਲ ਚਲੇ ਗਏ ਸਨ ।




ਗੁ: ਜਨਮ ਅਸਥਾਨ ਪਾ: ਛੇਵੀਂ ਗੁਰੂ ਕੀ ਵਡਾਲੀ

# ਸੂਰਜ ਦਾ ਰੱਥ

-ਸਰਵਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA






ਧਰਤੀ ਦਾ ਸੂਰਜ ਦੁਆਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿਚ ਦੋ ਦਿਨ ਅਜਿਹੇ ਆਉਂਦੇ ਹਨ, ਜਦੋਂ ਧਰਤੀ 'ਤੇ ਦਿਨ-ਰਾਤ ਬਰਾਬਰ ਹੁੰਦੇ ਹਨ। ਸਾਲ ਵਿਚ ਦੋ ਦਿਨ ਅਜਿਹੇ ਵੀ ਆਉਂਦੇ ਹਨ, ਜਦੋਂ ਉੱਤਰੀ ਅਰਧ ਗੋਲੇ ਵਿਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਤੋਂ ਵੱਡੀ ਅਤੇ ਦਿਨ ਛੋਟੇ ਤੋਂ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉੱਤਰੀ ਅਰਧ ਗੋਲੇ ਵਿਚ ਦਿਨ ਛੋਟੇ ਤੋਂ ਛੋਟਾ ਅਤੇ ਰਾਤ ਵੱਡੀ ਤੋਂ ਵੱਡੀ ਹੁੰਦੀ ਹੈ, ਉਸ ਵੇਲੇ ਦੱਖਣੀ ਅਰਧ ਗੋਲੇ ਵਿਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਸੂਰਜ ਪੂਰਬ ਤੋਂ ਚੜ੍ਹਦਾ ਹੈ ਅਤੇ ਪੱਛਮ ਵਿਚ ਛਿਪ ਜਾਂਦਾ ਹੈ। ਪਰ ਅਜਿਹਾ ਸਾਲ ਵਿਚ ਕੁਝ ਦਿਨ ਹੀ ਹੁੰਦਾ ਹੈ, ਜਦੋਂ ਸੂਰਜ ਪੂਰਬ ਭਾਵ 90 ਡਿਗਰੀ ਤੋਂ ਚੜ੍ਹਦਾ ਹੈ। ਉਸ ਤੋਂ ਅਗਲੇ ਦਿਨ ਇਹ 89 ਡਿਗਰੀ ਜਾਂ 91 ਡਿਗਰੀ ਤੋਂ ਉਦੇ ਹੁੰਦਾ ਹੈ। ਅੰਮ੍ਰਿਤਸਰ ਵਿਖੇ ਸੂਰਜ 21-22 ਜੂਨ ਨੂੰ ਲਗਭਗ 62 ਡਿਗਰੀ ਅਤੇ 21-22 ਦਸੰਬਰ ਨੂੰ 117 ਡਿਗਰੀ 'ਤੇ ਚੜ੍ਹਦਾ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ।

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ : 1108)

ਕਦੇ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜ੍ਹੀ ਹੈ। ਸੂਰਜ ਧਰਤੀ ਦੀ ਪ੍ਰਕਰਮਾ ਕਰਦਾ ਹੈ। ਕੋਪਰਨੀਕਸ (1473-1534) ਅਤੇ ਕੈਪਲਰ (1571-1630) ਨੇ ਗਣਿਤ ਰਾਹੀਂ ਇਹ ਸਾਬਿਤ ਕੀਤਾ ਕਿ ਧਰਤੀ ਘੁੰਮ ਰਹੀ ਹੈ। ਗੈਲੀਲੀਓ (1564-1642) ਨੇ ਪ੍ਰਯੋਗ ਰਾਹੀਂ ਸਾਬਿਤ ਕੀਤਾ ਸੀ ਕਿ ਗ੍ਰਹਿ ਚਾਲ ਦਾ ਕੇਂਦਰ ਧਰਤੀ ਨਹੀਂ, ਸਗੋਂ ਸੂਰਜ ਹੈ। ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ, ਇਕ ਖਾਸ ਰਫਤਾਰ ਅਤੇ ਇਕ ਖਾਸ ਦੂਰੀ 'ਤੇ ਰਹਿ ਕੇ ਚੱਕਰ ਲਾਉਂਦੇ ਹਨ। ਉਸ ਵੇਲੇ ਦੇ ਧਾਰਮਿਕ ਆਗੂਆਂ ਨੇ ਗੈਲੀਲੀਓ ਨਾਲ ਕਿਵੇਂ ਸਿੱਝਿਆ, ਉਹ ਇਤਿਹਾਸ ਦਾ ਅੰਗ ਬਣ ਚੁੱਕਾ ਹੈ। ਅਖੀਰ ਜਦੋਂ ਉਨ੍ਹਾਂ ਦੇ ਧਾਰਮਿਕ ਆਗੂਆਂ ਨੂੰ, ਕਰਤੇ ਦੇ ਨਿਯਮ ਦੀ ਸਮਝ ਆਈ, ਤਾਂ ਉਨ੍ਹਾਂ ਨੂੰ ਆਪਣੇ ਪੂਰਵਜਾਂ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਹੋਇਆ ਕਿ ਗੈਲੀਲੀਓ ਨਾਲ ਜ਼ਿਆਦਤੀ ਹੋਈ ਸੀ। ਉਨ੍ਹਾਂ ਨੇ ਸਾਢੇ ਤਿੰਨ ਸਦੀਆਂ ਪਿੱਛੋਂ, 31 ਅਕਤੂਬਰ 1992 ਈ: ਵਿਚ ਪਿਛਲਾ ਫੈਸਲਾ ਖ਼ਾਰਜ ਕਰ ਦਿੱਤਾ। ਪੋਪ ਜੌਹਨਪਾਲ (ਦੂਜਾ) ਨੇ ਗੈਲੀਲੀਓ ਤੋਂ ਮਾਫ਼ੀ ਮੰਗਦਿਆਂ ਕਿਹਾ ਕਿ "ਤੁਸੀਂ ਸਹੀ ਸੀ, ਅਸੀਂ ਸਾਰੇ ਹੀ ਗਲਤ ਸੀ"।

ਅੱਜ ਇਹ ਘੋੜੇ ਚੜ੍ਹੀ ਸੱਚਾਈ ਹੈ ਕਿ ਧਰਤੀ ਗੋਲ ਹੈ। ਧਰਤੀ ਆਪਣੇ ਧੁਰੇ ਦੁਆਲੇ ਲਗਭਗ 1040 ਮੀਲ ਪ੍ਰਤੀ ਘੰਟਾ (ਭੂ ਮੱਧ ਰੇਖਾਂ ਉੱਪਰ) ਦੀ ਰਫਤਾਰ ਨਾਲ ਘੁੰਮਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਅਤੇ ਰਾਤ ਬਣਦੇ ਹਨ। ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ, ਉਥੇ ਸੂਰਜ ਦੀ ਰੌਸ਼ਨੀ ਪੈਣ ਕਾਰਨ ਦਿਨ ਹੁੰਦਾ ਅਤੇ ਦੂਜੇ ਪਾਸੇ ਹਨੇਰਾ ਹੋਣ ਕਾਰਨ ਰਾਤ ਪੈ ਜਾਂਦੀ ਹੈ। ਧਰਤੀ ਸੂਰਜ ਤੋਂ ਲਗਭਗ 92962000 ਮੀਲ ਦੂਰ ਰਹਿ ਕੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਧਰਤੀ ਦਾ ਇਹ ਚੱਕਰ, ਜਿਸ ਨੂੰ ਸਾਲ ਕਿਹਾ ਜਾਂਦਾ ਹੈ, 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (**Tropical year**) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ, ਸਾਲ ਦੀ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ। ਧਰਤੀ ਦੇ ਧੁਰੇ ਦਾ ਲਗਭਗ 23.5 ਡਿਗਰੀ ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ, ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ 'ਤੇ ਸੂਰਜ ਦੀ ਰੌਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਵੱਖ-ਵੱਖ ਰੁੱਤਾਂ ਬਦਲਦੀਆਂ ਹਨ।

ਜੂਨ ਦੇ ਮਹੀਨੇ ਉੱਤਰੀ ਅਰਧ ਗੋਲੇ ਵਿਚ ਗਰਮੀ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਸਵੇਰ ਵੇਲੇ ਸੂਰਜ, ਪਹਿਲੇ ਦਿਨ ਨਾਲੋਂ ਕੁਝ ਸਮਾਂ ਪਹਿਲਾ ਚੜ੍ਹਦਾ ਹੈ ਅਤੇ ਕੁਝ ਸਮਾਂ ਪਿੱਛੋਂ ਛਿਪਦਾ ਹੈ। ਜੇ ਆਪਾਂ ਸੂਰਜ ਨੂੰ ਚੜ੍ਹਨ ਵੇਲੇ ਵੇਖੀਏ, ਤਾਂ ਹਰ ਰੋਜ਼ ਸੂਰਜ ਥੋੜ੍ਹਾ-ਥੋੜ੍ਹਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿਚ ਇਸ ਨੂੰ ਉਤਰਾਇਣ ਕਹਿੰਦੇ ਹਨ। ਇਕ ਸਮਾਂ ਅਜਿਹਾ ਆਉਂਦਾ ਹੈ, ਜਦੋਂ ਸੂਰਜ ਦਾ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿੱਛੇ ਮੁੜ ਪੈਂਦਾ ਹੈ, ਭਾਵ ਦੱਖਣ ਵੱਲ ਨੂੰ ਮੁੜ ਪੈਂਦਾ ਹੈ, ਦਿਨ ਦੀ ਲੰਬਾਈ ਹੌਲੀ-ਹੌਲੀ ਘਟਣੀ ਆਰੰਭ ਹੋ ਜਾਂਦੀ ਹੈ। ਜਿਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ ਇਹ ਘਟਨਾ 20 ਜੂਨ, ਦਿਨ ਵੀਰਵਾਰ ਨੂੰ ਲਗਭਗ 20:52 (**UT**) ਮੁਤਾਬਕ ਭਾਰਤ ਵਿਚ 21 ਜੂਨ ਸ਼ੁੱਕਰਵਾਰ ਸਵੇਰੇ 02:22 (**IST**) 'ਤੇ ਵਾਪਰੇਗੀ। ਇਸ ਸਮੇਂ ਸੂਰਜ ਅੱਗੇ ਜਾਣ ਦੀ ਬਿਜਾਏ ਪਿੱਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 22 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। ਸੂਰਜ ਦੇ ਦਖਰਾਇਣ ਤੋਂ ਉਤਰਾਇਣ ਅਤੇ ਉਤਰਾਇਣ ਤੋਂ ਦਖਰਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਸਾਲ ਦੀ ਲੰਬਾਈ ਹੈ। ਜਿਸ ਮੁਤਾਬਕ ਇਸ ਧਰਤੀ 'ਤੇ ਰੁੱਤਾਂ ਬਣਦੀਆਂ ਅਤੇ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (**Tropical year**) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਪਾਵਨ ਪੰਗਤੀ, "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ : 1108) ਇਸ ਪੰਗਤੀ ਵਿਚ ਸੂਰਜ ਦੇ ਰੱਥ ਫਿਰਨ ਦਾ ਸੰਕੇਤ ਹੈ। ਇਸ ਪਾਵਨ ਪੰਗਤੀ (ਬਾਰਹਮਾਹ, ਤੁਖਾਰੀ) ਦੇ ਅਰਥ ਫਰੀਦਕੋਟੀ ਟੀਕੇ ਮੁਤਾਬਕ, "ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੌ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ"।

ਉਪਰੋਕਤ ਪਾਵਨ ਪੰਗਤੀ ਦਾ ਭਾਵ ਹੈ ਕਿ ਜਦੋਂ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਗਿਆ ਹੁੰਦਾ ਹੈ, ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ 'ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਆਰੰਭ ਹੋ ਜਾਂਦਾ ਹੈ, ਇਸ ਨੂੰ ਸੂਰਜ ਦਾ ਰੱਥ ਫਿਰਨਾ ਕਹਿੰਦੇ ਹਨ। ਉੱਤਰੀ ਭਾਰਤ ਵਿਚ ਇਸ ਦਿਨ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਛਾਪੇ ਜਾਂਦੇ ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਮੁਤਾਬਕ ਵਰਤਮਾਨ ਸਮੇਂ, ਸੂਰਜ ਦਾ ਰੱਥ 7-8 ਹਾੜ ਨੂੰ ਫਿਰਦਾ ਹੈ। ਜੇ ਅਸੀਂ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਦੀ ਗੱਲ ਕਰੀਏ, ਤਾਂ 1526 ਬਿ: (1469 ਈ:) 16 ਹਾੜ ਨੂੰ ਸੂਰਜ ਦਾ ਰੱਥ ਫਿਰਿਆ ਸੀ। ਜੇ ਥੋੜ੍ਹਾ ਹੋਰ ਪਿੱਛੇ ਚਲੇ ਜਾਈਏ, ਤਾਂ 532 ਈ: ਵਿਚ ਸੂਰਜ ਦਾ ਰੱਥ 1 ਸਾਵਣ ਨੂੰ ਫਿਰਿਆ ਸੀ। ਇਸ ਦੇ ਖਿਸਕਣ ਦਾ ਕਾਰਨ ਇਹ ਹੈ ਕਿ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਦਾ, ਸਾਲ ਦੀ ਅਸਲ ਲੰਬਾਈ ਤੋਂ ਵੱਧ ਹੋਣਾ। ਜੇ ਅਸੀਂ ਆਪਣੇ ਕੈਲੰਡਰ ਦੇ ਸਾਲ ਦੀ ਲੰਬਾਈ ਵਿਚ ਸੋਧ ਨਾ ਕੀਤੀ, ਤਾਂ 3000 ਈ: ਵਿਚ ਸੂਰਜ ਦਾ ਰੱਥ 22 ਜੇਠ (20 ਜੂਨ) ਨੂੰ ਫਿਰੇਗਾ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਹਾੜ ਦੇ ਮਹੀਨੇ ਵਿਚ ਪੜ੍ਹੀ ਜਾਵੇਗੀ, ਪਰ ਸੂਰਜ ਦਾ ਰੱਥ ਜੇਠ ਵਿਚ ਫਿਰ ਚੁੱਕਿਆ ਹੋਵੇਗਾ। ਇਸ ਸਮੱਸਿਆ ਦਾ ਹੱਲ ਹੈ ਮੂਲ ਨਾਨਕਸ਼ਾਹੀ ਕੈਲੰਡਰ।

# ਆਖ਼ਿਰ ਪੰਜਾਬ ਦੇ ਮੱਥੇ ਤੋਂ ਕਦੋਂ ਲਹੇਗਾ ਨਸ਼ੇ ਰੂਪੀ ਕਲੰਕ ਦਾ ਟਿੱਕਾ

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA





ਪਿਛਲੇ ਲੰਬੇ ਸਮੇਂ ਤੋਂ ਪੰਜਾਬ ਦੀ ਧਰਤੀ 'ਤੇ ਨਸ਼ੇ ਨੇ ਆਪਣੀਆਂ ਫੇਟਾਂ ਦੇ ਨਾਲ ਪੰਜਾਬੀ ਨੌਜਵਾਨਾਂ ਨੂੰ ਸਾਹਹੀਨ ਕਰ ਦਿੱਤਾ ਹੈ। ਇਹ ਗੱਲ ਵੀ ਠੀਕ ਹੈ ਕਿ ਕਈ ਵਾਰ ਓਨਾ ਨਸ਼ਾ ਪੰਜਾਬ ਦੀ ਧਰਤੀ 'ਤੇ ਨਹੀਂ ਆਇਆ, ਜਿੰਨਾ ਕਹਿ ਕੇ ਇਸਨੂੰ ਬਦਨਾਮ ਕਰਨ ਦਾ ਯਤਨ ਕੀਤਾ ਗਿਆ ਪਰ ਫਿਰ ਵੀ ਕੁਝ ਵੀ ਹੋਵੇ, ਹਾਲਾਤ ਬਹੁਤ ਮਾੜੇ ਹਨ। ਇਹ ਗੱਲ ਠੀਕ ਹੈ ਕਿ ਵਿਰੋਧੀ ਧਿਰਾਂ ਅਤੇ ਕਈ ਵਾਰ ਏਜੰਸੀਆਂ ਪੰਜਾਬ ਨੂੰ ਬਰਬਾਦ ਕਰਨ ਦੇ ਲਈ ਗਿਣਤੀ ਵਧਾ-ਚੜ੍ਹਾ ਕੇ ਪੇਸ਼ ਕਰ ਦਿੰਦੀਆਂ ਹਨ ਪਰ ਕੁਝ ਵੀ ਹੋਵੇ ਪੰਜਾਬ ਦੀ ਜਵਾਨੀ ਦਾ ਨਸ਼ੇ ਦੇ ਨਾਲ ਨੁਕਸਾਨ ਬੇਹੱਦ ਹੋ ਰਿਹਾ ਹੈ, ਜਿਸ ਨੂੰ ਰੋਕਣ ਦੀ ਤੁਰੰਤ ਲੋੜ ਹੈ। ਇਹ ਵੀ ਠੀਕ ਹੈ ਕਿ ਪਿਛਲੇ ਸਮੇਂ ਤੋਂ ਗਿਰਾਵਟ ਵੀ ਜ਼ਰੂਰ ਆਈ ਹੈ ਪਰ ਅਸਲ ਕਹਾਣੀ ਅਜੇ ਮੁੱਕੀ ਨਹੀਂ ਹੈ। ਪੰਜਾਂ ਪਾਣੀਆਂ ਦੀ ਧਰਤੀ ਪੰਜਾਬ ਜਿਥੇ ਪਿਛਲੇ ਲੰਬੇ ਸਮੇਂ ਤੋਂ ਨਿਰੰਤਰ ਵਗ ਰਹੇ ਨਸ਼ੇ ਦੇ ਛੇਵੇਂ ਦਰਿਆ ਨੇ ਜਿੱਥੇ ਕਿੰਨੇ ਹੀ ਮਾਪਿਆਂ ਤੋਂ ਉਨ੍ਹਾਂ ਦੇ ਪੁੱਤ ਅਤੇ ਭੈਣਾਂ ਤੋਂ ਭਰਾ ਖੋਹ ਲਏ।

ਮਾਵਾਂ ਦੀਆਂ ਕੁੱਖਾਂ ਨੂੰ ਖਾਲੀ ਕਰਦਿਆਂ ਪੰਜਾਬ ਦੇ ਅਨੇਕਾਂ ਪਿੰਡਾਂ 'ਚ ਵਗੇ ਇਸ ਵਹਿਣ ਨੇ ਕਿੰਨੀਆਂ ਹੀ ਸੁਹਾਗਣਾਂ ਦੇ ਸੁਹਾਗ ਉਜਾੜ ਦਿੱਤੇ। ਕਿੰਨੇ ਹੀ ਬੁਰਛਿਆਂ ਵਰਗੇ ਮਾਵਾਂ ਦੇ ਬਲੀ ਪੁੱਤ ਇਸ ਨਰਸੰਘਾਰ ਦੀ ਭੇਟ ਚੜ੍ਹ ਕੇ ਸੰਸਾਰ ਤੋਂ ਸਦਾ ਲਈ ਕੂਚ ਕਰ ਗਏ ਅਤੇ ਪਿੱਛੇ ਰਹਿ ਗਈਆਂ, ਉਨ੍ਹਾਂ ਨੂੰ ਉਡੀਕਦੀਆਂ ਮਾਪਿਆਂ ਦੀਆਂ ਅੱਥਰੂ ਕੇਰ ਰਹੀਆਂ ਬਜ਼ੁਰਗ ਅੱਖਾਂ ਜਿਨ੍ਹਾਂ ਨੂੰ ਅੱਜ ਵੀ ਉਡੀਕ ਹੈ ਆਪਣੇ ਪਿਆਰਿਆਂ ਦੀ ਕਿ ਸ਼ਾਇਦ ਉਹ ਇੱਕ ਨਾ ਇੱਕ ਦਿਨ ਮੁੜ ਆਵਣਗੇ ਪਰ ਨਹੀਂ। ਬੜੇ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਸਰਕਾਰਾਂ ਬਦਲਣ ਦੇ ਬਾਵਜੂਦ ਵੀ ਜਾਰੀ ਰਹੇ ਨਸ਼ੇ ਦੇ ਇਸ ਜ਼ਹਿਰੀਲੇ ਵਹਾਅ ਦੇ ਚੱਲਦਿਆਂ ਪ੍ਰਸ਼ਾਸਨ ਤੋਂ ਆਸ ਛੱਡੀ ਬੈਠੇ ਪਿੰਡਾਂ ਦੇ ਲੋਕ ਕਿਸੇ ਕੁਦਰਤੀ ਕ੍ਰਿਸ਼ਮੇ 'ਤੇ ਟਿਕ-ਟਿਕੀ ਲਾਈ ਬੈਠੇ ਨਜ਼ਰੀਂ ਪੈਂਦੇ ਹਨ, ਜੋ ਨਸ਼ੇ ਦੀ ਇਸ ਭੈੜੀ ਅਲਾਮਤ ਨੂੰ ਉਨ੍ਹਾਂ ਦੇ ਪਿੰਡੋਂ ਜੜ੍ਹੋਂ ਖ਼ਤਮ ਕਰ ਦੇਵੇਂ ਪਰ ਹਾਲੇ ਤਾਂ ਦੂਰ-ਦੂਰ ਤੱਕ ਕਿਧਰੇ ਅਜਿਹਾ ਹੁੰਦਾ ਨਹੀਂ ਦਿਖਾਈ ਰਿਹਾ। ਨਸ਼ਾ ਤਸਕਰੀ 'ਚ ਮਸ਼ਹੂਰ ਹੋਏ ਸੂਬੇ ਦੇ ਅਨੇਕਾਂ ਹੀ ਪਿੰਡ, ਪੈਂਦੇ ਵਿਧਾਨ ਸਭਾ ਹਲਕੇ ਜੋ ਆਪਣੇ ਮੱਥੇ 'ਤੇ ਲੱਗੇ ਨਸ਼ੇ ਦੇ ਭੈੜੇ ਕਲੰਕ ਨੂੰ ਧੋਣ ਵਾਸਤੇ ਬੇਬਸ ਤੇ ਖ਼ੂਨੀ ਅੱਥਰੂ ਕੇਰ ਰਹੀਆਂ ਅੱਖਾਂ ਨਾਲ ਨਸ਼ੇ ਦੇ ਵਹਿਣ 'ਚੋਂ ਉੱਠੀ ਸੰਘਣੀ ਧੁੰਦ 'ਚ ਕੋਹਾਂ ਦੂਰ ਤੱਕਦੇ ਹੋਏ ਰੋਸ਼ਨੀ ਭਰਿਆ ਦੀਵਾ ਲੱਭ ਰਿਹਾ ਹੈ। ਪੰਜਾਬ ਦੇ ਲੋਕੀਂ ਜਿਨ੍ਹਾਂ ਨੇ ਹਮੇਸ਼ਾਂ ਹੀ ਨਸ਼ਾ ਤਸਕਰਾਂ ਨੂੰ ਫੜਾਉਣ ਵਾਸਤੇ ਪੁਲਿਸ ਪ੍ਰਸ਼ਾਸਨ ਦੀ ਮਦਦ ਕਰਦਿਆਂ ਪੋਹ ਮਾਘ ਦੀਆਂ ਠੰਢੀਆਂ ਰਾਤਾਂ ਤੇ ਜੇਠ ਹਾੜ੍ਹ ਦੀ ਕੜਕਦੀ ਧੁੱਪ ਦੀ ਰਤਾ ਪ੍ਰਵਾਹ ਕਰੇ ਬਿਨਾਂ ਪਹਿਰਾ ਦੇ ਰਹੇ ਮੁਲਾਜ਼ਮਾਂ ਦੇ ਮੋਢੇ ਨਾਲ ਮੋਢਾ ਜੋੜ ਡੱਟ ਕੇ ਸਾਥ ਦਿੱਤਾ ਪਰ ਉਸਦੇ ਬਾਵਜੂਦ ਵੀ ਜ਼ਿਆਦਾਤਰ ਹੌਸਲੇ ਭਰੇ ਨਤੀਜੇ ਨਾ ਆ ਸਕੇ। ਹੁਣ ਤਾਂ ਉਨ੍ਹਾਂ ਨੇ ਵੀ ਹੌਸਲਾ ਛੱਡਦਿਆਂ ਪ੍ਰਵਾਨ ਕਰ ਲਿਆ ਹੈ ਕਿ ਨਸ਼ੇ ਦੇ ਇਸ ਕਾਰੋਬਾਰ ਨੂੰ ਠੱਲ੍ਹ ਪਾਉਣਾ ਮੁਸ਼ਕਿਲ ਹੀ ਨਹੀਂ, ਬਲਕਿ ਨਾਮੁਮਕਿਨ ਹੈ।

ਉੱਧਰ ਨਸ਼ੇ ਦੀ ਰੋਕਥਾਮ ਲਈ ਪੁਲਿਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਬਾਰੇ ਗੱਲ ਕੀਤੀ ਜਾਵੇ, ਤਾਂ ਪਿਛਲੇ ਕਈ ਦਹਾਕਿਆਂ ਤੋਂ ਪੁਲਿਸ ਦੇ ਪੱਲੇ ਨਾਕਾਮੀ ਹੀ ਪਈ ਹੈ, ਜਿਸ ਕਾਰਨ ਕਈ ਪਿੰਡਾਂ ਦਾ ਨਾਮ ਨਸ਼ਾ ਤਸਕਰੀ ਵਜੋਂ ਸੂਬੇ ਦੇ ਮੋਹਰੀ ਪਿੰਡਾਂ 'ਚ ਸ਼ੁਮਾਰ ਚਲਿਆ ਆ ਰਿਹਾ ਹੈ। ਹਾਲਾਂਕਿ ਪਿਛਲੇ ਸਮੇਂ ਦੌਰਾਨ ਕਈ ਅਜਿਹੇ ਪੁਲਿਸ ਅਧਿਕਾਰੀ ਵੀ ਆਏ, ਜਿਨ੍ਹਾਂ ਨੇ ਨਸ਼ੇ ਦੇ ਚੱਲ ਰਹੇ ਇਸ ਕਾਰੋਬਾਰ ਨੂੰ ਖਤਮ ਕਰਨ ਵਾਸਤੇ ਆਪਣੀ ਪੂਰੀ ਵਾਹ ਲਗਾਉਂਦਿਆਂ ਵੱਡੀ ਗਿਣਤੀ 'ਚ ਨਸ਼ੇ ਦੇ ਕਾਰੋਬਾਰੀਆਂ ਨੂੰ ਪਿੰਡ 'ਚੋਂ ਖਦੇੜਨ ਦੀ ਕੋਸ਼ਿਸ਼ ਕੀਤੀ ਤੇ ਕੁਝ ਹੱਦ ਤਕ ਕਾਮਯਾਬ ਵੀ ਰਹੇ ਪਰ ਥੋੜ੍ਹੇ ਸਮੇਂ ਬਾਅਦ ਹੀ ਪੁਲਿਸ ਅਧਿਕਾਰੀਆਂ ਦੇ ਤਬਾਦਲੇ ਉਪਰੰਤ ਸਥਿਤੀ ਜਿਉਂ ਦੀ ਤਿਉਂ ਫਿਰ ਬਣ ਜਾਂਦੀ ਹੈ। ਬੇਸ਼ੱਕ ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸੁਹਿਰਦ ਤੇ ਕਾਬਲ ਅਫ਼ਸਰਾਂ ਵੱਲੋਂ ਨਸ਼ਾ ਤਸਕਰੀ ਦਾ ਲੱਕ ਤੋੜਨ ਲਈ ਤਹੱਈਆ ਕੀਤਾ ਹੋਇਆ ਹੈ ਤੇ ਖ਼ੁਦ ਆਪ ਪੁਲਿਸ ਪਾਰਟੀ ਦੀ ਅਗਵਾਈ ਕਰਦੇ ਹੋਏ ਨਿਡਰਤਾ ਭਰੇ ਫੈਸਲੇ ਲੈਂਦਿਆਂ ਪੰਜਾਬ ਦੀ ਜੁਆਨੀ ਨੂੰ ਬਚਾਉਣ ਦੇ ਲਈ ਪੂਰੀ ਵਾਹ ਲਾ ਰਹੇ ਹਨ।

ਕੁਝ ਵੀ ਹੋਵੇ ਸੂਰਜ ਦੀ ਲਾਲੀ ਦੇ ਪਨਪਦਿਆਂ ਹੀ ਮਾਵਾਂ ਦੀਆਂ ਖਾਲੀ ਹੋ ਰਹੀਆਂ ਕੁੱਖਾਂ ਅਤੇ ਪੰਜਾਬ ਦੇ ਵਾਸੀਆਂ ਦੇ ਵਿਹੜਿਆਂ ਅੰਦਰੋਂ ਹਰ ਰੋਜ਼ ਵਿੱਛ ਰਹੇ ਸੱਥਰਾਂ ਨੂੰ ਰੋਕਣ ਦੇ ਲਈ ਸਿਦਕ-ਦਿਲੀ ਨਿਭਾਉਂਦਿਆਂ ਵੱਡੇ ਫ਼ੈਸਲੇ ਲੈਣ ਦੀ ਲੋੜ ਹੈ। ਪੰਜਾਬ ਦੇ ਲੋਕ ਅੱਜ ਵੀ ਉਸ ਸੂਰਜ ਦੇ ਚੜ੍ਹਨ ਦੀ ਉਡੀਕ ਵਿਚ ਹਨ, ਜੋ ਇਥੋਂ ਨਸ਼ੇ ਦੀ ਹਨੇਰੀ ਰਾਤ ਨੂੰ ਚੀਰ ਕੇ ਸੱਚ ਦਾ ਚਾਨਣ ਬਿਖੇਰੇਗਾ ਅਤੇ ਯਾਦ ਕਰਦੇ ਨੇ ਉਸ ਰਾਜ ਨੂੰ ਜਿਸ ਦੇ ਸਮੇਂ ਆਖਿਆ ਜਾਂਦਾ ਸੀ ਕਿ "ਕਦੋਂ ਚੜ੍ਹੇਂਗਾ ਪੰਜਾਬ ਦਿਆ ਸੂਰਜਾ ਦੁਨੀਆਂ ਤੇ ਫੇਰ ਮੁੜਕੇ"। ਪਤਾ ਨਹੀਂ ਪੰਜਾਬ ਦੀ ਹਾਲਤ ਨੂੰ ਵੇਖ ਕੇ ਉਸ ਇਹ ਸਤਰਾਂ ਮੇਰੇ ਕਿਉਂ ਵਾਰ-ਵਾਰ ਜਿਹਨ ਦੇ ਵਿਚ ਆ ਕੇ ਤੈਰਨ ਲੱਗਦੀਆਂ ਹਨ। ਕੁਝ ਵੀ ਹੋਵੇ ਪੰਜਾਬ ਨੂੰ ਅੱਜ ਕਿਸੇ ਚੰਗੇ ਪਾਸੇ ਵੱਲ ਤੋਰਨ ਦੀ ਜ਼ਰੂਰਤ ਜ਼ਰੂਰ ਹੈ। ਪੰਜਾਬ ਦਾ ਕੋਈ ਰਾਜਾ ਬਾਬੂ ਵਿਖਾਈ ਨਹੀਂ ਦਿੰਦਾ। ਮਾਲਕ ਭਲੀ ਕਰੇ ਅਤੇ ਪੰਜਾਬ ਦੀ ਜਵਾਨੀ ਦੇ ਸਿਰ 'ਤੇ ਹੱਥ ਰੱਖੇ, ਇਹੀ ਕਾਮਨਾ ਕਰਦੇ ਹਾਂ।

# ਗੁਰਬਾਣੀ ਦੇ ਅਦਬ ਵਿਚ ਰਹਿ ਕੇ ਗੁਰਬਾਣੀ ਪੜ੍ਹਨਾ ਹੀ ਸੁਆਰਥ

-ਡਾ. ਸਤਿੰਦਰ ਪਾਲ ਸਿੰਘ
ਈ : 1716, ਰਾਜਾਜੀਪੁਰਮ
ਲਖਨਊ : 226017
ਪੰਜਾਬ ਮੇਲ USA

ਧਰਮ ਜਗਤ ਅੰਦਰ ਦੋ ਦ੍ਰਿਸ਼ ਵਿਖਾਈ ਦਿੰਦੇ ਹਨ। ਇੱਕ ਵਰਤਾਰਾ ਆਪਣੇ ਆਪ ਨੂੰ ਪ੍ਰਗਟ ਤੌਰ 'ਤੇ ਧਰਮੀ ਸਿੱਧ ਕਰਨ ਤੱਕ ਸੀਮਤ ਹੈ। ਇਹ ਆਮ ਹੈ। ਪ੍ਰਤੱਖ ਅਧਿਆਤਮਕਤਾ ਹੈ, ਅਪ੍ਰਤੱਖ ਸੰਸਾਰਕ ਕਾਮਨਾਵਾਂ ਦੇ ਬੰਧਨ ਹਨ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਇਹ ਮੂਰਖਤਾ ਹੈ "ਅੰਤਰਿ ਬ੍ਰਹਮੁ ਨ ਚੀਨਈ ਮਨਿ ਮੂਰਖੁ ਗਾਵਾਰੁ॥" । ਪ੍ਰਮਾਤਮਾ ਤਾਂ ਮਨ ਅੰਦਰ ਹੀ ਹੈ। ਗੁਰੂ ਅਮਰਦਾਸ ਜੀ ਨੂੰ ਵੀ ਇਹ ਬੋਧ ਗੁਰੂ ਅੰਗਦ ਜੀ ਦੀ ਸ਼ਰਣ ਵਿਚ ਆਉਣ ਤੋਂ ਬਾਅਦ ਹੀ ਹੋਇਆ। ਗੁਰੂ ਅਮਰਦਾਸ ਜੀ ਨੇ ਵਚਨ ਕੀਤਾ ਕਿ ਦੂਜੀ 'ਤੇ ਸੱਚੀ ਰਾਹ ਹੈ ਗੁਰ ਸ਼ਬਦ ਦੀ ਵੀਚਾਰ ਕਰ ਮਨ ਨੂੰ ਕਾਮਨਾਵਾਂ ਤੋਂ ਮੁਕਤ ਕਰਨਾ "ਆਪੈ ਨੋ ਆਪੁ ਖਾਇ ਮਨੁ ਨਿਰਮਲੁ ਹੋਵੈ ਗੁਰ ਸਬਦੀ ਵੀਚਾਰੁ॥"। ਗੁਰਸਿੱਖ ਦੀ ਭਗਤੀ ਹੈ ਗੁਰਬਾਣੀ ਪੜ੍ਹ, ਸਮਝ ਕੇ ਉਸ ਦਾ ਸਾਰ ਜੀਵਨ ਵਿਚ ਧਾਰਨ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਇੱਕੋ ਇੱਕ ਗੁਰੂ ਹਨ, ਜਿਨ੍ਹਾਂ ਦੀ ਅਧੀਨਤਾ ਗੁਰਸਿੱਖ ਨੇ ਸਵੀਕਾਰ ਕੀਤੀ ਹੈ। ਗੁਰਬਾਣੀ ਹੀ ਗੁਰਸਿੱਖ ਦੇ ਜੀਵਨ ਦਾ ਆਧਾਰ ਹੈ। ਗੁਰੂ ਅਮਰਦਾਸ ਸਾਹਿਬ ਨੇ ਕਿਹਾ ਕਿ ਗੁਰਬਾਣੀ ਦੀ ਵੀਚਾਰ ਹੀ ਅੰਤਰ ਮਨ ਨੂੰ ਨਿਰਮਲ ਕਰਦੀ ਹੈ। ਗੁਰੂ ਅੰਗਦ ਸਾਹਿਬ ਨੇ ਕਿਹਾ ਕਿ ਸ੍ਰਿਸ਼ਟੀ ਦੇ ਅੱਠ ਖੰਡ ਹਨ, ਦਿਨ ਅੱਠ ਪਹਿਰ ਦਾ ਹੁੰਦਾ ਹੈ। ਮਨੁੱਖ ਦਾ ਸਰੀਰ ਨੌਵਾਂ ਖੰਡ ਹੈ। ਮਨੁੱਖ ਸ੍ਰਿਸ਼ਟੀ ਦੇ ਸਾਰੇ ਖੰਡਾਂ ਵਿਚ, ਦਿਵਸ ਦੇ ਸਾਰੇ ਪਹਿਰਾਂ ਵਿਚ ਪ੍ਰਮਾਤਮਾ ਦੀ ਭਾਲ ਕਰਦਾ ਰਹਿੰਦਾ ਹੈ ਪਰ ਪ੍ਰਮਾਤਮਾ ਦਾ ਵਾਸ ਤਾਂ ਨੌਵੇਂ ਖੰਡ ਭਾਵ ਉਸ ਦੇ ਅੰਦਰ ਹੀ ਹੈ। ਗੁਰੂ ਅੰਗਦ ਸਾਹਿਬ ਨੇ ਵਚਨ ਕੀਤਾ ਕਿ ਇੱਕ ਪਹਿਰ ਦਾ ਧਿਆਨ ਲਾਉਣਾ ਹੀ ਸੁਆਰਥ ਹੈ, ਜੇ ਉਹ ਅੰਮ੍ਰਿਤ ਵੇਲੇ ਦਾ ਹੋਵੇ। ਧਿਆਨ ਵਿਚ ਭਾਵਨਾ ਹੈ, ਵੀਚਾਰ ਹੈ, ਸੰਕਲਪ ਹੈ। ਸੱਚੇ ਦਾ ਧਿਆਨ ਹੈ ਤਾਂ ਕਥਨ ਬੇਲੋੜਾ ਹੋ ਜਾਂਦਾ ਹੈ "ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈਂ ਪਾਸਿ॥"। ਇੱਕ ਪਹਿਰ, ਅੰਮ੍ਰਿਤ ਵੇਲੇ ਦੀ ਭਗਤੀ ਤਨ, ਮਨ ਖਰਾ ਹੋ ਜਾਂਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਸਦਾ ਲਈ ਸੁੱਖ ਦੀ ਅਵਸਥਾ ਬਣ ਜਾਂਦੀ ਹੈ "ਕੰਚਨ ਕਾਇਆ ਕਸੀਐ ਵੰਨੀ ਚੜੈ ਚੜਾਉ॥ ਜੇ ਹੋਵੈ ਨਦਰਿ ਸਰਾਫ ਕੀ ਬਹੁੜਿ ਨ ਪਾਈ ਤਾਉ॥"। ਅੰਮ੍ਰਿਤ ਵੇਲੇ ਜਾਗ ਕੇ ਕੀਤੀ ਗਈ ਭਗਤੀ ਨਾਲ ਮਨ, ਤਨ ਕਿੰਨਾ ਨਿਰਮਲ ਹੋਇਆ, ਇਸ ਦਾ ਨਿਰਣਾ ਨਾ ਮਨੁੱਖ ਆਪ ਕਰ ਸਕਦਾ ਹੈ। ਨਾ ਹੀ ਕੋਈ ਹੋਰ ਇਸ ਨੂੰ ਪ੍ਰਮਾਣਿਤ ਕਰ ਸਕਦਾ ਹੈ। ਇਹ ਫੈਸਲਾ ਪਾਰਖੀ ਸੁਨਾਰ ਭਾਵ ਪ੍ਰਮਾਤਮਾ ਹੀ ਕਰਦਾ ਹੈ ਕਿ ਵੀਚਾਰ, ਭਾਵਨਾ ਤੇ ਸੰਕਲਪ ਦੀ ਭੱਠੀ ਵਿਚ ਤੱਪ ਕੇ ਇਹ ਕਿੰਨਾ ਸ਼ੁੱਧ ਹੋਇਆ ਹੈ। ਇਸ ਨੂੰ ਭੱਠੀ ਵਿਚ ਹੋਰ ਚਾੜ੍ਹਨ ਦੀ ਲੋੜ ਹੈ ਜਾਂ ਨਹੀਂ। ਗੁਰੂ ਅੰਗਦ ਸਾਹਿਬ ਨੇ ਕਿਹਾ ਕੀ ਅੰਮ੍ਰਿਤ ਵੇਲੇ ਦੇ ਇੱਕ ਪਹਿਰ ਦੇ ਕੀਏ ਗਏ ਧਿਆਨ ਦਾ ਫਲ ਅੰਮ੍ਰਿਤ ਵੇਲੇ ਨੂੰ ਹੀ ਨਹੀਂ, ਬਾਕੀ ਦੇ ਸੱਤ ਪਹਿਰ ਵੀ ਸੁਭਾਗਮਈ ਬਣਾ ਦਿੰਦਾ ਹੈ। ਗੁਰੂ ਸਾਹਿਬ ਦੀ ਸਪੱਸ਼ਟ ਸੇਧ ਅੰਮ੍ਰਿਤ ਵੇਲੇ ਦੀ ਭਗਤੀ ਲਈ ਹੈ। ਗੁਰੂ ਨਾਨਕ ਸਾਹਿਬ ਦੀ "ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥" ਦੀ ਪ੍ਰੇਰਣਾ ਮਨੁੱਖ ਦੇ ਪੂਰੇ ਜੀਵਨ ਨੂੰ ਨਿਰਮਲ 'ਤੇ ਸਚਿਆਰ ਬਣਾਉਣ ਵਾਲੀ ਹੈ। ਗੁਰਬਾਣੀ ਪੜ੍ਹਨ, ਸੁਨਣ ਦਾ ਸੁਚੱਜਾ ਸਮਾਂ ਅੰਮ੍ਰਿਤ ਵੇਲੇ ਦਾ ਪਹਿਰ ਹੀ ਹੈ। ਗੁਰੂ ਦਾ ਹੁਕਮ ਮੰਨਣ ਵਾਲਾ ਗੁਰਸਿੱਖ ਗੁਰਬਾਣੀ ਪੜ੍ਹਨ, ਸੁਨਣ ਦੇ ਇਸ ਸਮੇਂ ਨਾਲ ਬੰਨ੍ਹਿਆ ਹੋਇਆ ਹੈ। ਅੰਮ੍ਰਿਤ ਪਹਿਰ ਦੀ ਇਸ ਮਰਿਆਦਾ ਨੂੰ ਭੰਗ ਨਹੀਂ ਕੀਤਾ ਜਾ ਸਕਦਾ। ਆਪਣੀ ਸੁਵਿਧਾ ਅਨੁਸਾਰ ਗੁਰਬਾਣੀ ਕਿਸੇ ਵੇਲੇ ਵੀ ਪੜ੍ਹੀ ਜਾ ਸਕਦੀ ਹੈ ਪਰ ਗੁਰੂ ਦੀ ਪ੍ਰਸੰਨਤਾ ਤਾਂ ਅੰਮ੍ਰਿਤ ਵੇਲੇ ਦੀ ਹੀ ਹੈ। ਗੁਰਸਿੱਖ ਦਾ ਮਨੋਰਥ ਗੁਰੂ ਦੇ ਹੁਕਮ ਅੰਦਰ ਰਹਿ ਉਸ ਦੀ ਕ੍ਰਿਪਾ ਪ੍ਰਾਪਤ ਕਰਨਾ ਹੈ।



**ਮਨੁੱਖ ਦਾ ਸਰੀਰ ਨੌਵਾਂ ਖੰਡ ਹੈ। ਮਨੁੱਖ ਸ੍ਰਿਸ਼ਟੀ ਦੇ ਸਾਰੇ ਖੰਡਾਂ ਵਿਚ, ਦਿਵਸ ਦੇ ਸਾਰੇ ਪਹਿਰਾਂ ਵਿਚ ਪ੍ਰਮਾਤਮਾ ਦੀ ਭਾਲ ਕਰਦਾ ਰਹਿੰਦਾ ਹੈ ਪਰ ਪ੍ਰਮਾਤਮਾ ਦਾ ਵਾਸ ਤਾਂ ਨੌਵੇਂ ਖੰਡ ਭਾਵ ਉਸ ਦੇ ਅੰਦਰ ਹੀ ਹੈ। ਗੁਰੂ ਅੰਗਦ ਸਾਹਿਬ ਨੇ ਵਚਨ ਕੀਤਾ ਕਿ ਇੱਕ ਪਹਿਰ ਦਾ ਧਿਆਨ ਲਾਉਣਾ ਹੀ ਸੁਆਰਥ ਹੈ, ਜੇ ਉਹ ਅੰਮ੍ਰਿਤ ਵੇਲੇ ਦਾ ਹੋਵੇ। ਧਿਆਨ ਵਿਚ ਭਾਵਨਾ ਹੈ, ਵੀਚਾਰ ਹੈ, ਸੰਕਲਪ ਹੈ। ਸੱਚੇ ਦਾ ਧਿਆਨ ਹੈ ਤਾਂ ਕਥਨ ਬੇਲੋੜਾ ਹੋ ਜਾਂਦਾ ਹੈ "ਬੋਲਣੁ ਫਾਦਲੁ ਨਾਨਕਾ ਦੁਖੁ ਸੁਖੁ ਖਸਮੈਂ ਪਾਸਿ॥"। ਇੱਕ ਪਹਿਰ, ਅੰਮ੍ਰਿਤ ਵੇਲੇ ਦੀ ਭਗਤੀ ਤਨ, ਮਨ ਖਰਾ ਹੋ ਜਾਂਦਾ ਹੈ। ਪ੍ਰਮਾਤਮਾ ਦੀ ਮਿਹਰ ਨਾਲ ਸਦਾ ਲਈ ਸੁੱਖ ਦੀ ਅਵਸਥਾ ਬਣ ਜਾਂਦੀ ਹੈ**

ਸਿੱਖ ਰਹਿਤ ਮਰਿਯਾਦਾ ਅਨੁਸਾਰ ਗੁਰਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ ਵਾਹਿਗੁਰੂ ਨਾਮ ਜਪੇ। ਗੁਰੂਸਿੱਖ ਨਿਤਨੇਮ ਦਾ ਪਾਠ ਕਰੇ। ਨਿਤਨੇਮ ਦੀਆਂ ਬਾਣੀਆਂ ਵਿਚ ਜਪੁ ਸਾਹਿਬ, ਜਾਪੁ ਸਾਹਿਬ ਅਤੇ 10 ਸਵੱਯੇ, ਸ੍ਰਾਵਗ ਸੁਧ ਵਾਲੇ ਸ਼ਾਮਿਲ ਹਨ। ਗੁਰਸਿੱਖ ਨੇ ਸੋ ਦਰੁ ਦੀ ਬਾਣੀ ਸੂਰਜ ਡੁੱਬੇ 'ਤੇ ਸੋਹਿਲਾ ਦੀ ਬਾਣੀ ਰਾਤ ਸੌਣ ਵੇਲੇ ਪੜ੍ਹਨੀ ਹੈ। ਅੰਮ੍ਰਿਤ ਵੇਲੇ ਜਪੁ ਸਾਹਿਬ ਦੀ ਬਾਣੀ ਸੰਧਿਆ ਵੇਲੇ ਸੋ ਦਰੁ ਦੀ ਬਾਣੀ ਪੜ੍ਹਨ ਦੀ ਮਰਿਆਦਾ ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਵਿਚ ਹੀ ਆਰੰਭ ਹੋ ਗਈ ਸੀ। ਗੁਰਸਿੱਖ ਦਾ ਜੀਵਨ ਇੱਕ ਗ੍ਰਿਹਿਸਥ ਦਾ ਜੀਵਨ ਹੈ। ਉਹ ਧਰਮੀ ਹੋਣ ਦੇ ਨਾਲ ਹੀ ਕਿਰਤੀ ਵੀ ਹੈ। ਗੁਰੂ ਨਾਨਕ ਸਾਹਿਬ ਆਪ ਕਰਤਾਰਪੁਰ ਵਿਚ ਦਿਨ ਦਾ ਸਮਾਂ ਆਪਣੇ ਖੇਤਾਂ ਦੀ ਨਿਗਰਾਨੀ ਵਿਚ ਲਾਉਂਦੇ ਸਨ। ਇਕਾਗਰਤਾ 'ਤੇ ਭਾਵਨਾ ਨਾਲ ਪੜ੍ਹੀ, ਸੁਣੀ ਨਿਤਨੇਮ ਦੀ ਬਾਣੀ ਹੀ ਗੁਰਸਿੱਖ ਦਾ ਜੀਵਨ ਬਦਲ ਦੇਣ 'ਚ ਸਮਰਥ ਹੈ। ਭਾਈ ਲਹਿਣਾ ਜੀ 'ਤੇ ਸ੍ਰੀ ਅਮਰਦਾਸ ਜੀ ਦਾ ਜੀਵਨ ਦਾ ਗੁਰਬਾਣੀ ਦੇ ਇੱਕ ਸ਼ਬਦ ਨੇ ਹੀ ਸੁਆਰ ਦਿੱਤਾ ਸੀ। ਉਨ੍ਹਾਂ ਦਾ ਜੀਵਨ ਬਦਲਿਆ ਕਿਉਂਕਿ ਉਨ੍ਹਾਂ ਨੇ ਬਾਣੀ ਨੂੰ ਸੁਣ ਕੇ ਸਮਝਿਆ ਅਤੇ ਵਿਵਹਾਰ ਵਿਚ ਉਤਾਰਿਆ। ਕੁਝ ਸਮੇਂ ਤੋਂ ਸਿਫਤੀ ਦੇ ਘਰ, ਗੁਰੂ ਰਾਮਦਾਸ ਜੀ ਨੇ ਨਗਰ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਚੌਪਹਿਰਾ ਨਾਮ ਦੀ ਨਵੀਂ ਰਿਵਾਇਤ ਆਰੰਭ ਕੀਤੀ ਗਈ ਹੈ। ਗੁਰੂ ਰਾਮਦਾਸ ਜੀ ਦੀ ਨਗਰੀ ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਦਾ ਆਤਮਿਕ ਨਿਵਾਸ ਹੈ। ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਆਇਆ ਸਿੱਖ ਕਦੇ ਖਾਲੀ ਝੋਲੀ ਨਹੀਂ ਗਿਆ, ਜਿਸ ਨੂੰ ਗੁਰੂ ਰਾਮਦਾਸ ਜੀ ਦੇ ਦਰਬਾਰ ਤੋਂ ਦਾਤ, ਬਖਸ਼ਿਸ਼ ਨਹੀਂ ਪ੍ਰਾਪਤ ਹੋਈ, ਉਸ ਦੀ ਕਿਤੇ ਵੀ ਢੋਈ ਨਹੀਂ ਹੈ। ਚੌਪਹਿਰੇ ਦੇ ਹੱਕ ਵਿਚ ਵੱਡਾ ਤਰਕ ਗੁਰਬਾਣੀ ਪੜ੍ਹਨ ਦਾ ਦਿੱਤਾ ਜਾ ਰਿਹਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਲਈ ਹੀ ਹੈ। ਪਰ ਇਹ ਕਿਵੇਂ ਪੜ੍ਹਨੀ ਹੈ, ਇਹ ਕੋਈ ਮਨੁੱਖ ਨਹੀਂ ਤੈਅ ਕਰ ਸਕਦਾ ਕਿਉਂਕਿ ਇਹ ਫੈਸਲਾ ਵੀ ਆਪ ਗੁਰਬਾਣੀ ਨੇ ਕੀਤਾ ਹੋਇਆ ਹੈ, ਜੋ ਅਟਲ 'ਤੇ ਕਿਸੇ ਵੀ ਸ਼ੰਕਾ ਤੋਂ ਪਰ੍ਹੇ ਹੈ। ਗੁਰਬਾਣੀ ਪੜ੍ਹਨ ਦਾ ਇੱਕ ਖ਼ਾਸ ਅਦਬ ਹੈ।

ਗੁਰ ਕਾ ਸਬਦੁ ਰਿਦ ਅੰਤਰਿ ਧਾਰੈ॥
ਪੰਚ ਜਨਾ ਸਿਉ ਸੰਗੁ ਨਿਵਾਰੈ॥
ਦਸ ਇੰਦ੍ਰੀ ਕਰਿ ਰਾਖੈ ਵਾਸਿ॥
ਤਾ ਕੈ ਆਤਮੈ ਹੋਇ ਪਰਗਾਸੁ॥ 1॥
(ਅੰਗ : 236)

ਗੁਰਬਾਣੀ ਦਾ ਪਹਿਲਾ ਅਦਬ ਗੁਰਬਾਣੀ ਪੜ੍ਹਨ, ਸੁਨਣ ਦਾ ਮਨੋਰਥ ਹੈ। ਗੁਰਸਿੱਖ ਆਤਮ ਪ੍ਰਬੋਧ ਲਈ ਗੁਰਬਾਣੀ ਪੜ੍ਹਦਾ ਹੈ। ਦੂਜਾ ਅਦਬ ਇਹ ਕਿ ਗੁਰਬਾਣੀ ਸੱਚੇ ਗਿਆਨ ਦਾ ਅਗਾਧ ਸਾਗਰ ਹੈ। ਇਹ ਗਿਆਨ ਸਾਰੀ ਅਗਿਆਨਤਾ, ਦੁਵਿਧਾ, ਸ਼ੰਕਾ ਦੂਰ ਕਰਦਾ ਹੈ ਤੇ ਪ੍ਰਮਾਤਮਾ, ਧਰਮ, ਮੋਖ ਦਾ ਮਾਰਗ ਦੱਸਦਾ ਹੈ। ਗੁਰਸਿੱਖ ਇਸ ਗਿਆਨ ਨੂੰ ਮਨ ਵਿਚ ਵਸਾ ਲੈਂਦਾ ਹੈ ਭਾਵ ਪੂਰੀ ਗੰਭੀਰਤਾ ਨਾਲ ਗੁਰਬਾਣੀ ਦੇ ਹੁਕਮ ਨੂੰ ਸਮਝਦਾ ਹੈ। ਤੀਜਾ ਅਦਬ ਗੁਰਬਾਣੀ ਦੇ ਵਿਵਹਾਰਕ ਪੱਖ ਨਾਲ ਸਬੰਧਤ ਹੈ। ਗੁਰਬਾਣੀ ਦਾ ਹੁਕਮ ਮੰਨ ਕੇ ਗੁਰਸਿੱਖ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਨੂੰ ਤਿਆਗਦਾ ਹੈ। ਉਹ ਆਪਣੀਆਂ ਪੰਜ ਕਰਮ ਇੰਦ੍ਰੀਆਂ ਤੇ ਪੰਜ ਗਿਆਨ ਇੰਦ੍ਰੀਆਂ ਨੂੰ ਸੰਜਮ ਵਿਚ ਬੰਨ੍ਹ ਕੇ ਮਾਇਆ ਦੇ ਮੋਹ ਤੋਂ ਉਬਰ ਜਾਂਦਾ ਹੈ। ਇਸ ਅਵਸਥਾ ਵਿਚ ਬਸ ਜੀਵਨ ਮੁਕਤ ਹੋਣ ਦੀ ਕਾਮਨਾ ਹੀ ਬਚਦੀ ਹੈ। ਗੁਰਸਿੱਖ ਗਿਆਨ ਪ੍ਰਾਪਤ ਕਰਨ ਲਈ, ਆਤਮਿਕ ਚੇਤਨਾ ਜਾਗ੍ਰਿਤ ਕਰ ਆਵਾਗਮਨ ਦੇ ਚਕ੍ਰ ਤੋਂ ਮੁਕਤ ਹੋਣ ਲਈ ਗੁਰਬਾਣੀ ਪੜ੍ਹਦਾ ਹੈ। ਗੁਰਬਾਣੀ ਸੰਸਾਰਕ ਨਹੀਂ, ਅਧਿਆਤਮਕ ਪ੍ਰਾਪਤੀਆਂ ਦਾ ਮਾਧਿਅਮ ਹੈ। ਗੁਰਬਾਣੀ ਨੂੰ ਸੰਸਾਰਕ ਹਿੱਤਾਂ ਲਈ ਵਰਤਨਾ ਜਾਂ ਸੰਸਾਰਕ ਹਿੱਤਾਂ ਦਾ ਭੁਲੇਖਾ ਪਾਉਣਾ ਗੁਰੂ ਦੇ ਹੁਕਮ ਦੀ ਉਲੰਘਣਾ ਹੈ। ਗੁਰੂ ਅਮਰਦਾਸ ਜੀ ਨੇ ਕਿਹਾ ਕਿ ਕੋਈ ਵਿਰਲਾ ਹੀ ਗੁਰਬਾਣੀ ਦਾ ਅਦਬ ਸਮਝਦਾ ਹੈ। ਗੁਰੂ ਸਾਹਿਬ ਨੇ ਵਚਨ ਕੀਤਾ ਕਿ ਰਜੋ, ਤਮੋ ਹੀ ਨਹੀਂ, ਸਤੋ ਗੁਣ ਤੋਂ ਵੀ ਨਿਵ੍ਰਤ ਹੋ ਕੇ ਗੁਰਬਾਣੀ ਪੜ੍ਹਨਾ ਹੀ ਫਲਦਾਈ ਹੈ।

ਸਬਦਿ ਮੁਆ ਵਿਚਹੁ ਆਪੁ ਗਵਾਇ॥
ਸਤਿਗੁਰੁ ਸੇਵੇ ਤਿਲੁ ਨ ਤਮਾਇ॥
ਨਿਰਭਉ ਦਾਤਾ ਸਦਾ ਮਨਿ ਹੋਇ॥
ਸਚੀ ਬਾਣੀ ਪਾਏ ਭਾਗਿ ਕੋਇ॥ 1॥
(ਅੰਗ : 361)

ਗੁਰਸਿੱਖ ਦੀ ਭਗਤੀ ਤੋਲ ਮੋਲ ਦੀ ਭਗਤੀ ਨਹੀਂ ਹੈ। ਗੁਰਸਿੱਖ ਦੀ ਭਗਤੀ ਇੱਕ ਅਵਸਥਾ ਹੈ। ਉਹ ਗੁਰੂ, ਪ੍ਰਮਾਤਮਾ ਅੱਗੇ ਪੂਰਨ ਸਮਰਪਣ ਕਰ ਦਿੰਦਾ ਹੈ ਆਪਣੀ ਮਤਿ, ਬੁਧੀ (ਮਨ) ਤੇ ਸਮਰਥਾ, ਬਲ (ਤਨ)। ਆਪਾ ਸਮਰਪਤ ਕਰ ਉਹ ਗੁਰੂ ਦੀ ਸੇਵਾ ਕਰਦਾ ਹੈ ਇੱਕ ਦਾਸ, ਸੇਵਕ ਦੀ ਤਰਹ। ਇਸ ਸੇਵਾ ਦਾ ਉਹ ਨਾ ਤਾਂ ਕੋਈ ਮਾਣ ਕਰਦਾ ਹੈ, ਨਾ ਹੀ ਉਸ ਸੇਵਾ ਦਾ ਕੋਈ ਭੁਗਤਾਨ ਚਾਹੁੰਦਾ ਹੈ। ਉਸ ਦੀ ਸੇਵਾ, ਭਗਤੀ ਦਾ ਆਧਾਰ ਉਸ ਦੇ ਗੁਰੂ ਦਾ ਹੁਕਮ ਹੈ। ਇਸ ਸੇਵਾ ਦਾ ਖ਼ਾਸ ਨੁਕਤਾ ਹੈ ਕਿ ਉਹ ਦਿਨ ਰਾਤ ਦਾ ਸੇਵਕ ਹੈ। ਪ੍ਰਮਾਤਮਾ ਸਦਾ ਲਈ ਉਸ ਦੇ ਮਨ ਵਿਚ ਵੱਸ ਗਿਆ ਹੈ। ਇਹ ਅਵਸਥਾ ਕਿਸੇ ਵਿਰਲੇ ਵਡਭਾਗੀ ਨੂੰ ਪ੍ਰਾਪਤ ਹੁੰਦੀ ਹੈ। ਪਰ ਗੁਰੂ ਅਮਰਦਾਸ ਸਾਹਿਬ ਦੀ ਪ੍ਰੇਰਣਾ ਹਰ ਗੁਰਸਿੱਖ ਲਈ ਇਹ ਅਵਸਥਾ ਪ੍ਰਾਪਤ ਕਰਨ ਦੀ ਹੈ। ਇਹ ਗੁਰਬਾਣੀ ਪੜ੍ਹਨ, ਸੁਨਣ ਦਾ ਗੁਰੂ ਦਾ ਥਾਪਿਆ ਸੱਭਿਆਚਾਰ ਹੈ, ਜਿਸ ਦੀ ਨਾ ਸੋਧ ਸੰਭਵ ਹੈ, ਨਾ ਅਨਦੇਖੀ। ਗੁਰਬਾਣੀ ਦਾ ਵਿਸਮਾਦ ਸੰਸਾਰ ਦੁੱਖਾਂ, ਸੰਸਾਰਕ ਸੁੱਖਾਂ ਦਾ ਲੇਖਾ-ਜੋਖਾ ਨਹੀਂ, ਪ੍ਰਮਾਤਮਾ ਨਾਲ ਜੋੜਨ ਦਾ ਮਹਾਨ ਉਪਕਾਰ ਹੈ "ਸਬਦਿ ਸੁਣੀਐ ਸਬਦਿ ਬੂਝੀਐ ਸਚਿ ਰਹੈ ਲਿਵ ਲਾਇ॥"। ਗੁਰਬਾਣੀ ਕਰਮਕਾਂਡ ਨਹੀਂ, ਚਿੰਤਨ, ਮਨਨ 'ਤੇ ਧਿਆਨ ਦਾ ਵਿਸ਼ਾ ਹੈ। ਗੁਰੂ ਨਾਨਕ ਸਾਹਿਬ ਦੀ ਧਰਮਸਾਲ ਵਿਚ ਸੰਗਤਾਂ ਦੀਆਂ ਸ਼ੰਕਾਵਾਂ ਦੀ ਨਿਵ੍ਰਿਤਿ ਕੀਤੀ ਜਾਂਦੀ ਸੀ। ਗੁਰੂ ਅਮਰਦਾਸ ਸਾਹਿਬ ਨੇ ਸੰਗਤ ਨਾਲ ਸੰਵਾਦ ਲਈ 22 ਮੰਜੀਆਂ ਕਾਇਮ ਕੀਤੀਆਂ। ਗੁਰੂ ਹਰਿਗੋਬਿੰਦ ਸਾਹਿਬ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਵਿਰਾਜਮਾਨ ਹੋ ਧਰਮ ਚਰਚਾ ਕਰਦੇ ਸਨ। ਸਾਰੇ ਹੀ ਗੁਰੂ ਸਾਹਿਬਾਨ ਦੇ ਦਰਬਾਰ ਵਿਚ ਸੰਗਤਾਂ ਦੀਆਂ ਜਗਿਆਸਾਵਾਂ ਸ਼ਾਂਤ ਹੁੰਦੀਆਂ ਸਨ। ਵਰਤਮਾਨ ਵਿਚ ਸੰਗਤ ਨਾਲ ਸਿੱਧੇ ਸੰਵਾਦ ਦੀ ਪ੍ਰੰਪਰਾ ਹੀ ਅਲੋਪ ਹੋ ਗਈ ਹੈ। ਇਸ ਦਾ ਕੁਫ਼ਲ ਹੀ ਹੈ ਕਿ ਕਰਮਕਾਂਡ 'ਤੇ ਪਾਖੰਡ, ਭੁਲੇਖੇ ਪਾਉਣ ਵਾਲਿਆਂ ਭਿੰਨ-ਭਿੰਨ ਸ਼ਕਲਾਂ ਵਿਚ ਆਪਣੇ ਪੈਰ ਪਸਾਰ ਰਹੇ ਹਨ। ਲੋੜ ਹੈ ਭੇਦ ਕਰਨ ਦੀ "ਕਬੀਰ ਰਾਮ ਕਹਨ ਮਹਿ ਭੇਦੁ ਹੈ ਤਾ ਮਹਿ ਏਕੁ ਬਿਚਾਰੁ॥"।

ਸਿੱਖ ਪੰਥ ਅੰਦਰ ਕਰਮਕਾਂਡ, ਪਾਖੰਡ ਦੀ ਪਛਾਣ ਗੁਰਬਾਣੀ ਦੀ ਰੌਸ਼ਨੀ ਵਿਚ ਅਤਿ ਸੌਖੀ ਹੈ। ਜਿਸ ਕਰਮ ਨਾਲ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਜਾਗਦੇ ਹਨ, ਸਹਿਜ ਭੰਗ ਹੁੰਦਾ ਹੈ, ਮਨ ਪ੍ਰਮਾਤਮਾ ਨਾਲ ਜੁੜਨ ਦੀ ਥਾਂ ਮਾਇਆ ਵੱਲ ਭੱਜਦਾ ਹੈ, ਉਹ ਪਾਖੰਡ ਹੈ, ਜਿਸ ਦਾ ਕੋਈ ਫਲ ਪ੍ਰਾਪਤ ਨਹੀਂ ਹੋਣ ਵਾਲਾ। ਗੁਰੂ ਅੰਤਰਜਾਮੀ ਹੈ, ਦਿਲਾਂ ਦੀ ਜਾਨਣ ਵਾਲਾ ਹੈ। ਉਹ ਤਾਂ ਬਿਨਾ ਬੋਲਿਆਂ ਹੀ ਤਾਰ ਲੈਂਦਾ ਹੈ। ਭਗਤ ਕਬੀਰ ਜੀ ਨੇ ਕਿਹਾ ਕਿ ਕੋਈ ਅੱਠੇ ਪਹਿਰ ਧਿਆਨ ਲਾਈ ਰਹੇ ਪਰ ਕੀ ਲਾਭ। ਪ੍ਰਮਾਤਮਾ ਤਾਂ ਸਰਬਤ੍ਰ ਹੈ। ਸਹਿਜ ਵਿਚ ਰਹਿ ਕੇ ਮਨ ਨਾਲ ਕੀਤੀ ਗੁਰਬਾਣੀ ਦੀ ਪਲ ਭਰ ਦੀ ਵਿਚਾਰ ਹੀ ਕੌਤਕ ਵਰਤਾ ਦਿੰਦੀ ਹੈ "ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ॥"। ਉਸ ਦੇ ਦਰਬਾਰ ਵਿਚ ਖੋਟ ਪ੍ਰਵਾਨ ਨਹੀਂ ਹੈ। ਉਹ ਖੋਟੇ ਨੂੰ ਖਰਾ, ਮਾਣਸ ਨੂੰ ਦੇਵਤਾ ਬਣਾਉਣ ਵਾਲਾ ਹੈ। ਪਾਖੰਡ ਤੋਂ ਬਚਨਾ ਹੈ, ਤਾਂ ਗੁਰਬਾਣੀ ਦਾ ਅਦਬ ਧਾਰਨ ਕਰਨਾ ਹੀ ਇੱਕ ਵਿਕਲਪ ਹੈ "ਸੋ ਛੂਟੈ ਮਹਾ ਜਾਲ ਤੇ ਜਿਸੁ ਸਬਦੁ ਨਿਰੰਤਰਿ॥"।

## "ਪਿਤਾ ਦਿਵਸ" 'ਤੇ ਵਿਸ਼ੇਸ਼

# ਰੱਬ ਦਾ ਰੂਪ ਹੁੰਦਾ ਹੈ "ਪਿਤਾ"

-ਪ੍ਰਮੋਦ ਧੀਰ
ਕੰਪਿਊਟਰ ਅਧਿਆਪਕ, ਸਰਕਾਰੀ
ਹਾਈ ਸਕੂਲ ਢੈਪਈ (ਫਰੀਦਕੋਟ)
ਫੋਨ: 98550-31081
ਪੰਜਾਬ ਮੇਲ USA




ਗੁਰਮਤਿ ਫਿਲਾਸਫੀ ਵਿਚ ਪ੍ਰਭੂ ਪ੍ਰਮਾਤਮਾ ਨੂੰ ਵੀ ਪਰਮਪਿਤਾ ਨਾਲ ਸੰਬੋਧਨ ਕੀਤਾ ਜਾਦਾ ਹੈ, ਅਰਥਾਤ ਸਭਨਾਂ ਦਾ ਪਿਤਾ ਜੋ ਸਾਰੀ ਮਨੁੱਖਤਾ ਦੀ ਪਾਲਣਾ ਕਰਦਾ ਹੈ। ਸਾਡੀ ਭਾਰਤੀ ਸੰਸਕ੍ਰਿਤੀ ਵਿਚ ਪਿਤਾ ਨੂੰ ਪਰਿਵਾਰ ਦਾ ਮੁਖੀ ਮੰਨਿਆ ਜਾਦਾ ਹੈ। ਪਰਿਵਾਰ ਦੀ ਰੋਜ਼ੀ-ਰੋਟੀ ਦਾ ਆਹਾਰ ਕਰਨਾ ਪਿਤਾ ਦੀ ਜ਼ਿੰਮੇਵਾਰੀ ਹੁੰਦੀ ਹੈ। ਇਕ ਪਾਸੇ ਜਿਥੇ ਮਾਂ ਬੱਚੇ ਨੂੰ ਜਨਮ ਦੇਣ, ਪਾਲਣ-ਪੋਸ਼ਣ ਅਤੇ ਪੜ੍ਹਾਉਣ-ਲਿਖਾਉਣ ਦੇ ਨਾਲ-ਨਾਲ ਉਸ ਦੀਆ ਸਮੁੱਚੀਆ ਲੋੜਾਂ ਦਾ ਹੱਲ ਕਰਦੀ ਹੈ, ਉਥੇ ਪਿਤਾ ਵੀ ਬੱਚੇ ਨੂੰ ਜਨਮ ਦੇਣ ਵਾਲਾ, ਪਰਿਵਾਰ ਦੀ ਰੋਜ਼ੀ ਰੋਟੀ ਅਤੇ ਬੱਚਿਆਂ ਦੀ ਪੜ੍ਹਾਈ-ਲਿਖਾਈ, ਕੱਪੜੇ ਅਤੇ ਰਹਿਣ ਲਈ ਘਰ ਦਾ ਖਰਚ ਆਦਿ ਦਾ ਪ੍ਰਬੰਧ ਕਰਦਾ ਹੈ। ਮਾਤਾ-ਪਿਤਾ ਦੋਵਾਂ ਦੇ ਸਾਂਝੇ ਯਤਨਾਂ ਨਾਲ ਹੀ ਬੱਚਿਆਂ ਦਾ ਜੀਵਨ ਪ੍ਰਵਾਨ ਚੜ੍ਹਦਾ ਹੈ। ਅਸਲ ਵਿਚ ਪਿਤਾ ਉਸ ਨਿੰਮ ਦੇ ਦਰੱਖਤ ਸਮਾਨ ਹੁੰਦਾ ਹੈ, ਜਿਸ ਦੇ ਪੱਤੇ ਬੇਸ਼ੱਕ ਕੌੜੇ ਹੁੰਦੇ ਹਨ ਪਰ ਛਾਂ ਹਮੇਸ਼ਾ ਠੰਡੀ ਦਿੰਦਾ ਹੈ। ਜਨਮ ਤੋਂ ਬਾਅਦ ਪਿਤਾ ਹੀ ਉਂਗਲ ਫੜ ਕੇ ਬੱਚੇ ਨੂੰ ਤੁਰਨਾ ਸਿਖਾਉਂਦਾ ਹੈ ਅਤੇ ਮੋਢਿਆਂ 'ਤੇ ਬਿਠਾ ਕੇ ਝੂਟੇ ਦਿੰਦਾ ਹੈ। ਸਕੂਲੀ ਪੜ੍ਹਾਈ ਤੋਂ ਲੈ ਕੇ ਕਾਰੋਬਾਰ ਇਥੋਂ ਤੱਕ ਕਿ ਬੱਚੇ ਦੇ ਵਿਆਹ ਤੋਂ ਬਾਅਦ ਵੀ ਪਿਤਾ ਨੂੰ ਫਿਕਰ ਰਹਿੰਦਾ ਹੈ ਕਿ ਮੇਰੇ ਬੱਚੇ ਨੂੰ ਕਿਸੇ ਪ੍ਰਕਾਰ ਦੀ ਤੱਤੀ ਵਾਅ ਨਾ ਲੱਗੇ।

**ਪਿਤਾ ਦਿਵਸ ਦੀ ਸ਼ੁਰੂਆਤ ਕਿਵੇਂ ਹੋਈ?**

ਵੈਸਟ ਵਰਜੀਨੀਆ ਦੇਸ਼ ਨੇ ਪਹਿਲੀ ਵਾਰ ਪੰਜ ਜੁਲਾਈ 1908 ਨੂੰ ਫਾਦਰਜ਼ ਡੇਅ (ਪਿਤਾ ਦਿਵਸ) ਮਨਾਉਣ ਦੀ ਸ਼ੁਰੂਆਤ ਕੀਤੀ। ਗਰੇਸ ਗੋਲਡਨ ਕਲੇਟਨ ਜੋ ਐਨਾਂ ਜਰਵਿਸ ਤੋ ਬਹੁਤ ਪ੍ਰਭਾਵਿਤ ਸੀ, ਐਨਾ ਜਰਵਿਸ ਜਿਸ ਨੇ ਮਾਤਾ ਦਿਵਸ ਮਨਾਉਣਾ ਸ਼ੁਰੂ ਕੀਤਾ ਸੀ। ਦਸੰਬਰ 1907 ਵਿਚ ਇੱਕ ਦਿਲ ਕੰਬਾਊ ਘਟਨਾ ਵਿਚ ਗਰੇਸ ਦੇ ਪਿਤਾ ਦੀ ਮੌਤ ਹੋ ਗਈ ਸੀ। ਉਸ ਦੇ ਨਾਲ 210 ਆਦਮੀ ਵੀ ਆਪਣੇ ਵਿਲਕਦਿਆਂ ਬੱਚਿਆਂ ਨੂੰ ਛੱਡ ਕੇ ਦੁਨੀਆਂ ਤੋਂ ਰੁਖਸਤ ਹੋ ਗਏ ਸਨ। ਗਰੇਸ ਆਪਣੇ ਮਾਰੇ ਗਏ ਪਿਤਾ ਅਤੇ ਲੋਕਾਂ ਦੀ ਯਾਦ 'ਪਿਤਾ ਦਿਵਸ' ਮਨਾ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦੇਣਾ ਚਾਹੁੰਦੀ ਸੀ, ਪਰ ਉਸ ਸਮੇਂ ਆਪਣੇ ਇਲਾਕੇ ਤੋਂ ਬਿਨਾਂ ਹੋਰ ਲੋਕਾਂ ਨੂੰ ਇਸ ਪ੍ਰਤੀ ਉਤਸ਼ਾਹਿਤ ਨਾ ਕਰ ਸਕੀ। ਉਸ ਤੋਂ ਬਾਅਦ 19 ਜੂਨ, 1910 ਈਸਵੀ ਨੂੰ ਵਾਸ਼ਿੰਗਟਨ 'ਚ ਇਹ ਦਿਵਸ ਮਨਾਇਆ ਗਿਆ। ਜਿਸ ਤੋਂ ਪ੍ਰਭਾਵਿਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਪਿਤਾ ਦਿਵਸ ਮਨਾਉਣਾ ਸ਼ੁਰੂ ਕੀਤਾ। ਸੰਨ 1966 ਵਿਚ ਰਾਸ਼ਟਰਪਤੀ ਲਿੰਡਨ ਬੀ ਜਾਨਸਨ ਨੇ ਪਹਿਲੀ ਵਾਰ ਜੂਨ ਦੇ ਤੀਜੇ ਐਤਵਾਰ ਨੂੰ ਫਾਦਰਜ਼ ਡੇਅ ਮਨਾਉਣ ਦਾ ਫੈਸਲਾ ਕੀਤਾ। ਹੁਣ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਪਿਤਾ ਦਿਵਸ਼ ਜੂਨ ਮਹੀਨੇ ਦੇ ਤੀਜੇ ਐਤਵਾਰ ਨੂੰ ਮਨਾਇਆ ਜਾਂਦਾ ਹੈ।

ਅੱਜ ਅਮਰੀਕਾ, ਇੰਗਲੈਂਡ, ਕੈਨੇਡਾ, ਭਾਰਤ, ਪਾਕਿਸ਼ਤਾਨ, ਜਾਪਾਨ, ਮਲੇਸ਼ੀਆ, ਸ੍ਰੀਲੰਕਾ ਅਦਿ ਸਮੇਤ 40 ਦੇਸ਼ਾਂ ਵਿਚ ਜੂਨ ਮਹੀਨੇ ਦੇ ਤੀਸਰੇ ਐਤਵਾਰ ਨੂੰ ਪਿਤਾ ਦਿਵਸ ਵਜੋਂ ਮਨਾਉਂਦੇ ਹਨ। ਪਰੰਤੂ ਬਹੁਤ ਸਾਰੇ ਮੁਲਕ ਅਜਿਹੇ ਹਨ, ਜਿਥੇ ਵੱਖਰੇ-ਵੱਖਰੇ ਦਿਨਾਂ ਅਤੇ ਮਹੀਨਿਆਂ ਵਿਚ ਪਿਤਾ ਦਿਵਸ ਮਨਾਇਆ ਜਾਂਦਾ ਹੈ। ਭਾਰਤ ਵਿਚ ਜੂਨ ਦੇ ਤੀਸਰੇ ਐਤਵਾਰ ਨੂੰ 'ਪਿਤਾ ਦਿਵਸ' ਵਜੋਂ ਮਨਾਇਆ ਜਾਂਦਾ ਹੈ।



ਲੇਖਕ ਪ੍ਰਮੋਦ ਧੀਰ ਆਪਣੇ ਸਤਿਕਾਰਯੋਗ ਪਿਤਾ ਜੀ ਸ਼੍ਰੀ ਅਸ਼ੋਕ ਧੀਰ ਅਤੇ ਦਾਦਾ ਜੀ ਸ਼੍ਰੀ ਨਸੀਬ ਚੰਦ ਧੀਰ ਨਾਲ।

ਜਿਸ ਤਰ੍ਹਾਂ ਮਾਂ ਦਾ ਦਰਜਾ ਸਾਡੇ ਲਈ ਸਭ ਤੋਂ ਉੱਚਾ ਸਮਝਿਆ ਜਾਂਦਾ ਹੈ, ਉਸੇ ਤਰ੍ਹਾਂ ਪਿਤਾ ਦਾ ਦਰਜਾ ਵੀ ਮਾਂ ਦੇ ਬਰਾਬਰ ਹੀ ਮੰਨਿਆ ਜਾਂਦਾ ਹੈ। ਹਰੇਕ ਪਿਤਾ ਆਪਣੇ ਬੱਚਿਆਂ ਲਈ ਦਿਨ-ਰਾਤ ਮਿਹਨਤ ਕਰਕੇ ਕਿਰਤ ਕਮਾਈ ਕਰਦਾ ਹੈ। ਬੇਸ਼ੱਕ ਆਪ ਰੁੱਖੀ-ਮਿੱਸੀ ਖਾ ਲਵੇ ਪਰ ਬੱਚਿਆਂ ਨੂੰ ਹਮੇਸ਼ਾ ਵਧੀਆ ਖਾਣਾ, ਚੰਗੀ ਸਿੱਖਿਆ ਤੇ ਹੋਰ ਸਹੂਲਤਾਂ ਮੁਹੱਈਆ ਕਰਵਾਉਂਦਾ ਹੈ ਅਤੇ ਜੀਵਨ ਜਿਊਣ ਦੀ ਜੁਗਤੀ ਵੀ ਸਿਖਾਉਂਦਾ ਹੈ। ਅੱਜ ਸਮੁੱਚੇ ਵਿਸ਼ਵ ਵਿਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ।

ਦੁਨੀਆਂ ਦੇ ਸਾਰੇ ਪਿਤਾ ਨੂੰ ਸਮਰਪਿਤ

ਆਓ ਇਸ ਵਿਸ਼ੇਸ਼ ਦਿਨ 'ਤੇ ਪਿਤਾ ਨੂੰ ਸਮਰਪਿਤ ਹੁੰਦੇ ਹੋਏ ਚੰਗੇ ਵਿਦਵਾਨਾਂ, ਗੁਰੂਆਂ, ਪੀਰਾਂ ਵੱਲੋਂ ਆਖੇ ਕੁਝ ਵਾਅਦੇ ਕਰੀਏ ਤੇ ਆਪਣੇ ਜੀਵਣ ਨੂੰ ਸਵਰਗਮਈ ਬਣਾਈਏ।

- ਪਿਤਾ ਦੀ ਸਖਤੀ ਬਰਦਾਸ਼ਤ ਕਰੋ, ਤਾਂ ਕਿ ਕਾਬਿਲ ਇਨਸਾਨ ਬਣ ਸਕੋ।
- ਪਿਤਾ ਦੀਆਂ ਗੱਲਾਂ ਗੌਰ ਨਾਲ ਸੁਣੋ, ਤਾਂ ਕਿ ਦੂਸਰਿਆਂ ਦੀ ਨਾ ਸੁਣਨੀ ਪਵੇ।
- ਪਿਤਾ ਦੇ ਸਾਹਮਣੇ ਉੱਚਾ ਨਾ ਬੋਲੋ, ਵਰਨਾ ਭਗਵਾਨ ਤੁਹਾਨੂੰ ਨੀਵਾਂ ਕਰ ਦੇਵੇਗਾ।
- ਪਿਤਾ ਦਾ ਸਨਮਾਨ ਕਰੋ, ਤਾਂ ਕਿ ਤੁਹਾਡੀ ਸੰਤਾਨ ਤੁਹਾਡਾ ਸਨਮਾਨ ਕਰੇ।
- ਪਿਤਾ ਦੀ ਇੱਜ਼ਤ ਕਰੋ, ਤਾਂ ਕਿ ਇਸ ਤੋਂ ਫਾਇਦਾ ਉਠਾ ਸਕੋ।
- ਪਿਤਾ ਦਾ ਹੁਕਮ ਮੰਨੋ, ਤਾਂ ਕਿ ਖੁਸ਼ਹਾਲ ਰਹਿ ਸਕੋ।
- ਪਿਤਾ ਦੇ ਸਾਹਮਣੇ ਨਜ਼ਰਾਂ ਝੁਕਾ ਕੇ ਰੱਖੋ, ਤਾਂ ਕੇ ਪ੍ਰਮਾਤਮਾ ਤੁਹਾਨੂੰ ਦੁਨੀਆਂ ਵਿਚ ਤਰੱਕੀਆਂ ਦੇਵੇ।
- ਪਿਤਾ ਇੱਕ ਕਿਤਾਬ ਹੈ, ਜਿਸ 'ਤੇ ਅਨੁਭਵ ਲਿਖਿਆ ਜਾਂਦਾ ਹੈ।
- ਪਿਤਾ ਦੇ ਹੰਝੂ ਤੁਹਾਡੇ ਸਾਹਮਣੇ ਨਾ ਡਿੱਗਣ, ਵਰਨਾ ਪ੍ਰਮਾਤਮਾ ਤੁਹਾਨੂੰ ਦੁਨੀਆਂ ਤੋਂ ਗਿਰਾ ਦੇਵੇਗਾ।

ਪਿਤਾ ਇੱਕ ਐਸੀ ਹਸਤੀ ਹੈ..........

- ਮਾਂ ਦਾ ਮੁਕਾਮ ਤਾਂ ਬੇਸ਼ੱਕ ਆਪਣੀ ਜਗ੍ਹਾ ਹੈ। ਪਰ ਪਿਤਾ ਦਾ ਵੀ ਕੋਈ ਘੱਟ ਨਹੀਂ, ਮਾਂ ਦੇ ਕਦਮਾਂ ਵਿਚ ਸਵਰਗ ਹੈ ਪਰ ਪਿਤਾ ਸਵਰਗ ਦਾ ਦਰਵਾਜ਼ਾ ਹੈ, ਅਗਰ ਦਰਵਾਜ਼ਾ ਨਾ ਖੁੱਲ੍ਹਿਆ ਤਾਂ ਸਵਰਗ ਦੇ ਅੰਦਰ ਕਿਵੇਂ ਜਾਉਗੇ?
- ਭਾਵੇਂ ਗਰਮੀ ਹੋਵੇ ਜਾਂ ਸਰਦੀ ਜੋ ਆਪਣੇ ਬੱਚਿਆਂ ਦੀ ਰੋਜ਼ੀ-ਰੋਟੀ ਦੀ ਫਿਕਰ 'ਚ ਪਰੇਸ਼ਾਨ ਰਹਿੰਦਾ ਹੈ, ਨਾ ਕੋਈ ਪਿਤਾ ਦੇ ਵਾਂਗ ਆਪਣੇ ਬੱਚਿਆਂ ਨੂੰ ਪਿਆਰ ਦੇ ਸਕਦਾ ਹੈ, ਨਾ ਕਰ ਸਕਦਾ ਹੈ।
- ਯਾਦ ਰੱਖੋ ਸੂਰਜ ਗਰਮ ਜ਼ਰੂਰ ਹੁੰਦਾ ਹੈ ਪਰ ਡੁੱਬ ਜਾਵੇ ਤਾਂ ਅੰਧੇਰਾ ਛਾ ਜਾਂਦਾ ਹੈ।

ਪੰਜਾਬੀ ਗੀਤਾਂ ਵਿਚ ਪਿਤਾ ਦਾ ਸਤਿਕਾਰ

ਕਈ ਪੰਜਾਬੀ ਗਾਇਕਾਂ ਨੇ ਵੀ ਆਪਣੇ ਗੀਤਾਂ ਰਾਹੀਂ ਪਿਤਾ ਨੂੰ ਆਪਣੀ ਤਰੱਕੀ ਦਾ ਦਰਵਾਜ਼ਾ ਦੱਸਿਆ ਹੈ। ਜਿਵੇਂ ਕਿ ਇੱਕ ਗੀਤ ਦੇ ਬੋਲ ਹਨ:

"ਦਿਨ ਰਾਤ ਕੀਤਾ ਜਿਨੇ ਇੱਕ ਮੇਰੇ ਲਈ
ਪਲ ਵੀ ਨਾ ਬੈਠਾ ਜਿਹੜਾ ਟਿਕ ਮੇਰੇ ਲਈ,
ਕਿੰਨੇ੍ ਅਹਿਸਾਨ ਮੇਰੇ ਸਿਰ 'ਤੇ,
ਸੋਚ-ਸੋਚ ਅੱਖੋਂ ਹੰਝੂ ਚੋ ਗਿਆ।
ਬਾਪੂ ਤੇਰੇ ਕਰਕੇ, ਮੈ ਪੈਰਾਂ 'ਤੇ ਖਲੋ੍ ਗਿਆ,
ਤੂੰ ਸਾਈਕਲਾਂ 'ਤੇ ਕੱਟੀ ਤੇ ਮੈਂ ਗੱਡੀ ਜੋਗਾ ਹੋ ਗਿਆ।"

**ਅੱਜ ਦੀ ਨੌਜਵਾਨ ਪੀੜ੍ਹੀ ਵੱਲੋਂ ਮਾਪਿਆਂ ਦੀ ਸਤਿਕਾਰ ਵਿਚ ਆਈ ਖੜ੍ਹੋਤ**

ਪਰ ਅੱਜ ਭੱਜ-ਦੌੜ ਵਾਲੀ ਜ਼ਿੰਦਗੀ 'ਚ ਲੋਕ ਕਿਤੇ ਨਾ ਕਿਤੇ ਆਪਣੀਆਂ ਸਕਾਰਤਮਿਕ ਪ੍ਰੰਪਰਾਵਾਂ ਤੋਂ ਮੂੰਹ ਫੇਰ ਰਹੇ ਹਨ। ਸੰਯੁਕਤ ਪਰਿਵਾਰ ਟੁੱਟ ਰਹੇ ਹਨ। ਕਿਸੇ ਕੋਲ ਐਨਾ ਵਕਤ ਹੀ ਨਹੀਂ ਕਿ ਉਹ ਦੂਜਿਆ ਦੀ ਸੁੱਖ-ਸਾਂਦ ਪੁੱਛ ਸਕੇ। ਇਸ ਸਮੱਸਿਆ ਨਾਲ ਹੀ ਬਜ਼ੁਰਗ ਅੱਜ ਜੂਝ ਰਹੇ ਹਨ। ਜ਼ਿਆਦਾਤਰ ਘਰਾਂ 'ਚ ਉਨ੍ਹਾਂ ਨਾਲ ਸਿੱਧੇ ਮੂੰਹ ਨਾਲ ਗੱਲ ਤੱਕ ਨਹੀਂ ਕੀਤੀ ਜਾਂਦੀ। ਉਨ੍ਹਾਂ ਦੀ ਖੁਸ਼ੀ-ਗਮੀ ਦਾ ਕੋਈ ਧਿਆਨ ਨਹੀਂ ਰੱਖਿਆ ਜਾਂਦਾ। ਸਮਾਜ ਦੇ ਮਜ਼ਬੂਤ ਥੰਮ੍ਹ ਇਨ੍ਹਾਂ ਬਜ਼ੁਰਗਾਂ ਨੇ ਸਾਰੀ ਉਮਰ ਆਪਣੀ ਔਲਾਦ ਦੇ ਨਾ ਲਗਾਈ ਹੁੰਦੀ ਹੈ। ਜਦ ਉਹੀ ਔਲਾਦ ਆਪਣੇ ਪੈਰਾਂ 'ਤੇ ਖੜ੍ਹੀ ਹੁੰਦੀ ਹੈ, ਤਾਂ ਬਜ਼ੁਰਗ ਮਾਪਿਆਂ ਨੂੰ ਤ੍ਰਿਸਕਾਰਨ ਲੱਗ ਜਾਂਦੀ ਹੈ। ਜਦ ਤਕ ਮਾਪੇ ਪੈਸੇ ਦੀ ਮਸ਼ੀਨ ਹੁੰਦੇ ਹਨ, ਤਾਂ ਪੁੱਛ-ਪੜਤਾਲ ਹੁੰਦੀ ਹੈ, ਬਾਅਦ 'ਚ ਬਿਗਾਨਿਆਂ ਵਾਲਾ ਵਰਤਾਉ ਹੋਣ ਲੱਗ ਜਾਂਦਾ ਹੈ। ਬਜ਼ੁਰਗਾਂ ਦੀ ਸਾਂਭ-ਸੰਭਾਲ ਨੂੰ ਅੱਜ ਦੇ ਪੁੱਤ ਅਤੇ ਨੂੰਹਾਂ ਬੋਝ ਸਮਝਣ ਲੱਗ ਪਏ ਹਨ। ਬਜ਼ੁਰਗਾਂ ਦੇ ਸਰਮਾਏ 'ਤੇ ਕਬਜ਼ਾ ਕਰਕੇ ਔਲਾਦ ਉਨ੍ਹਾਂ ਨੂੰ ਫਿਟਕਾਰਾਂ ਸੁਣਨ ਲਈ ਮਜਬੂਰ ਕਰ ਦਿੰਦੀ ਹੈ। ਅਸੱਭਿਅਕ ਸਬਦਾਂ ਨਾਲ ਸੰਬੋਧਨ ਕੀਤਾ ਜਾਂਦਾ ਹੈ। ਆਖਰ ਅਜਿਹਾ ਕਿਉਂ ਹੁੰਦਾ ਹੈ? ਜਿਨ੍ਹਾਂ ਦੀ ਖੁਸ਼ੀ ਲਈ ਮਾਪਿਆਂ ਨੇ ਦਿਨ-ਰਾਤ ਇਕ ਕੀਤਾ ਹੁੰਦਾ ਹੈ, ਉਹ ਬੱਚੇ ਸਭ ਕੁਝ ਭੁੱਲ ਕੇ ਪੈਸੇ ਦੇ ਪੀਰ ਬਣ ਜਾਂਦੇ ਹਨ।

**ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਭੇਜਣਾਂ ਕਿੰਨਾਂ ਕੁ ਜਾਇਜ਼?**

ਅਜੋਕੇ ਇਨਸਾਨ ਦੀ ਮਤਲਬਪ੍ਰਸਤੀ ਇਸ ਹੱਦ ਤੱਕ ਗਿਰ ਚੁੱਕੀ ਹੈ ਕਿ ਬਿਰਧ ਮਾਪਿਆਂ ਨੂੰ ਬਿਰਧ ਆਸ਼ਰਮਾਂ ਵਿਚ ਛੱਡ ਕੇ ਆਪ ਦੁਨੀਆਂ ਦੀਆਂ ਰੰਗੀਨੀਆਂ ਵਿਚ ਮਸਤ ਹੋ ਰਿਹਾ ਹੈ। ਜੋ ਆਪਣੇ ਜਨਮ ਦਾਤੇ ਦਾ ਨਹੀਂ ਹੋਇਆ, ਉਹ ਦੇਸ਼ ਸਮਾਜ ਦਾ ਕੀ ਸੰਵਾਰੇਗਾ। ਸੋਚਣ ਦੀ ਗੱਲ ਹੈ, ਅਗਰ ਜਨਮ ਸਮੇਂ ਸਾਡੇ ਮਾਪੇ ਸਾਡੇ ਵਾਂਗ ਮਤਲਬੀ ਹੋ ਜਾਂਦੇ, ਤਾਂ ਸਾਡਾ ਭਵਿੱਖ ਕੀ ਹੁੰਦਾ? ਸ਼ਾਇਦ ਅਸੀਂ ਵੀ ਅੱਜ ਕਿਸੇ ਅਨਾਥ ਆਸ਼ਰਮ 'ਚ ਹੋਣਾ ਸੀ, ਪਰ ਉਹ ਖੁਦਗਰਜ਼ ਨਹੀਂ ਬਣੇ। ਉਨ੍ਹਾਂ ਨੇ ਇਸ ਨੂੰ ਨੈਤਿਕ ਫਰਜ਼ ਸਮਝ ਕੇ ਨਿਭਾਇਆ, ਫਿਰ ਅਸੀਂ ਅਨੈਤਿਕਤਾ 'ਤੇ ਕਿਉਂ ਉਤਰ ਆਏ ਹਾਂ? ਸਾਡੇ ਦੇਸ਼ ਵਿਚ ਹਮੇਸ਼ਾ ਤੋਂ ਹੀ ਆਪਣੇ ਪੂਰਵਜਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਅਤੇ ਮਾਪਿਆਂ ਨੂੰ ਰੱਬ ਦਾ ਦਰਜਾ ਦਿੱਤਾ ਜਾਂਦਾ ਹੈ। ਹਰ ਮਾਂ-ਬਾਪ ਆਪਣੇ ਬੱਚਿਆਂ ਨੂੰ ਜ਼ਿੰਦਗੀ 'ਚ ਸਫਲ ਇਨਸਾਨ ਬਣਾਉਣ ਲਈ ਆਪਾ ਕੁਰਬਾਨ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ। ਬੁਢੇਪੇ ਵਿਚ ਮਾਪਿਆਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਔਲਾਦ ਦੇ ਮੋਢਿਆਂ 'ਤੇ ਹੁੰਦੀ ਹੈ, ਜਿਸ ਨੂੰ ਨਿਭਾਇਆ ਜਾਣਾ ਲਾਜ਼ਮੀ ਹੈ।

**ਮਾਂ ਅਤੇ ਪਿਤਾ ਦਿਵਸਾਂ ਦਾ ਮਹੱਤਵ**

ਇਨ੍ਹਾਂ ਮਾਂ ਅਤੇ ਪਿਤਾ ਦਿਵਸਾਂ ਦਾ ਮਹੱਤਵ ਹੀ ਇਹ ਹੈ ਕਿ ਮਾਪਿਆਂ ਵੱਲੋਂ ਮੂੰਹ ਫੇਰੀ ਬੈਠੀ ਔਲਾਦ ਨੂੰ ਉਸ ਦੇ ਕਰਤੱਵਾਂ ਦਾ ਗਿਆਨ ਕਰਾਇਆ ਜਾਵੇ। ਇਨ੍ਹਾਂ ਦਿਵਸਾਂ ਦੀ ਸਾਰਥਿਕਤਾ ਇਸ ਗੱਲ ਵਿਚ ਹੈ ਕਿ ਔਲਾਦ ਆਪਣੇ ਮਾਪਿਆਂ ਦੀ ਦੇਣ, ਸੰਘਰਸ਼ ਤੇ ਉਨ੍ਹਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਸਦਾ ਯਾਦ ਰੱਖੇ। ਕਿਸੇ ਵਿਦਵਾਨ ਨੇ ਕਿਹਾ ਹੈ, ਆਪਣੀ ਜ਼ਿੰਦਗੀ 'ਚ ਦੋ ਵਿਅਕਤੀਆਂ ਨੂੰ ਕਦੇ ਨਾ ਭੁੱਲੋ, ਇੱਕ ਪਿਤਾ ਉਹ ਜੋ ਤੁਹਾਨੂੰ ਕਿਸੇ ਮੁਕਾਮ 'ਤੇ ਪਹੁੰਚਾਉਣ ਲਈ ਆਪਣਾ ਸਭ ਕੁਝ ਨਿਸ਼ਾਵਰ ਕਰਨ ਨੂੰ ਤਿਆਰ ਰਹਿੰਦਾ ਹੈ। ਦੂਜਾ ਉਹ (ਮਾਤਾ) ਜੋ ਹਰ ਦੁੱਖ ਦਰਦ 'ਤੇ ਤੁਹਾਡਾ ਸਾਥ ਦਿੰਦੀ ਹੈ। ਇਸ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਲੋਕ ਆਪਣੀ ਜ਼ਿੰਮੇਵਾਰੀ ਸਮਝਣ ਤੇ ਮਾਪਿਆਂ ਨੂੰ ਬਣਦਾ ਮਾਣ-ਸਨਮਾਨ ਦੇਣ ਦੀ ਕੋਸ਼ਿਸ਼ ਕਰਨ। ਮਾਂ-ਪਿਉ ਦੀ ਸੇਵਾ ਹੀ ਅਸਲ ਵਿਚ ਰੱਬ ਦੀ ਸੱਚੀ ਪੂਜਾ ਹੈ। ਜੋ ਇਨਸਾਨ ਮਾਪਿਆਂ ਅਤੇ ਬਜ਼ੁਰਗਾਂ ਦੀ ਸੇਵਾ ਅਤੇ ਸਤਿਕਾਰ ਕਰਦਾ ਹੈ, ਉਨ੍ਹਾਂ ਦੁਨੀਆਂ ਦੇ ਸਾਰੇ ਸੁੱਖ ਜਿਉਂਦੇ ਜੀਅ ਪ੍ਰਾਪਤ ਕਰ ਸਕਦਾ ਹੈ।

ਜਿਉਂਦੇ ਜੀ ਕਦੇ ਵੀ ਪਿਤਾ ਦਾ ਦੇਣ ਨਹੀਂ ਦਿੱਤਾ ਜਾ ਸਕਦਾ, ਸਿਰਫ ਉਨ੍ਹਾਂ ਦੀ ਸੇਵਾ ਕਰਕੇ ਉਨ੍ਹਾਂ ਨੂੰ ਖੁਸ਼ ਰੱਖਿਆ ਜਾ ਸਕਦਾ ਹੈ। ਪਿਤਾ ਹਰ ਵੇਲੇ ਆਪਣੇ ਬੱਚਿਆਂ ਨੂੰ ਹਸਦੇ-ਵਸਦੇ ਵੇਖਣਾ ਚਾਹੁੰਦਾ ਹੈ। ਪਿਤਾ ਦੇ ਸਾਏ ਹੇਠ ਸਾਰਾ ਸੰਸਾਰ ਆਪਣਾ ਲੱਗਦਾ ਹੈ ਅਤੇ ਪਿਤਾ ਤੋਂ ਬਿਨ੍ਹਾਂ ਤਾਂ ਸੰਸਾਰ ਵੀ ਇੱਕ ਸੁਪਨਾ ਮਾਤਰ ਬਣ ਕੇ ਰਹਿ ਜਾਂਦਾ ਹੈ। ਬੱਚਿਆਂ ਦੇ ਸੁਪਨਿਆਂ ਦੀ ਪੂਰਤੀ ਲਈ ਪਿਤਾ ਦਾ ਅਹਿਮ ਰੋਲ ਹੁੰਦਾ ਹੈ। ਸੋ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਪਿਤਾ ਦੀ ਅਹਿਮੀਅਤ ਸਮਝਣੀ ਚਾਹੀਦੀ ਹੈ, ਤਾਂ ਜੋ ਉਨ੍ਹਾਂ ਦੇ ਸਤਿਕਾਰ ਵਿਚ ਕਦੇ ਵੀ ਕਮੀ ਨਾ ਆਵੇ। ਅੱਜ ਸਮੁੱਚੇ ਵਿਸ਼ਵ ਵਿਚ "ਪਿਤਾ ਦਿਵਸ" ਮਨਾਇਆ ਜਾ ਰਿਹਾ ਹੈ। ਆਉ ਇਸ ਵਿਸ਼ੇਸ਼ ਦਿਨ ਨੂੰ ਸਮਰਪਿਤ ਹੁੰਦੇ ਹੋਏ ਮਾਤਾ-ਪਿਤਾ ਅਤੇ ਬਜ਼ੁਰਗਾਂ ਦੀ ਸੇਵਾ ਦਾ ਪ੍ਰਣ ਕਰੀਏ ਤੇ ਆਪਣੇ ਜੀਵਨ ਨੂੰ ਜਿਉਂਦੇ ਜੀਅ ਸਵਰਗਮਈ ਬਣਾਈਏ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਬਣੀਏ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ



Dr. Bindra Clinic



Dental Care & Hair Transplant
COSMETIC - IMPLANT - RESTORATIVE

ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।



Dr. Simranpal Singh Bindra
M.D.S, Endodontist

HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in



Dr. Samarpan Kaur
B.D.S, M.H.M

Editorial Board

Chief Editor
Gurjatinder Singh Randhawa

Sub Editors
Sandeep Kumar
Amit Saini

Distributor
Jai Singh

Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਗੁਰਦੁਆਰਾ ਨਨਕਾਣਾ ਸਾਹਿਬ ਦੀ ਯਾਤਰਾ

## (ਸਫ਼ਰਨਾਮਾ)



ਹਰਪ੍ਰੀਤ ਸਿੰਘ ਸਵੈਚ
ਮੋਬਾਇਲ: 98782-24000
ਪੰਜਾਬ ਮੇਲ USA



ਰੜਦੇ ਪੰਜਾਬ ਦਾ ਲਗਭਗ ਹਰ ਸਿੱਖ ਰੋਜ਼ਾਨਾ ਇਹ ਅਰਦਾਸ ਕਰਦਾ ਹੈ ਕਿ ਜਿਨ੍ਹਾਂ ਗੁਰਧਾਮਾਂ ਨੂੰ ਪੰਥ ਤੋਂ ਵਿਛੋੜਿਆ ਗਿਆ ਹੈ, ਉਨ੍ਹਾਂ ਦੇ ਖੁੱਲ੍ਹੇ ਦਰਸ਼ਨ-ਦੀਦਾਰ ਹੋਣ। ਕਈਆਂ ਦੀਆਂ ਉਮਰਾਂ ਗੁਜ਼ਰ ਜਾਂਦੀਆਂ ਹਨ ਪਰ ਵਿਛੜੇ ਗੁਰਧਾਮਾਂ ਦੇ ਦੀਦਾਰ ਨਹੀਂ ਹੋ ਪਾਉਂਦੇ। ਸੱਚੇ ਪਾਤਸ਼ਾਹ ਦੀ ਰਹਿਮਤ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਿਸਾਖੀ ਮੌਕੇ ਪਾਕਿਸਤਾਨ ਭੇਜੇ ਗਏ ਜਥੇ ਨਾਲ ਪਹਿਲੇ ਪਾਤਸ਼ਾਹ ਦੀ ਜਨਮ ਭੂਮੀ ਅਤੇ ਸਿੱਖਾਂ ਦਾ ਮੱਕਾ ਕਹੇ ਜਾਣ ਵਾਲੇ ਗੁਰਦੁਆਰਾ ਨਨਕਾਣਾ ਸਾਹਿਬ ਦੇ ਦਰਸ਼ਨਾਂ ਦਾ ਸਬੱਬ ਬਣ ਗਿਆ।

ਨਨਕਾਣਾ ਸਾਹਿਬ ਰੇਲਵੇ ਸਟੇਸ਼ਨ 'ਤੇ ਪਹੁੰਚਦਿਆਂ ਹੀ ਸਥਾਨਕ ਲੋਕਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਬੜੀ ਗਰਮਜੋਸ਼ੀ ਨਾਲ ਸਾਡਾ ਇਸਤਕਬਾਲ ਕੀਤਾ ਗਿਆ। ਰੇਲਵੇ ਸਟੇਸ਼ਨ ਤੋਂ ਡੇਢ ਕੁ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਉਸ ਮੁਕੱਦਸ ਸਥਾਨ 'ਤੇ ਪਹੁੰਚੇ, ਜਿੱਥੇ ਸਿੱਖ ਇਤਿਹਾਸ ਦਾ ਪਹਿਲਾ ਪੰਨਾ ਲਿਖਿਆ ਗਿਆ ਸੀ। ਇਹੀ ਉਹ ਥਾਂ ਹੈ, ਜਿਸਨੂੰ ਰਾਏ ਭੋਏ ਦੀ ਤਲਵੰਡੀ ਕਿਹਾ ਜਾਂਦਾ ਸੀ। ਪਹਿਲੇ ਪਾਤਸ਼ਾਹ ਦਾ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਬਹੁਤ ਵੱਡੀ ਤੇ ਖੁੱਲ੍ਹੀ ਜਗ੍ਹਾ ਵਿਚ ਬਣਿਆ ਹੋਇਆ ਹੈ।

ਇਸ ਗੁਰਦੁਆਰਾ ਸਾਹਿਬ ਦੀ ਟਹਿਲ ਸੇਵਾ ਮਹਾਰਾਜਾ ਰਣਜੀਤ ਸਿੰਘ ਦੇ ਹਿੱਸੇ ਆਈ ਸੀ। ਮੰਨਿਆ ਜਾਂਦਾ ਹੈ ਕਿ ਪਹਿਲੇ ਪਾਤਸ਼ਾਹ ਨੂੰ ਰੱਬ ਸਰੂਪ ਵੇਖਣ ਵਾਲੇ ਪਹਿਲੇ ਦੁਨਿਆਵੀ ਰਾਏ ਬੁਲਾਰ ਜੀ ਵੱਲੋਂ ਆਪਣੀ ਲਗਭਗ 20 ਹਜ਼ਾਰ ਏਕੜ ਜ਼ਮੀਨ ਗੁਰੂ ਸਾਹਿਬ ਦੇ ਨਾਮ ਲਗਵਾਈ ਗਈ ਸੀ। ਗੁਰਦੁਆਰਾ ਸਾਹਿਬ ਦੇ ਬਾਹਰ ਕਾਫ਼ੀ ਵੱਡਾ ਬਾਜ਼ਾਰ ਹੈ, ਜਿੱਥੋਂ ਦੀਆਂ ਬਹੁਤੀਆਂ ਦੁਕਾਨਾਂ ਦੀ ਮਲਕੀਅਤ ਗੁਰਦੁਆਰਾ ਸਾਹਿਬ ਦੇ ਕੋਲ ਹੀ ਹੈ। ਇੱਥੋਂ ਦੀ ਧਰਤੀ ਦੇ ਕਣ-ਕਣ ਵਿਚ ਬਾਬੇ ਨਾਨਕ ਦੀ ਖੁਸ਼ਬੋ ਵਸੀ ਹੋਈ ਹੈ।

ਇੱਥੇ ਉਹ ਜੰਡ ਸਾਹਿਬ ਵੀ ਮੌਜੂਦ ਹੈ, ਜੋ ਸਾਨੂੰ ਸਾਕਾ ਨਨਕਾਣਾ ਸਾਹਿਬ ਦੀ ਯਾਦ ਦਿਵਾਉਂਦਾ ਹੈ। ਭਾਈ ਲਛਮਣ ਸਿੰਘ ਅਤੇ ਹੋਰ ਸਿੰਘਾਂ ਨੂੰ ਇਸੇ ਜੰਡ ਹੇਠਾਂ ਸ਼ਹੀਦ ਕੀਤਾ ਗਿਆ ਸੀ। ਅਸਲ ਵਿਚ ਸਾਕਾ ਨਨਕਾਣਾ ਲਹਿਰ ਦਾ ਆਰੰਭ ਹੋਇਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਸੀ। ਗੁਰਦੁਆਰਾ ਸਾਹਿਬ ਵਿਚ ਸੰਗਤਾਂ ਦੇ ਠਹਿਰਨ ਲਈ ਖੁੱਲ੍ਹੀਆਂ-ਡੁੱਲ੍ਹੀਆਂ ਵੱਡੀ ਗਿਣਤੀ ਵਿਚ ਸਰਾਵਾਂ ਬਣੀਆਂ ਹੋਈਆਂ ਹਨ। ਇੱਥੇ ਬੇਬੇ ਨਾਨਕੀ ਦਾ ਖੂਹ ਵੀ ਮੌਜੂਦ ਹੈ, ਜਿੱਥੋਂ ਉਹ ਪਾਣੀ ਭਰਿਆ ਕਰਦੇ ਸਨ।

ਜਨਮ ਅਸਥਾਨ ਦੇ ਨੇੜੇ-ਤੇੜੇ ਹੀ 5-6 ਛੋਟੇ-ਛੋਟੇ ਗੁਰਦੁਆਰਾ ਸਾਹਿਬ ਜਿਵੇਂ ਗੁਰਦੁਆਰਾ ਬਾਲ ਲੀਲਾ ਸਾਹਿਬ, ਜਿੱਥੇ ਪਹਿਲੇ ਪਾਤਸ਼ਾਹ ਬਚਪਨ ਵਿਚ ਖੇਡਦੇ ਹੁੰਦੇ ਸੀ, ਗੁਰਦੁਆਰਾ ਪੱਟੀ ਸਾਹਿਬ, ਜਿੱਥੇ ਗੁਰੂ ਸਾਹਿਬ ਗੋਪਾਲ ਪਾਂਧੇ ਪਾਸ ਪੜ੍ਹਨ ਗਏ ਸੀ, ਗੁਰਦੁਆਰਾ ਮਾਲ ਸਾਹਿਬ, ਜਿੱਥੇ ਗੁਰੂ ਸਾਹਿਬ ਮੱਝਾਂ ਚਾਰਦੇ ਹੁੰਦੇ ਸੀ, ਗੁਰਦੁਆਰਾ ਕਿਆਰਾ ਸਾਹਿਬ, ਜਿੱਥੇ ਗੁਰੂ ਸਾਹਿਬ ਦੀਆਂ ਮੱਝਾਂ ਨੇ ਜੱਟ ਦੀ ਫਸਲ ਉਜਾੜ ਦਿੱਤੀ ਸੀ, ਗੁਰਦੁਆਰਾ ਤੰਬੂ ਸਾਹਿਬ, ਜਿੱਥੇ ਗੁਰੂ ਸਾਹਿਬ ਸੱਚਾ ਸੌਦਾ ਕਰਨ ਤੋਂ ਬਾਅਦ ਬਿਰਾਜੇ ਸਨ,

ਇੱਥੋਂ ਤਕਰੀਬਨ 45 ਕਿਲੋਮੀਟਰ ਦੂਰ ਫਾਰੂਖਾਬਾਦ ਵਿਖੇ ਗੁਰਦੁਆਰਾ ਸੱਚਾ ਸੌਦਾ ਸਾਹਿਬ ਦੇ ਵੀ ਦੀਦਾਰ ਕੀਤੇ। ਇਹ ਗੁਰਦੁਆਰਾ ਸਾਹਿਬ ਬਹੁਤ ਰਮਣੀਕ ਥਾਂ ਵਿਚ ਬਣਿਆ ਹੋਇਆ ਹੈ। ਗੁਰਦੁਆਰਾ ਸਾਹਿਬ ਦਾ ਸਾਰਾ ਪਰਿਸਰ ਹਰੇ-ਭਰੇ ਰੁੱਖਾਂ, ਫੁੱਲਾਂ ਤੇ ਫਲ ਬੂਟਿਆਂ ਨਾਲ ਭਰਿਆ ਪਿਆ ਹੈ। ਇਹੀ ਉਹ ਸਥਾਨ ਹੈ, ਜਿੱਥੇ ਗੁਰੂ ਸਾਹਿਬ ਨੇ 20 ਰੁਪਏ ਨਾਲ ਭੁੱਖੇ ਸਾਧੂਆਂ ਨੂੰ ਲੰਗਰ ਛਕਾ ਕੇ ਸੱਚਾ ਸੌਦਾ ਕੀਤਾ ਸੀ।

ਇਸ ਯਾਤਰਾ ਦੌਰਾਨ ਕਈ ਘਟਨਾਵਾਂ ਐਸੀਆਂ ਵਾਪਰੀਆਂ, ਜੋ ਦਿਲ ਨੂੰ ਛੂਹ ਗਈਆਂ। ਨਨਕਾਣਾ ਸਾਹਿਬ ਵਿਖੇ ਸ਼ਾਮ ਨੂੰ ਬਾਜ਼ਾਰ ਵਿਚ ਘੁੰਮਦਿਆਂ ਅਚਾਨਕ ਇਕ 12-13 ਸਾਲ ਦੀ ਕੁੜੀ ਆਪਣੀ ਮਾਤਾ ਦਾ ਹੱਥ ਛੁਡਵਾ ਕੇ ਮੇਰੇ ਕੋਲ ਆਈ ਤੇ ਉਸਨੇ ਮੇਰਾ ਹੱਥ ਫੜ ਕੇ ਆਪਣੇ ਮੱਥੇ ਨੂੰ ਲਗਾ ਕੇ ਚੁੰਮ ਲਿਆ। ਉਸਨੇ ਆਖਿਆ ਕਿ ਤੁਸਾਂ ਸਾਡੇ ਪੀਰ ਨਾਨਕ ਸਰਕਾਰ ਦੇ ਪਾਕ ਦਰ 'ਤੇ ਆਏ ਹੋ, ਮੈਨੂੰ ਆਪਣੀ ਕੋਈ ਨਿਸ਼ਾਨੀ ਦੇ ਕੇ ਜਾਓ। ਮੈਂ ਮਨ ਵਿਚ ਸੋਚਿਆ ਕਿ ਪੈਸੇ ਦੀ ਮੰਗ ਕਰਦੀ ਹੋਣੀ। ਸੋ, ਮੈਂ ਭਾਰਤੀ ਰੁਪਏ ਦਾ ਇਕ ਨੋਟ ਉਸਨੂੰ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸਨੇ ਨੋਟ ਲੈਣ ਤੋਂ ਇਨਕਾਰ ਕਰਦਿਆਂ ਮੇਰੇ ਹੱਥ ਵਿਚ ਪਾਏ ਕੜੇ ਵੱਲ ਇਸ਼ਾਰਾ ਕੀਤਾ। ਮੈਂ ਹੱਥ ਵਿਚੋਂ ਕੜਾ ਉਤਾਰ ਕੇ ਉਸਨੂੰ ਫੜਾ ਦਿੱਤਾ ਤੇ ਉਸਨੇ ਬੜੇ ਚਾਅ ਨਾਲ ਕੜਾ ਆਪਣੇ ਮੱਥੇ ਨਾਲ ਛੁਹਾ ਕੇ ਆਪਣੇ ਹੱਥ ਵਿਚ ਪਾ ਲਿਆ ਤੇ ਮੈਨੂੰ ਅੱਲ੍ਹਾ ਖੈਰ ਕਰੇ ਕਹਿ ਕੇ ਚਲੀ ਗਈ।

ਇਸੇ ਤਰ੍ਹਾਂ ਗੁਰਦੁਆਰਾ ਸੱਚਾ ਸੌਦਾ ਸਾਹਿਬ ਵਿਖੇ ਮੇਰੀ ਜੁੱਤੀ ਚੋਰੀ ਹੋ ਗਈ ਅਤੇ ਮੇਰੇ ਇਕ ਸਾਥੀ ਦੀ ਜੁੱਤੀ ਨਨਕਾਣਾ ਸਾਹਿਬ ਵਿਖੇ ਚੋਰੀ ਹੋ ਗਈ। ਅਸੀਂ ਇਹ ਸੋਚ ਕੇ ਮਨ ਨੂੰ ਦਿਲਾਸਾ ਦਿੱਤਾ ਕਿ ਚਲੋ ਜੁੱਤੀ ਕਿਸੇ ਦੇ ਲੇਖੇ ਲੱਗ ਗਈ। ਸਾਨੂੰ ਇਕ ਬਜ਼ੁਰਗ ਨੇ ਮਸ਼ਵਰਾ ਦਿੱਤਾ ਕਿ ਜੁੱਤੀ ਖੋਲ੍ਹਣ ਲੱਗਿਆਂ ਜੁੱਤੀ ਦਾ ਇਕ ਪੈਰ ਕਿਤੇ ਹੋਰ ਰੱਖੋ ਤੇ ਦੂਜਾ ਪੈਰ ਕਿਤੇ ਹੋਰ। ਅਸੀਂ ਇਸੇ ਤਰ੍ਹਾਂ ਕੀਤਾ ਤੇ ਮੁੜ ਸਾਰੀ ਯਾਤਰਾ ਦੌਰਾਨ ਸਾਡੀ ਜੁੱਤੀ ਚੋਰੀ ਨਹੀਂ ਹੋਈ।

ਪਾਕਿਸਤਾਨ ਦੇ ਇਸ ਸਫ਼ਰ ਦੌਰਾਨ ਇਹ ਗੱਲ ਮਹਿਸੂਸ ਕੀਤੀ ਕਿ ਇੱਥੇ ਅਮੀਰ ਅਤੇ ਗਰੀਬ ਵਿਚਲਾ ਪਾੜਾ ਬਹੁਤ ਜ਼ਿਆਦਾ ਹੈ। ਆਪਣੇ ਦੇਸ਼ ਵਾਂਗ ਇੱਥੇ ਮੱਧ ਵਰਗ ਦੀ ਗਿਣਤੀ ਬਹੁਤ ਥੋੜ੍ਹੀ ਹੈ। ਇੱਥੋਂ ਦਾ ਆਮ ਨਾਗਰਿਕ ਆਪਣੇ ਖਰਚੇ ਵੀ ਨਹੀਂ ਕੱਢ ਪਾਉਂਦਾ। ਰੇਲ ਵਿਚ ਮੌਜੂਦ ਇਕ ਸੁਰੱਖਿਆ ਕਰਮੀ ਨੇ ਦੱਸਿਆ ਕਿ ਉਸਦੇ ਤਿੰਨ ਬੱਚੇ ਹਨ, ਜੋ ਨਿੱਜੀ ਸਕੂਲਾਂ ਵਿਚ ਪੜ੍ਹਦੇ ਹਨ। ਉਸ ਦੀ ਤਨਖਾਹ ਤਕਰੀਬਨ ਇਕ ਲੱਖ ਰੁਪਏ ਹੈ ਪ੍ਰੰਤੂ ਐਨੇ ਪੈਸਿਆਂ ਨਾਲ ਵੀ ਉਹ ਆਪਣੇ ਪਰਿਵਾਰ ਦਾ ਗੁਜ਼ਾਰਾ ਮਸਾਂ ਹੀ ਚਲਾ ਪਾਉਂਦਾ ਹੈ।

ਇੱਥੋਂ ਦੇ ਨੌਜੁਆਨਾਂ ਵਿਚ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦਾ ਬਹੁਤ ਉਤਸ਼ਾਹ ਹੈ। ਦੁਕਾਨਾਂ, ਘਰਾਂ, ਟਰੈਕਟਰਾਂ, ਕਾਰਾਂ ਤੇ ਮੋਟਰ ਸਾਈਕਲਾਂ 'ਤੇ ਸਿੱਧੂ ਮੂਸੇਵਾਲਾ ਤੇ ਐਮੀ ਵਿਰਕ ਦੇ ਪੋਸਟਰ ਲੱਗੇ ਆਮ ਹੀ ਦਿੱਸਦੇ ਹਨ। ਇੱਥੇ ਕਈ ਨੌਜੁਆਨ ਮੁੰਡੇ-ਕੁੜੀਆਂ ਨੇ ਸਾਡੇ ਨਾਲ ਤਸਵੀਰਾਂ ਵੀ ਖਿਚਵਾਈਆਂ। ਇਕ ਮੁਸਲਿਮ ਕੁੜੀ ਨੇ ਮੈਨੂੰ ਸਵਾਲ ਕੀਤਾ ਕਿ ਤੁਹਾਡੇ ਇਸ ਜਥੇ ਵਿਚ ਜ਼ਿਆਦਾਤਰ ਬਜ਼ੁਰਗ ਹੀ ਕਿਉਂ ਆਉਂਦੇ ਹਨ, ਨੌਜੁਆਨ ਮੁੰਡੇ-ਕੁੜੀਆਂ ਕਿਉਂ ਨਹੀਂ ਆਉਂਦੇ ? ਇਸ ਗੱਲ ਦਾ ਮੇਰੇ ਕੋਲ ਕੋਈ ਸਾਰਥਕ ਜਵਾਬ ਨਹੀਂ ਸੀ। ਮੈਂ ਵੀ ਆਪਣੀ ਯਾਤਰਾ ਦੌਰਾਨ ਮਹਿਸੂਸ ਕੀਤਾ ਕਿ ਜਥੇ ਵਿਚ ਇਕੱਲੇ ਆਉਣ ਵਾਲੇ ਬਜ਼ੁਰਗਾਂ ਦੀ ਖੱਜਲ-ਖੁਆਰੀ ਬਹੁਤ ਹੁੰਦੀ ਹੈ। ਬੱਸਾਂ ਅਤੇ ਰੇਲ ਵਿਚ ਵਾਰ-ਵਾਰ ਸਮਾਨ ਉਤਾਰਨਾ ਤੇ ਚੜ੍ਹਾਉਣਾ, ਸਰਾਵਾਂ ਵਿਚ ਕਮਰੇ ਲੈਣ ਲਈ ਭੱਜ-ਨੱਠ ਕਰਨੀ, ਬਿਸਤਰੇ ਇਕੱਠੇ ਕਰਨੇ, ਲੰਗਰ ਲਈ ਲਾਈਨਾਂ ਵਿਚ ਲੱਗਣਾ ਬਜ਼ੁਰਗਾਂ ਲਈ ਸੌਖਾ ਨਹੀਂ ਹੁੰਦਾ। ਇਸ ਲਈ ਬਜ਼ੁਰਗਾਂ ਨੂੰ ਜਥੇ ਵਿਚ ਇਕੱਲੇ ਭੇਜਣ ਦੀ ਬਜਾਏ ਨੌਜੁਆਨ ਬੱਚਿਆਂ ਨੂੰ ਵੀ ਉਨ੍ਹਾਂ ਦੇ ਨਾਲ ਆਉਣਾ ਚਾਹੀਦਾ ਹੈ। ਇਸ ਨਾਲ ਜਿੱਥੇ ਨੌਜੁਆਨਾਂ ਨੂੰ ਆਪਣੇ ਗੁਰਧਾਮਾਂ ਦੇ ਦਰਸ਼ਨਾਂ ਦਾ ਮੌਕਾ ਮਿਲੇਗਾ, ਉੱਥੇ ਬਜ਼ੁਰਗਾਂ ਦੀ ਸੇਵਾ ਸੰਭਾਲ ਵੀ ਹੋ ਸਕੇਗੀ।

ਇਨ੍ਹਾਂ ਗੁਰਧਾਮਾਂ ਦੇ ਦਰਸ਼ਨ ਕਰਕੇ ਸਾਨੂੰ ਇੰਝ ਮਹਿਸੂਸ ਹੋਇਆ, ਜਿਵੇਂ ਕੋਈ ਮੁਸਲਮਾਨ ਵੀਰ ਹੱਜ ਕਰਕੇ ਆਉਂਦਾ ਹੈ, ਕਿਉਂਕਿ ਸਾਡਾ ਤਾਂ ਇਹੀ ਮੱਕਾ ਮਦੀਨਾ ਹੈ।

# ਲੋਕ ਸਭਾ ਚੋਣਾਂ-2024 : ਪੰਜਾਬ ਦੇ ਸਿਆਸਤਦਾਨਾਂ ਨੂੰ ਸਬਕ ਸਿੱਖਣ ਦੀ ਲੋੜ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਡਾ. ਅਮਨਪ੍ਰੀਤ ਸਿੰਘ ਬਰਾੜ
ਮੋਬ : 96537-90000
ਪੰਜਾਬ ਮੇਲ USA



ਲੋਕ ਸਭਾ ਚੋਣਾਂ ਨੇ ਦੇਸ਼ ਦੇ ਅੰਦਰ ਇੱਕ ਨਵੀ ਤਰ੍ਹਾਂ ਦੀ ਲਹਿਰ ਨੂੰ ਉਭਾਰਿਆ ਹੈ, ਜਿਸ ਦੇ ਚੱਲਦੇ ਭਾਵੇਂ ਕੇਂਦਰ ਵਿਚ ਸਰਕਾਰ ਐੱਨ.ਡੀ.ਏ. ਬਣ ਦੀ ਨਜ਼ਰ ਆਉਂਦੀ ਹੈ। ਉਹ ਨਾਅਰਾ ਇਸ ਵਾਰ 400 ਪਾਰ ਕਿਤੇ ਨੇੜੇ-ਤੇੜੇ ਵੀ ਨਹੀਂ ਖੜ੍ਹਿਆ। ਇਸ ਵਿਚ ਵੱਡੀ ਚਰਚਾ ਉਦੋਂ ਬਣਦੀ ਹੈ, ਜਦੋਂ ਪੰਜਾਬ ਜੋ ਹਮੇਸ਼ਾ ਹੀ ਇੱਕ ਅਲੱਗ ਇਤਿਹਾਸ ਸਿਰਜਦਾ ਹੈ, ਉਸ ਵਿਚੋਂ ਕਈ ਪਾਰਟੀਆਂ ਦੇ ਨੁਮਾਇੰਦੇ ਦਲ ਬਦਲ ਕੇ ਭਾਰਤੀ ਜਨਤਾ ਪਾਰਟੀ ਵਿਚ ਗਏ। ਲੋਕਾਂ ਨੇ ਉਨ੍ਹਾਂ ਨੂੰ ਵੀ ਚੰਗੀ ਤਰ੍ਹਾਂ ਉਨ੍ਹਾਂ ਦੀ ਹੈਸੀਅਤ ਦਿਖਾ ਦਿੱਤੀ। ਪਰ ਗੱਲ ਇਸ ਵੇਲੇ ਸਭ ਤੋਂ ਵੱਡੀ ਹੈ ਕਿ ਪੰਜਾਬ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਦੀ ਸਰਕਾਰ ਤੋਂ ਸਵਾ ਦੋ ਸਾਲ ਵਿਚ ਹੀ ਮੋਹ ਭੰਗ ਹੋ ਗਿਆ ਹੈ। ਇਸ ਵਿਚ ਜ਼ਿਕਰਯੋਗ ਹੈ ਕਿ ਉਨ੍ਹਾਂ ਤੋਂ ਮੋਹ ਤਾਂ ਭੰਗ ਹੋਇਆ ਪਰ ਵਾਪਸੀ ਹੋਈ ਕਾਂਗਰਸ ਵੱਲ। ਇਸ ਵਿਚ ਸਾਡੀ ਪੰਥਕ ਅਤੇ ਖੇਤਰੀ ਪਾਰਟੀ ਕਿਉਂ ਪਿਛੜ ਗਈ, ਜਦਕਿ ਮੋਟੇ ਤੌਰ 'ਤੇ ਸਾਰੇ ਦੇਸ਼ ਵਿਚ ਹੀ ਖੇਤਰੀ ਪਾਰਟੀਆਂ ਮੋਹਰੀ ਰਹੀਆਂ। ਹਾਲਾਂਕਿ ਉਨ੍ਹਾਂ ਨੇ ਮਿਹਨਤ ਸਭ ਨਾਲੋਂ ਜ਼ਿਆਦਾ ਕੀਤੀ ਪਰ ਪੱਲੇ ਕੁੱਝ ਨਹੀਂ ਪਿਆ। ਇਸ ਵੇਲੇ ਵਿਸ਼ਲੇਸ਼ਣ ਕਰਦੇ ਹਾਂ ਕਿ ਕਿਸ ਪਾਰਟੀ ਦੀਆਂ ਕੀ ਕਮੀਆਂ ਰਹੀਆਂ ਹਨ। ਸਭ ਤੋਂ ਪਹਿਲਾਂ ਗੱਲ ਕਰਦੇ ਹਾਂ ਸਾਂਝੀ ਖੇਤਰੀ ਪਾਰਟੀ ਦੀ ।

**ਸ਼੍ਰੋਮਣੀ ਅਕਾਲੀ ਦਲ**:- ਸ਼੍ਰੋਮਣੀ ਅਕਾਲੀ ਦਲ ਦਾ ਜਿਹੜਾ ਵੋਟ ਬੈਂਕ ਹੈ, ਉਹ ਦੋ ਤਰ੍ਹਾਂ ਦੇ ਲੋਕਾਂ 'ਤੇ ਨਿਰਭਰ ਕਰਦਾ ਹੈ। ਇੱਕ ਪੰਥਕ ਜਾਂ ਸਿੱਖਾਂ ਦੀ ਵੋਟ, ਦੂਜੀ ਕਿਸਾਨੀ ਅਤੇ ਖੇਤ ਮਜ਼ਦੂਰਾਂ ਦੀਆਂ ਵੋਟਾਂ। ਇਸ ਵਿਚ ਜ਼ਿਕਰਯੋਗ ਗੱਲ ਹੈ ਕਿ ਬਾਦਲ ਪਰਿਵਾਰ ਨੇ ਆਪਣਾ ਕਿਲ੍ਹਾ ਯਾਨੀ ਬਠਿੰਡਾ ਬਚਾਇਆ ਹੀ ਨਹੀਂ, ਬਲਕਿ ਉਸਨੂੰ 2019 ਦੇ ਹਿਸਾਬ ਨਾਲ ਹੋਰ ਮਜ਼ਬੂਤ ਕੀਤਾ ਹੈ। ਇਸ ਵਿਚ ਬਾਕੀਆਂ ਲਈ ਸੋਚਣ ਦੀ ਗੱਲ ਹੈ, ਜਿਥੇ ਸਾਰੇ ਪਾਸੇ ਅਕਾਲੀ ਦਲ ਦੀ ਬੁਰੀ ਤਰ੍ਹਾਂ ਹਾਰ ਹੋਈ ਹੈ, ਤਕਰੀਬਨ ਤੀਜੇ ਜਾਂ ਚੌਥੇ ਸਥਾਨ 'ਤੇ ਰਹੇ ਹਨ, ਉਥੇ ਬਠਿੰਡੇ ਵਿਚ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ। ਯਾਨੀ ਕਿ ਇਸ ਵਿਚ ਫਰਕ ਸਮਝਣ ਦੀ ਲੋੜ ਹੈ ਕਿ ਲੋਕ ਆਪ ਸਰਕਾਰ ਦੀ ਕਾਰਗੁਜ਼ਾਰੀ ਤੋਂ ਤਾਂ ਖੁਸ਼ ਨਹੀਂ ਸਨ। ਫੇਰ ਵੀ ਉਹ ਕਾਂਗਰਸ ਵੱਲ ਨਹੀਂ ਗਏ, ਯਾਨੀ ਕਿ ਕਹਿਣ ਦਾ ਭਾਵ ਕਿ ਉਨ੍ਹਾਂ ਨੂੰ ਆਪਣਾ ਪਰਿਵਾਰ ਸਮਝਣ ਵਾਲੇ ਵਿਅਕਤੀ ਨੇ ਉਨ੍ਹਾਂ ਦੇ ਦਿਲਾਂ 'ਤੇ ਰਾਜ ਕੀਤਾ। ਇਸ ਵਿਚ ਇੱਕ ਹੋਰ ਵੱਡੀ ਗੱਲ ਹੈ ਕਿ ਬੀਬਾ ਹਰਸਿਮਰਤ ਕੌਰ ਬਾਦਲ ਨੂੰ ਇਹ ਯਕੀਨ ਹੁੰਦਾ ਹੈ ਕਿ ਉਨ੍ਹਾਂ ਨੂੰ ਇਹ ਹੀ ਹਲਕਾ ਮਿਲਣਾ ਹੈ। ਅਕਾਲੀ ਦਲ ਨੇ ਪਿੱਛੇ ਪੰਜਾਬ ਬਚਾਉ ਯਾਤਰਾ ਕੱਢੀ, ਉਸ ਵਿਚ ਅਕਾਲੀ ਵਰਕਰਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ। ਉਸ ਯਾਤਰਾ ਵਿਚ ਅਤੇ ਯਾਤਰਾ ਤੋਂ ਬਾਹਰ ਵੀ ਮੁੱਦੇ ਸਿਰਫ ਅਕਾਲੀ ਦਲ ਵਿਚੋਂ ਤਿੰਨ ਹੀ ਲੋਕ ਉਠਾਉਂਦੇ ਰਹੇ, ਉਹ ਹਨ ਸ. ਸੁਖਬੀਰ ਸਿੰਘ ਬਾਦਲ, ਬੀਬਾ ਹਰਸਿਮਰਤ ਕੌਰ ਅਤੇ ਬਿਕਰਮ ਸਿੰਘ ਮਜੀਠੀਆ। ਬਾਕੀ ਦੇ ਪੁਰਾਣੇ ਮੰਤਰੀ-ਸੰਤਰੀ ਜਾਂ ਸਪੋਕਸਮੈਨ ਤਾਂ ਕਿਤੇ ਹਾੜ੍ਹ-ਸਿਆਲ ਹੀ ਬਿਆਨ ਦਿੰਦੇ ਨਜ਼ਰ ਆਏ। ਹਾਲਾਂਕਿ ਅਕਾਲੀ ਦਲ ਨੇ ਕਈ ਮੁੱਖ ਬੁਲਾਰੇ ਵੀ ਲਾਏ ਪਰ ਚਿਹਰਾ ਤਕਰੀਬਨ ਅਰਸ਼ਦੀਪ ਕਲੇਰ ਦਾ ਹੀ ਨਜ਼ਰ ਆਇਆ। ਇਸ ਵਿਚ ਅਕਾਲੀ ਦਲ ਦੇ ਇੱਕ ਬੁਲਾਰੇ ਨੇ 1 ਤਾਰੀਖ ਦੀ ਡੀਬੇਟ ਵਿਚ ਕਿਹਾ ਕਿ ਆਪ ਤਾਂ ਫੇਸਬੁੱਕ ਵਿਚੋਂ ਨਿਕਲੀ ਹੋਈ ਸਰਕਾਰ ਹੈ। ਪਰ ਉਹ ਸ਼ਾਇਦ ਇਹ ਭੁੱਲ ਗਏ ਕਿ ਜਦੋਂ ਮੁੱਖ ਧਾਰਾ ਮੀਡੀਆ ਇੱਕ ਤਰਫਾ ਹੋ ਗਿਆ, ਤਾਂ ਤੁਹਾਡੀ ਆਵਾਜ਼ ਲੋਕਾਂ ਤੱਕ ਸੋਸ਼ਲ ਮੀਡੀਆ ਹੀ ਲੈ ਕੇ ਜਾ ਸਕਦਾ ਹੈ। ਇਸ ਵੇਲੇ ਸੋਸ਼ਲ ਮੀਡੀਏ ਦਾ ਜ਼ਮਾਨਾ ਹੈ, ਸੋ ਤੁਸੀਂ ਇਸਨੂੰ ਛੱਡ ਕੇ ਨਹੀਂ ਚੱਲ ਸਕੋਂਗੇ। ਇਸ ਵੇਲੇ ਸਮਝਣ ਦੀ ਲੋੜ ਹੈ ਕਿ ਤੁਹਾਡੇ ਸੋਸ਼ਲ ਮੀਡੀਆ ਸੈਲ ਵਿਚ ਕੀ ਕਮੀਆਂ ਰਹੀਆਂ। ਸਭ ਤੋਂ ਵੱਡੀ ਤਾਂ ਇਹ ਹੈ ਕਿ ਆਪਣਾ ਏਜੰਡਾ ਅੱਗੇ ਵਧਾਉਣ ਲਈ ਲੋਕਾਂ ਦੇ ਦਿਲਾਂ ਨੂੰ ਛੂਹਣ ਵਾਲਾ ਚੰਗਾ ਕੰਨਟੈਂਟ ਹੀ ਨਹੀਂ ਪਾਇਆ ਜਾਂਦਾ ਅਤੇ ਨਾ ਹੀ ਤਰਕ ਸੰਗਤ ਕੰਨਟੈਂਟ ਸਰਕਾਰ ਦੇ ਕੰਮਕਾਜ਼ ਸਬੰਧੀ ਪੇਸ਼ ਕੀਤਾ ਜਾਂਦਾ ਹੈ।

ਸਾਲ 2022 ਦੀਆਂ ਚੋਣਾਂ ਤੋਂ ਬਾਅਦ ਅਕਾਲੀ ਦਲ ਦੀ ਕੋਰ ਕਮੇਟੀ ਵਿਚ ਜਿਨ੍ਹਾਂ ਆਗੂਆਂ ਨੇ ਹਾਰ ਦੇ ਕਾਰਨਾਂ 'ਤੇ ਖੁੱਲ੍ਹ ਕੇ ਆਪਣੇ ਵਿਚਾਰ ਰੱਖੇ। ਉਨ੍ਹਾਂ ਵਿਚਾਰਾਂ 'ਤੇ ਗੌਰ ਕਰਨ ਦੀ ਬਜਾਏ ਵਿਚਾਰ ਰੱਖਣ ਵਾਲਿਆਂ ਨੂੰ ਹੀ ਰਸਤਾ ਵਿਖਾਇਆ ਗਿਆ ਜਾਂ ਉਨ੍ਹਾਂ ਨੂੰ ਖੂੰਜੇ ਲਾ ਦਿੱਤਾ ਗਿਆ, ਭਾਵੇਂ ਵੋਟਾਂ ਵਿਚ ਉਸਦੀ ਕਾਰਗੁਜ਼ਾਰੀ ਵਧੀਆ ਸੀ। ਸਾਲ 2024 ਦੀਆਂ ਚੋਣਾਂ ਵਿਚ ਉਨ੍ਹਾਂ ਚਾਪਲੂਸਾਂ ਨੇ ਆਪਣੇ ਰੰਗ ਦਿਖਾਏ। ਕਈ ਅੱਜ ਵੀ ਉਪਰਲਿਆਂ ਦੇ ਨਾਲ ਹਨ ਅਤੇ ਸਹੀ ਗੱਲ ਉਥੋਂ ਤੱਕ ਪਹੁੰਚਣ ਹੀ ਨਹੀਂ ਦਿੰਦੇ। ਅਕਾਲੀ ਦਲ ਨੂੰ ਕਾਂਗਰਸ ਦੀ ਕੇਂਦਰੀ ਲੀਡਰਸ਼ਿਪ ਤੋਂ ਸਿੱਖਣ ਦੀ ਲੋੜ ਹੈ ਕਿ ਬੰਦੇ ਵਿਚ ਦਮ ਹੋਵੇ, ਤਾਂ ਪ੍ਰਧਾਨ ਕੋਈ ਵੀ ਹੋਵੇ, ਕੰਟਰੋਲ ਆਵਦਾ ਹੀ ਚੱਲਦਾ ਹੈ। ਅੱਜ ਵੀ ਸੋਚਣ ਦੀ ਗੱਲ ਹੈ ਕਿ ਜਿਹੜੇ ਅਕਾਲੀ ਡਰਦੇ ਮੁੱਦੇ ਨਹੀਂ ਚੁੱਕ ਸਕਦੇ, ਉਹ ਅਕਾਲੀ ਦਲ ਚਲਾਉਣ ਲਈ ਪੈਸਾ ਕਿਵੇਂ ਖਰਚ ਸਕਣਗੇ। ਇਸ ਵੇਲੇ ਅਕਾਲੀ ਦਲ ਦੇ ਪ੍ਰਧਾਨ ਨੂੰ ਆਪਣਾ ਘੇਰਾ ਬਦਲਕੇ ਕੁੱਝ ਚੰਗੇ ਬੁੱਧੀਜੀਵੀ ਨਾਲ ਲਾਉਣ ਅਤੇ ਉਹ ਵੀ ਇਹੋ ਜਿਹੇ ਹੋਣ, ਜੋ ਦਿਨ ਨੂੰ ਦਿਨ ਅਤੇ ਰਾਤ ਨੂੰ ਰਾਤ ਕਹਿਣ ਦੇ ਸਮਰੱਥ ਹੋਣ। ਅਕਾਲੀ ਦਲ ਨੂੰ ਆਪਣੇ ਬਲਬੂਤੇ ਤੇ ਪੇਂਡੂ ਲੋਕਾਂ ਦੀ ਤਕਨੀਕੀ ਅਗਵਾਈ ਕਰਕੇ ਸਵੈਰੋਜ਼ਗਾਰ ਵੱਲ ਲੋਕਾਂ ਨੂੰ ਤੋਰਨਾ ਚਾਹੀਦਾ ਹੈ। ਪਾਰਟੀ ਨੂੰ ਮੁੜ ਸੁਰਜੀਤ ਇਸੇ ਢੰਗ ਨਾਲ ਹੀ ਕੀਤਾ ਜਾ ਸਕਦਾ ਹੈ। ਖਡੂਰ ਸਾਹਿਬ ਤੇ ਫਰੀਦਕੋਟ ਦੀ ਜਿੱਤ ਲੋਕਾਂ ਦੀ ਅਕਾਲੀ ਦਲ ਤੇ ਬੇਭਰੋਸਗੀ ਦਰਸਾਉਂਦੀ ਹੈ। ਪਾਰਟੀ ਦੀ ਹੋਂਦ ਬਚਾਉਣ ਲਈ ਲੋਕਾਂ ਦਾ ਭਰੋਸਾ ਜਿੱਤਣਾ ਜ਼ਰੂਰੀ ਹੈ।

**ਆਮ ਆਦਮੀ ਪਾਰਟੀ**:- ਆਮ ਆਦਮੀ ਪਾਰਟੀ ਜੋ ਕਿ 92 ਸੀਟਾਂ ਲੈ ਕੇ 2022 ਵਿਚ ਜਿੱਤੀ। ਸਿਰਫ ਸਵਾ ਦੋ ਸਾਲਾਂ ਵਿਚ 13 ਵਿਚੋਂ ਤਿੰਨ 'ਤੇ ਸਿਮਟ ਕੇ ਰਹਿ ਗਈ। ਉਨ੍ਹਾਂ ਵਿਚੋਂ ਵੀ ਇੱਕ ਕਾਂਗਰਸ ਵਿਚੋਂ ਲਿਆਂਦਾ ਸੀ। ਇਥੇ ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਦੇ ਤਾਂ ਬਹੁਤੇ ਮੰਤਰੀ ਹੀ ਆਪਣੀਆਂ ਸੀਟਾਂ ਨਹੀਂ ਬਚਾ ਸਕੇ। ਸਰਕਾਰ ਵਿਚ ਮੰਤਰੀ ਹੋਵੇ, ਬੰਦਾ ਜੇ ਕੰਮ ਕੀਤੇ ਹੋਣ ਤਾਂ ਵੋਟ ਕਿਉਂ ਨਾ ਪਵੇ। ਪਰ ਅੱਜਕੱਲ੍ਹ ਸਰਕਾਰਾਂ ਵਿਚ ਮੰਤਰੀ ਸਿਰਫ ਦਿਖਾਵੇ ਦੇ ਹੀ ਹਨ ਪਰ ਚੱਲਦੀ ਮੁੱਖ ਮੰਤਰੀਆਂ ਦੀ ਹੈ। ਮੰਤਰੀਆਂ ਦੀ ਆਪਣੀ ਲੋਕਾਂ ਵਿਚ ਕੋਈ ਸ਼ਾਖ ਨਹੀਂ ਬਣਦੀ। ਦੂਜਾ ਪੜ੍ਹਦੇ ਪਿੱਛੇ ਦਿੱਲੀ ਦੇ ਲੋਕਾਂ ਦੀ ਦਖਲਅੰਦਾਜ਼ੀ ਦਾ ਵੀ ਲੋਕਾਂ ਨੇ ਬੁਰਾ ਮਨਾਇਆ, ਜੋ ਬੰਦੇ ਰਾਜ ਸਭਾ ਵਿਚ ਭੇਜੇ, ਉਨ੍ਹਾਂ ਨੇ ਵੀ ਬਹੁਤਿਆਂ ਨੇ ਪੰਜਾਬ ਦੇ ਹੱਕ ਵਿਚ ਹਾਅ ਦਾ ਨਾਹਰਾ ਨਹੀਂ ਮਾਰਿਆ, ਸਗੋਂ ਪਾਣੀ ਦੇ ਮੁੱਦੇ 'ਤੇ ਪੰਜਾਬ ਦੇ ਉਲਟ ਬਿਆਨ ਦਿੱਤਾ ਅਤੇ ਅੱਜ ਵੀ ਨਹਿਰੀ ਪਾਣੀ ਦਾ ਰੇੜਕਾ ਪਟਵਾਰੀਆਂ ਨਾਲ ਚੱਲ ਰਿਹਾ ਹੈ। ਇਸੇ ਤਰ੍ਹਾਂ ਐੱਮ.ਐੱਸ.ਪੀ. ਉਪਰ ਬਿਆਨ ਨੇ ਪੇਂਡੂ ਵੋਟਰਾਂ ਨੂੰ ਪ੍ਰਭਾਵਿਤ ਕੀਤਾ। ਇਸ ਤੋਂ ਵੀ ਵੱਡੀ ਗੱਲ ਪਾਰਟੀ ਦੇ ਪੰਜਾਬ ਵਿਚ ਅਜੇ ਪੂਰੀ ਤਰ੍ਹਾਂ ਪੈਰ ਨਹੀਂ ਲੱਗੇ। ਪਰ ਦੇਸ਼ ਦੇ ਬਾਕੀ ਸੂਬਿਆਂ ਵਿਚ ਪੈਰ ਪਸਾਰਨ ਲਈ ਜ਼ੋਰ ਜ਼ਿਆਦਾ ਲੱਗ ਰਿਹਾ। ਇਸ ਦਾ ਨੁਕਸਾਨ ਪਾਰਟੀ ਨੂੰ ਪੰਜਾਬ ਵਿਚ ਹੋ ਰਿਹਾ ਹੈ ਅਤੇ ਅੱਗਾ ਦੌੜ ਪਿੱਛਾ ਚੌੜ ਵਾਲੀ ਸਥਿਤੀ ਬਣ ਗਈ ਹੈ।

**ਕਾਂਗਰਸ** : ਕਾਂਗਰਸ ਵਿਚ ਅੱਜ ਖੁਸ਼ੀ ਦੀ ਲਹਿਰ ਹੋਏਗੀ ਕਿਉਂਕਿ ਉਨ੍ਹਾਂ ਨੇ ਸਾਲ 2022 ਦੇ ਝਟਕੇ ਤੋਂ ਬਾਅਦ ਇੱਕ ਸੀਟ ਦੇ ਨੁਕਸਾਨ (2019) 'ਤੇ 7 ਸੀਟਾਂ ਜਿੱਤੀਆਂ ਹਨ। ਪਰ ਇਹ ਗੱਲ ਸਮਝਣ ਦੀ ਲੋੜ ਹੈ ਕਿ ਲੋਕਾਂ ਨੇ ਪੰਜਾਬ ਦੇ ਲੀਡਰਾਂ ਨੂੰ ਵੋਟ ਨਹੀਂ ਪਾਈ, ਬਲਕਿ ਦੇਸ਼ ਦੀ ਰਾਜਨੀਤੀ ਵਿਚੋਂ ਬਦਲਾਅ ਲਿਆਉਣ ਲਈ ਇੰਡੀਆ ਗਠਬੰਧਨ ਨੂੰ ਵੋਟ ਪਾਈ ਹੈ। ਸੋ ਇਸ ਵੋਟ 'ਤੇ ਰਾਹੁਲ ਗਾਂਧੀ ਦੀ ਕਿਸਾਨਾਂ ਪ੍ਰਤੀ ਐੱਮ.ਐੱਸ.ਪੀ., ਰੋਗਜ਼ਾਰ ਅਤੇ ਹਰ ਘਰ ਗਰੀਬ ਬੀਬੀ ਨੂੰ ਇੱਕ ਲੱਖ ਰੁਪਿਆ ਪ੍ਰਤੀ ਸਾਲ ਦੀ ਗਾਰੰਟੀ ਨੇ ਕੰਮ ਕੀਤਾ ਹੈ। ਇਸ ਨੂੰ ਸਾਲ 2027 ਦਾ ਰਸਤਾ ਸਮਝਣਾ ਵੱਡੀ ਗਲਤੀ ਹੋਵੇਗੀ। ਕਾਂਗਰਸ ਨੂੰ ਵੀ ਆਪਣੇ ਪੁਰਾਣੇ ਐੱਮ.ਐੱਲ.ਏ., ਕੌਂਸਲਰ ਅਤੇ ਸਰਪੰਚਾਂ ਤੋਂ ਅੱਗੇ ਵੱਧ ਕੇ ਯੂਥ ਅਤੇ ਪੜ੍ਹੇ-ਲਿਖੇ ਲੋਕਾਂ ਨੂੰ ਨਾਲ ਜੋੜਨ ਦਾ ਉਪਰਾਲਾ ਕਰਨਾ ਚਾਹੀਦਾ ਹੈ। ਮੁੱਦੇ ਚੁੱਕਣ ਲਈ ਵੀ ਸਿਰਫ ਗਿਣਤੀ ਦੇ 2-4 ਬੰਦੇ ਨਜ਼ਰ ਆਉਂਦੇ ਹਨ। ਸੱਤਾ ਤੋਂ ਬਾਹਰ ਰਹਿੰਦੇ ਪਾਰਟੀ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਮੁਲਾਂਕਣ ਵੀ ਹੋਣਾ ਚਾਹੀਦਾ ਹੈ, ਜੋ ਮੁੱਦੇ ਹਾਈ ਕਮਾਂਡ ਵੱਲੋਂ ਉਠਾਏ ਜਾਂਦੇ ਹਨ, ਉਨ੍ਹਾਂ ਨੂੰ ਸੂਬੇ ਦੇ ਹਾਲਾਤਾਂ ਅਨੁਸਾਰ ਅੱਗੇ ਵਧਾਉਣਾ ਸੂਬੇ ਦੇ ਲੀਡਰਾਂ ਦੀ ਜ਼ਿੰਮੇਵਾਰੀ ਹੈ। ਪਰ ਅਫਸੋਸ ਰਿਹਾ ਹੈ ਕਿ ਪਾਰਟੀ ਦੇ ਪ੍ਰਚਾਰ ਦੌਰਾਨ ਪਾਰਟੀ ਦੇ ਮੈਨੀਫੈਸਟੋ 'ਤੇ ਗੱਲ ਘੱਟ ਹੋਈ ਅਤੇ ਆਪਸ ਵਿਚ ਦੂਸ਼ਣਬਾਜੀ ਜ਼ਿਆਦਾ।

**ਭਾਰਤੀ ਜਨਤਾ ਪਾਰਟੀ (ਬੀ.ਜੇ.ਪੀ.)** :- ਭਾਰਤੀ ਜਨਤਾ ਪਾਰਟੀ ਦਾ ਇਸ ਵੇਲੇ ਖਾਤਾ ਨਹੀਂ ਖੁੱਲ੍ਹਿਆ ਪਰ ਪੰਜਾਬ ਵਿਚ ਬੀ.ਜੇ.ਪੀ. 1-2 ਸੀਟਾਂ 'ਤੇ ਜਿੱਤ ਸਕਦੀ ਸੀ, ਜੋ ਦਲ ਬਦਲੂਆਂ ਦੀ ਭੇਟ ਚੜ੍ਹ ਗਈਆਂ। ਜਦੋਂ ਤੁਸੀਂ ਦੂਜੇ ਦਾ ਨੁਕਸਾਨ ਕਰਨ ਨਿਕਲਦੇ ਹੋ, ਤਾਂ ਨੁਕਸਾਨ ਤੁਹਾਡਾ ਵੀ ਹੁੰਦਾ ਹੈ। ਇਥੇ ਇਸ ਵੇਲੇ ਗੱਲ ਚੱਲਣੀ ਹੈ ਕਿ ਬੀ.ਜੇ.ਪੀ. ਦਾ ਵੋਟ ਸ਼ੇਅਰ ਵਧਿਆ ਪਰ ਇਹ ਇੱਕ ਦਿਲ ਨੂੰ ਸਕੂਨ ਦੇਣ ਤੋਂ ਸਿਵਾ ਕੁੱਝ ਨਹੀਂ ਹੈ। ਬੀ.ਜੇ.ਪੀ. ਨੂੰ ਗੱਲ ਸਮਝਣ ਦੀ ਲੋੜ ਹੈ ਕਿ ਪੰਜਾਬ ਵਿਚ ਪੇਂਡੂ ਬਹੁਗਿਣਤੀ ਨੂੰ ਨਾਲ ਕਿਵੇਂ ਜੋੜਨਾ ਹੈ, ਜਿਹੜੇ ਸਿੱਖ ਯੂਥ ਲੀਡਰ ਪੇਂਡੂ ਪਿਛੋਕੜ ਦੇ ਹਨ, ਉਨ੍ਹਾਂ ਦੀ ਸੋਚ ਨੂੰ ਅੱਗੇ ਵਧਾਉ। ਅੱਜਕੱਲ੍ਹ ਲੋਕ ਜ਼ੁਬਾਨੀ ਲਿਪਾ-ਪੋਚੀ ਨੂੰ ਨਕਾਰਦੇ ਹਨ ਅਤੇ ਅਮਲੀ ਤੌਰ 'ਤੇ ਕੰਮ ਭਾਲਦੇ ਹਨ, ਇਸ ਕਰਕੇ ਕਿਸਾਨਾਂ ਦੇ ਮੁੱਦਿਆਂ 'ਤੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

**ਨਿਚੋੜ** :- ਹਰ ਪਾਰਟੀ ਨੂੰ ਲੋਕਾਂ ਦੀ ਨਬਜ਼ ਫੜਨ ਦੀ ਲੋੜ ਹੈ। ਆਪਣੀ ਪਰਿਵਾਰਵਾਦੀ ਸੋਚ ਛੱਡ ਕੇ ਆਮ ਲੋਕਾਂ ਨੂੰ ਨਾਲ ਜੋੜਨ ਦੀ ਲੋੜ ਹੈ। ਆਮ ਲੋਕ ਸਿਰਫ ਵਰਕਰ ਬਣਨ ਜੋਗੇ ਹੀ ਨਹੀਂ ਹੁੰਦੇ, ਉਨ੍ਹਾਂ ਨੂੰ ਵੀ ਕੁਰਸੀ ਦੇ ਕੇ ਦੇਖੋ, ਉਹ ਤੁਹਾਡੇ ਪੁਰਾਣੇ ਲੀਡਰਾਂ ਨਾਲੋਂ ਵਧੀਆ ਕੰਮ ਅਤੇ ਨਵੀਂ ਸੋਚ ਲੈ ਕੇ ਆਉਣਗੇ। ਪਾਰਟੀਆਂ ਦੇ ਪੰਜਾਬ ਪ੍ਰਧਾਨਾਂ ਨੂੰ ਆਪਣੇ ਘੇਰੇ ਵਿਚ ਪ੍ਰੀਵਰਤਨ ਦੀ ਲੋੜ ਹੈ। ਇਸ ਵੇਲੇ ਪਾਰਟੀਆਂ ਦੇ ਲੀਗਲ ਸੈੱਲ ਤਾਂ ਮਜ਼ਬੂਤ ਹਨ ਪਰ ਬੁੱਧੀਜੀਵੀ ਸੈੱਲ ਵੈਂਟੀਲੇਟਰ 'ਤੇ ਲੱਗੇ ਹਨ। ਇਨ੍ਹਾਂ ਨੂੰ ਮੁੜ ਸੁਰਜੀਤ ਕਰਨ ਦੀ ਲੋੜ ਹੈ। ਲੋਕ ਵੀ ਪਾਰਟੀਆਂ 'ਤੇ ਦਬਾਅ ਬਣਾਉਣ ਕਿ ਪੜ੍ਹੇ ਲਿਖੇ ਐੱਮ.ਐੱਲ.ਏ. ਜਾਂ ਐੱਮ.ਪੀ. ਖੜ੍ਹੇ ਕਰਨ (ਘੱਟੋ-ਘੱਟ ਗ੍ਰੈਜੂਏਟ) ।

# ਬੰਦਿਆਂ ਦਾ ਮੈਨੋਪਾਜ਼ ਜਾਂ ਐਂਡਰੋਪਾਜ਼

ਡਾ. ਮਨਜੀਤ ਸਿੰਘ ਬੱਲ
98728-43491
ਪੰਜਾਬ ਮੇਲUSA



ਔਰਤਾਂ ਵਿਚ 44-45 ਸਾਲ ਦੀ ਉਮਰੇ, ਤੇ ਹਾਰਮੋਨਜ਼ ਦੀ ਕਮੀ ਹੋ ਜਾਣ 'ਤੇ ਮਹਾਂਵਾਰੀ ਬੰਦ ਹੋਣ ਹੋ ਜਾਣ ਨੂੰ 'ਮੈਨੋਪਾਜ਼' ਕਿਹਾ ਜਾਂਦਾ ਹੈ, ਇਵੇਂ ਹੀ ਬੰਦਿਆਂ ਵਿਚ ਵੀ ਵਧਦੀ ਉਮਰ ਅਤੇ ਕਈ ਹੋਰ ਕਾਰਣਾਂ ਕਰਕੇ, ਮੈਨੋਪਾਜ਼ ਨਾਲ ਮਿਲਦੀ-ਜੁਲਦੀ ਸਥਿਤੀ ਪੈਦਾ ਹੋ ਜਾਂਦੀ ਹੈ, ਜਿਸ ਨੂੰ ਮੇਲ-ਮੈਨੋਪਾਜ਼ ਜਾਂ ਐਂਡਰੋਪਾਜ਼ ਕਿਹਾ ਜਾਂਦਾ ਹੈ ਜਾਂ ਬੰਦਿਆਂ ਦਾ ਮੈਨੋਪਾਜ਼ ਕਹਿੰਦੇ ਹਨ। ਪੁਰਸ਼ਾਂ ਵਿਚ ਹਾਰਮੋਨਜ਼ ਦੀ ਕਮੀ ਬਾਰੇ ਸੰਨ 1944 ਵਿਚ ਹੈਲਰ ਅਤੇ ਮਾਇਨਰ ਨਾਂ ਦੇ ਵਿਗਿਆਨਕਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਸੀ ਕਿ ਪੁਰਸ਼ਾਂ ਦੇ ਹਾਰਮੋਨਜ਼ ਦੀ ਕਮੀ ਨਾਲ ਕਮਜ਼ੋਰੀ, ਚਿੰਤਾ, ਕੰਨਫਿਊਜ਼ਨ, ਇਕਾਗਰਤਾ ਦੀ ਘਾਟ, ਨੀਂਦ ਘੱਟ ਆਉਣਾ, ਮਰਦਾਨਾ ਕਮਜ਼ੋਰੀ, ਥਕਾਵਟ, ਕਦੀ-ਕਦੀ ਤ੍ਰੇਲੀਆਂ ਆਉਣਾ, ਸਰੀਰ 'ਚੋਂ ਤੇ ਹੱਥਾਂ-ਪੈਰਾਂ 'ਚੋਂ ਸੇਕ ਨਿਕਲਣਾ, ਢਹਿੰਦੀਆਂ ਕਲਾਂ ਵਾਲੇ ਖ਼ਿਆਲ ਆਉਣੇ, ਯਾਦਦਾਸ਼ਤ ਦਾ ਘਟਣਾ ਆਦਿ ਅਲਾਮਤਾਂ ਪੈਦਾ ਹੋ ਜਾਂਦੀਆਂ ਹਨ। ਐਸੇ ਮਰਦਾਂ ਦੇ ਹਾਰਮੋਨਜ਼ ਚੈੱਕ ਕਰਵਾਉਣ 'ਤੇ ਇਨ੍ਹਾਂ ਦਾ ਲੈਵਲ, ਨਾਰਮਲ ਨਾਲੋਂ ਘੱਟ ਪਾਇਆ ਗਿਆ। ਉਨ੍ਹਾਂ ਨੂੰ ਰਿਪਲੇਸਮੈਂਟ ਥੈਰੇਪੀ ਦਿੱਤੀ ਗਈ, ਜਿਸ ਨਾਲ ਕਾਫੀ ਵਿਅਕਤੀ ਠੀਕ ਹੋ ਗਏ। ਕਈ ਕੇਸਾਂ ਵਿਚ ਐਂਡਰੋਪਾਜ਼, ਐਲਜ਼ਾਇਮਰਜ਼ ਰੋਗ ਨਾਲ ਵੀ ਸਬੰਧਤ ਹੁੰਦਾ ਹੈ। ਅੱਧਖੜ ਉਮਰ ਦੇ ਬੰਦਿਆਂ ਵਿਚ ਟੈਸਟੋ-ਸਟੀਰੋਨ ਅਤੇ ਹਾਇਡਰੋ-ਐਪੀ-ਟੈਸਟੋਸਟੀਰੋਨ ਦੇ ਲੈਵਲ ਵਿਚ ਹੌਲੀ-ਹੌਲੀ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ ਪਰ ਔਰਤਾਂ ਦੇ ਮੈਨੋਪਾਜ਼ ਵਾਂਗ, ਮਰਦਾਂ ਵਿਚ ਸੰਭੋਗ ਦੀ ਇੱਛਾ ਅਤੇ ਜਨਣ ਕਿਰਿਆਵਾਂ ਇਕ ਦਮ ਤੇ ਪੱਕੇ ਤੌਰ 'ਤੇ ਬੰਦ ਨਹੀਂ ਹੁੰਦੀਆਂ, ਬਲਕਿ ਇਹ ਅਲਾਮਤਾਂ ਹੌਲੀ-ਹੌਲੀ ਆਉਂਦੀਆਂ ਹਨ। ਭਾਵੇਂ ਸ਼ਬਦ "ਮੈਨੋਪਾਜ਼" ਵਾਂਗ, "ਐਂਡਰੋਪਾਜ਼" ਸ਼ਬਦ ਨੂੰ ਅਜੇ ਤੱਕ ਵਿਸ਼ਵ ਸਿਹਤ ਸੰਸਥਾ (World Health Organization) ਵੱਲੋਂ ਮਾਨਤਾ ਨਹੀਂ ਮਿਲੀ, ਫਿਰ ਵੀ ਇਹ, ਬੰਦਿਆਂ ਦੇ ਬੁਢੇਪੇ ਵੱਲ ਨੂੰ ਵਧਦੀ ਉਮਰ ਦੀਆਂ ਤਬਦੀਲੀਆਂ ਦਰਸਾਉਣ ਵਾਸਤੇ ਇਕ ਸਹੂਲਤ ਵਾਲੇ ਸ਼ਬਦ ਵਜੋਂ ਵਰਤਿਆ ਜਾਂਦਾ ਹੈ। ਕਈ ਖੋਜਾਰਥੀ ਸਮਝਦੇ ਹਨ ਕਿ ਇਸ ਸਥਿਤੀ ਨੂੰ "ਐਡਮ" (ਐਂਡਰੋਜਨ ਡੈਫੀਸ਼ੈਂਸੀ ਆਫ ਏਜਿੰਗ ਮੇਲ) ਭਾਵ ਅੱਧਖੜ ਤੋਂ ਵਧਦੀ ਉਮਰ ਵੱਲ ਨੂੰ ਜਾ ਰਹੇ ਬੰਦੇ ਵਿਚ ਹਾਰਮੋਨਜ਼ ਦੀ ਕਮੀ ਲਿਖਣਾ ਢੁੱਕਵਾਂ ਹੈ, ਜਦਕਿ ਮੈਨੋਪਾਜ਼ 'ਚ ਔਰਤਾਂ 'ਚ ਯਕਦਮ ਤੇ ਪੱਕੇ ਤੌਰ 'ਤੇ ਤਬਦੀਲੀ ਆਉਂਦੀ ਹੈ।

ਪੁਰਸ਼ਾਂ ਵਿਚ ਸੈਕਸ ਸਬੰਧੀ ਜੋਸ਼ 18-30 ਦੀ ਉਮਰ ਦੇ ਆਸ-ਪਾਸ ਸ਼ਿਖਰਾਂ 'ਤੇ ਹੁੰਦਾ ਹੈ। ਜਿਵੇਂ-ਜਿਵੇਂ ਉਮਰ ਦੇ ਸਾਲ ਵਧਦੇ ਜਾਂਦੇ ਹਨ, ਸੈਕਸ ਪ੍ਰਤੀ ਰੁਚੀ ਤੇ ਵੀਰਜ ਦੀ ਮਾਤਰਾ ਘਟਦੀ ਜਾਂਦੀ ਹੈ। ਬੁਢਾਪਾ ਵੀ ਬਾਕੀ ਉਮਰਾਂ ਵਾਂਗ ਹੀ ਹੈ, ਜੋ ਆਕੇ ਹੀ ਰਹਿੰਦਾ ਹੈ, ਸੋ ਇਹ ਗੱਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਬੁਢਾਪਾ ਆਉਣਾ ਹੀ ਆਉਣਾ ਹੈ। ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ:

ਐ ਮੌਲਾ, ਯੇ ਦੁਨੀਆਂ ਤੇਰੀ ਫ਼ਾਨੀ ਦੇਖੀ
ਹਰ ਚੀਜ਼ ਯਹਾਂ ਕੀ ਆਨੀ ਜਾਨੀ ਦੇਖੀ,
ਜੋ ਆਕੇ ਨਾ ਜਾਏ ਵੋਹ ਬੁਢਾਪਾ ਦੇਖਾ,
ਜੋ ਜਾਕੇ ਨਾ ਆਏ ਵੋਹ ਜਵਾਨੀ ਦੇਖੀ।

ਸੈਕਸ ਦਾ ਕੰਟਰੋਲ ਦਿਮਾਗ ਦੇ ਇਕ ਹਿੱਸੇ (ਪਿਚੂਟਰੀ ਗ੍ਰੰਥੀ) 'ਚੋਂ ਨਿਕਲਣ ਵਾਲੇ 'ਲਿਊਟੇਨਾਇਜ਼ਿੰਗ ਹਾਰਮੋਨ' ਕਰਕੇ ਹੁੰਦਾ ਹੈ। ਇਸ ਹਾਰਮੋਨ ਦੇ ਅਸਰ ਅਧੀਨ ਹੀ ਪਤਾਲੂਆਂ ਵਿਚੋਂ ਮੇਲ ਹਾਰਮੋਨ (ਟੈਸਟੋ ਸਟੀਰੋਨ) ਪੈਦਾ ਹੁੰਦਾ ਹੈ। ਵਧਦੀ ਉਮਰ ਨਾਲ ਕਿਉਂਕਿ ਲਿਊਟੇਨਾਇਜ਼ਿੰਗ ਹਾਰਮੋਨ ਘਟਦਾ ਹੈ, ਇਸ ਲਈ ਮੇਲ ਹਾਰਮੋਨ ਦਾ ਲੈਵਲ ਵੀ ਘਟਦਾ ਜਾਂਦਾ ਹੈ। ਕਈਆਂ ਬੰਦਿਆਂ ਵਿਚ ਵਧਦੀ ਉਮਰ ਨਾਲ ਈਸਟਰੋਜਨ (ਫੀਮੇਲ ਹਾਰਮੋਨ) ਦਾ ਲੈਵਲ ਵਧ ਜਾਂਦਾ ਹੈ, ਜਿਸ ਕਰਕੇ ਮੇਲ ਹਾਰਮੋਨ 'ਤੇ ਅਸਰ ਪੈਂਦਾ ਹੈ। ਨਾਰਮਲ ਸੈਕਸੂਅਲ ਐਕਟਿਵਿਟੀ ਲਈ ਪੁਰਸ਼ਾਂ ਵਾਲੇ ਹਾਰਮੋਨ (ਟੈਸਟੋ ਸਟੀਰੋਨ) ਦਾ ਸਹੀ ਲੈਵਲ ਜ਼ਰੂਰੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਇਹ ਹਾਰਮੋਨ ਦਵਾਈ ਵਾਂਗ ਲਿਆ ਜਾਵੇ। ਇਸ ਸਬੰਧੀ ਮਾਹਿਰ ਡਾਕਟਰ, ਪੂਰੀ ਜਾਂਚ ਪੜਤਾਲ ਤੋਂ ਬਾਅਦ ਹੀ ਕੁਝ ਦੱਸ ਸਕਦੇ ਹਨ। ਦਿਮਾਗ ਦੇ ਬਣਤਰ ਅਤੇ ਇਸ ਦੇ ਕੰਮ, ਜਨਣ ਅੰਗਾਂ ਵਿਚੋਂ ਪੈਦਾ ਹੋਣ ਵਾਲੇ ਹਾਰਮੋਨਜ਼ (ਟੈਸਟੋ ਸਟੀਰੋਨ ਤੇ ਈਸਟਰੋਜਨ) ਆਦਿ ਨਾਲ ਹੀ ਰੈਗੂਲੇਟ ਹੁੰਦੇ ਹਨ। ਖ਼ਿਆਲਾਂ ਦੀ ਉਡਾਰੀ, ਸਰੀਰ ਵਿਚ ਹਰਕਤ, ਵਿਵਹਾਰ ਤੇ ਕਈ ਹੋਰ ਵਿਚਾਰ, ਦਿਮਾਗ ਦੇ ਸਹੀ ਤਰੀਕੇ ਨਾਲ ਕੰਮ ਕਰਨ 'ਤੇ ਨਿਰਭਰ ਕਰਦੇ ਹਨ। ਇਸ ਸਭ ਵਾਸਤੇ ਦਿਮਾਗ 'ਚੋਂ ਪੈਦਾ ਹੋਣ ਵਾਲੇ ਕੁਝ ਰਸਾਇਣ ਸਹਾਈ ਹੁੰਦੇ ਹਨ, ਜਿਨ੍ਹਾਂ ਵਿਚ 'ਡੋਪਾਮੀਨ' ਕਿ ਖ਼ਾਸ ਕੈਮੀਕਲ ਹੈ। ਚੰਗੇ ਵਿਚਾਰਾਂ ਤੇ ਚੰਗਾ-ਚੰਗਾ ਮਹਿਸੂਸ ਕਰਨ (ਗੁੱਡ-ਗੁੱਡ ਫੀਲ) ਵਾਸਤੇ ਇਹ ਮੁੱਖ ਰਸਾਇਣ ਹੈ। ਇਹ, ਦਿਮਾਗ ਦੇ ਜਜ਼ਬਾਤਾਂ ਨੂੰ ਕੰਟਰੋਲ ਕਰਨ ਵਾਲੇ "ਲਿੰਬਿਕ" ਹਿੱਸੇ ਵਿਚ ਹੁੰਦਾ ਹੈ। ਜਦ ਡੋਪਾਮੀਨ ਵਾਲੇ ਸਿਗਨਲ ਘੱਟ ਜਾਂਦੇ ਹਨ, ਤਾਂ ਚੰਗਾ-ਚੰਗਾ ਮਹਿਸੂਸ ਕਰਨ ਵਿਚ ਕਮੀ ਆ ਜਾਂਦੀ ਹੈ। ਕੁਝ ਖ਼ਾਸ ਤਰ੍ਹਾਂ ਦੀਆਂ ਆਵਾਜ਼ਾਂ, ਵੇਖਣ ਵਾਲੀਆਂ ਚੀਜ਼ਾਂ, ਸੁਗੰਧੀਆਂ, ਖਾਣ ਵਾਲੀਆਂ ਵਸਤਾਂ ਤੇ ਸੈਕਸ ਦੀ ਇੱਛਾ ਆਦਿ ਦੀਆਂ ਤਰੰਗਾਂ, ਜੋ ਦਿਮਾਗ ਨਾਲ ਟਕਰਾਉਂਦੀਆਂ ਹਨ, ਨੂੰ ਪੁਣ ਕੇ ਦਿਮਾਗ, ਆਨੰਦ ਦੀ ਹੱਦ ਤੱਕ ਰੱਖਦਾ ਹੈ। ਇਸ ਸਾਰੇ ਵਾਸਤੇ ਡੋਪਾਮੀਨ ਸਿਸਟਮ, ਸਾਨੂੰ ਆਪਣੇ ਮੂਡ, ਜਜ਼ਬਾਤ ਅਤੇ ਵਿਹਾਰ ਨੂੰ ਚੁਣਨ ਵਿਚ ਸਹਾਈ ਹੁੰਦਾ ਹੈ। ਸ਼ੂਗਰ ਰੋਗ, ਹਾਈ ਬਲੱਡ ਪ੍ਰੈਸ਼ਰ ਤੇ ਕੁਝ ਜੈਨੇਟਿਕ ਰੋਗ ਵੀ, ਜਲਦ ਐਂਡਰੋਪਾਜ਼ ਦਾ ਕਾਰਣ ਬਣਦੇ ਹਨ:

### ਐਂਡਰੋਪਾਜ਼ ਸਬੰਧੀ ਆਪਣੇ ਆਪ ਨੂੰ ਚੈੱਕ ਕਰਨ ਲਈ ਕੁਝ ਸਵਾਲ:

- ਕੀ ਮੈਂ ਕੰਨਫਿਊਜ਼ ਰਹਿੰਦਾ ਹਾਂ?
- ਕੀ ਮੈਂ ਬੁਝਿਆ ਬੁਝਿਆ, ਚਿੰਤਿਤ ਤੇ ਢਹਿੰਦੀਆਂ ਕਲਾਂ 'ਚ ਰਹਿੰਦਾ ਹਾਂ?
- ਕੀ ਮੇਰਾ ਮੂਡ ਵਧੇਰੇ ਸਮਾਂ ਖ਼ਰਾਬ ਤੇ ਚਿੜਚਿੜਾ ਰਹਿੰਦਾ ਹੈ?
- ਕੀ ਮੇਰੇ 'ਚ ਮਰਦਾਨਾ ਤਾਕਤ ਬਿਲਕੁਲ ਘੱਟ ਗਈ ਹੈ?
- ਸਵੇਰੇ ਉਠਣ ਵੇਲੇ, ਕੀ ਮੇਰੇ ਅੰਗ ਵਿਚ ਸਖ਼ਤਾਈ ਨਹੀਂ ਹੁੰਦੀ?
- ਕੀ ਮੇਰੇ ਜੋੜਾਂ ਤੇ ਮੌਰਾਂ ਵਿਚ ਦਰਦ ਰਹਿੰਦਾ ਹੈ?
- ਕੀ ਮੇਰੇ ਚਿਹਰੇ 'ਤੇ ਹੱਥਾਂ-ਪੈਰਾਂ ਦੀ ਚਮੜੀ ਖ਼ੁਸ਼ਕ ਰਹਿੰਦੀ ਹੈ?
- ਕੀ ਮੈਂ ਬਹੁਤ ਜ਼ਿਆਦਾ ਪੀਣ ਲੱਗ ਪਿਆ ਹਾਂ?
- ਕੀ ਮੈਂ ਆਪਣੇ ਆਪ ਨੂੰ ਫਿੱਟ ਮਹਿਸੂਸ ਨਹੀਂ ਕਰਦਾ?
- ਕੀ ਮੈਂ ਉਮਰ ਤੋਂ ਪਹਿਲਾਂ ਹੀ "ਬੁੱਢਾ" ਮਹਿਸੂਸ ਕਰਨ ਲੱਗ ਪਿਆ ਹਾਂ?

ਉਕਤ ਸਵਾਲਾਂ ਤੋਂ ਕੋਈ ਗ਼ਲਤ ਅੰਦਾਜ਼ਾ ਨਾ ਲਗਾ ਲਿਓ, ਡਾਕਟਰ ਦੁਆਰਾ ਮੁਕੰਮਲ ਤਹਿਕੀਕਾਤ ਤੇ ਟੈਸਟਾਂ ਤੋਂ ਬਾਅਦ ਹੀ ਪੱਕਾ ਡਾਇਗਨੋਸਿਸ ਬਣਦਾ ਹੈ। ਐਂਡਰੋਪਾਜ਼ ਨੂੰ ਡਾਇਗਨੋਜ਼ ਕਰਨਾ ਸੌਖਾ ਕੰਮ ਨਹੀਂ। ਭਾਵੇਂ ਹਾਰਮੋਨਜ਼ ਦੀਆਂ ਸਮੱਸਿਆਵਾਂ ਮਾਮੂਲੀ ਟੈਸਟ ਕਰਵਾਉਣ ਨਾਲ ਹੀ ਲੱਭ ਲਈਆਂ ਜਾ ਸਕਦੀਆਂ ਹਨ, ਪਰ ਐਂਡਰੋਪਾਜ਼ ਦੇ ਕੇਸਾਂ ਵਿਚ ਇਹ ਟੈਸਟ ਸਹੀ ਦਿਸ਼ਾ ਨਹੀਂ ਦੇਂਦੇ। "ਬਾਇਓ ਅਵੇਲੇਬਲ ਟੈਸਟੋ ਸਟੀਰੋਨ" ਟੈਸਟ ਵਾਸਤੇ ਸਵੇਰੇ ਅੱਠ ਤੋਂ ਦਸ ਵਜੇ ਦੇ ਦਰਮਿਆਨ ਸੈਂਪਲ ਦੇਣਾ ਪੈਂਦਾ ਹੈ, ਕਿਉਂਕਿ ਇਸ ਸਮੇਂ ਦੌਰਾਨ ਇਸਦਾ ਲੈਵਲ ਪੂਰੇ ਦਿਨ ਨਾਲੋਂ ਵੱਧ ਹੁੰਦਾ ਹੈ। ਇਸ ਟੈਸਟ ਦੇ ਨਾਲ-ਨਾਲ ਕੁਝ ਜਾਂਚ ਅਤੇ ਸਵਾਲਾਂ ਦੇ ਜੁਆਬ ਤੋਂ ਬਾਅਦ ਹੀ ਕਿਸੇ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ।

ਕਈ ਸ਼ਹਿਰਾਂ ਵਿਚ ਪੁਰਸ਼ਾਂ ਦੀਆਂ ਸਮੱਸਿਆਵਾਂ ਸਬੰਧੀ ਕਲਿਨਿਕਾਂ ਬਣੀਆਂ ਹੋਈਆਂ ਹਨ, ਜਿੱਥੇ ਗਦੂਦਾਂ (ਪ੍ਰੋਸਟੇਟ), ਪਤਾਲੂਆਂ ਤੇ ਪੁਰਸ਼ਾਂ ਦੇ ਬਾਕੀ ਅੰਗਾਂ ਸਬੰਧੀ ਸ਼ਿਕਾਇਤਾਂ ਅਤੇ ਐਂਡਰੋਪਾਜ਼ ਬਾਰੇ ਇਲਾਜ ਕੀਤਾ ਜਾਂਦਾ ਹੈ। ਇਨ੍ਹਾਂ ਕਲਿਨਿਕਾਂ ਵਿਚ ਹੋਰ ਬੀਮਾਰੀਆਂ ਜੋ ਔਰਤਾਂ ਦੇ ਮੁਕਾਬਲੇ ਮਰਦਾਂ ਵਿਚ ਵਧੇਰੇ ਹੁੰਦੀਆਂ ਹਨ, ਜਿਵੇਂ ਦਿਲ ਤੇ ਖ਼ੂਨ ਨਾੜੀਆਂ ਦੇ ਰੋਗ, ਸੈਕਸੂਅਲ ਡਿਸਫੰਕਸ਼ਨ, ਆਦਿ ਦਾ ਇਲਾਜ ਵੀ ਉਪਲਬਧ ਹੁੰਦਾ ਹੈ। ਭਾਰਤ ਵਿਚ ਤਕਰੀਬਨ ਹਰ ਵੱਡੇ ਸ਼ਹਿਰ ਵਿਚ ਐਂਡਰੋਪਾਜ਼ ਬਾਰੇ ਡਾਕਟਰ ਮਿਲ ਜਾਂਦੇ ਹਨ।

ਐਂਡਰੋਪਾਜ਼ ਹੋ ਜਾਵੇ, ਤਾਂ ਜੀਵਨ-ਸ਼ੈਲੀ ਵਿਚ ਸੁਧਾਰਾਂ ਦੀ ਲੋੜ ਹੁੰਦੀ ਹੈ, ਜਿਵੇਂ ਘੱਟ ਚਰਬੀ ਵਾਲੇ ਖਾਣੇ, ਹਰੀਆਂ ਸਬਜ਼ੀਆਂ, ਟਮਾਟਰ, ਜ਼ਰਦੀ ਤੋਂ ਬਿਨਾਂ ਆਂਡਾ, ਮੱਛੀ, ਚਿਕਨ, ਸੋਇਆ ਆਦਿ ਦਾ ਸੇਵਨ ਕਰਨਾ, ਸਾਫ਼-ਨਿਰਮਲ ਤੇ ਖੁੱਲ੍ਹਾ ਪਾਣੀ ਪੀਣਾ ਆਦਿ। ਤਨਾਅ ਘਟਾਉਣ ਵਾਸਤੇ ਮੈਡੀਟੇਸ਼ਨ ਤੇ ਰੀਲੈਕਸੇਸ਼ਨ ਵਾਲੇ ਫਾਰਮੂਲੇ ਵਰਤਣੇ, ਕੌਂਸਲਿੰਗ ਵਾਸਤੇ ਆਪਣੇ ਸਾਥੀ ਸਮੇਤ ਕੌਂਸਲਰ ਕੋਲ ਜਾਣਾ, ਕੈਰੀਅਰ ਵਾਸਤੇ ਫਿਰ ਤੋਂ ਯਤਨ ਕਰਨੇ, ਅਧਿਆਤਮਿਕਤਾ ਵੱਲ ਰੁਝਾਨ ਪੈਦਾ ਕਰਨਾ ਆਦਿ। ਵਡੇਰੀ ਉਮਰ ਵਿਚ ਵੀ ਸਫਲਤਾਪੂਰਵਕ ਰਹਿਣ ਲਈ ਆਪਣੇ ਆਪ ਨੂੰ ਜਵਾਨ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

**ਐਂਡਰੋਪਾਜ਼ ਵਾਲੇ ਮਰਦਾਂ ਦੇ ਰਿਸਕ:** ਖ਼ੂਨ ਨਾੜੀਆਂ ਵਿਚ ਚਰਬੀ ਜੰਮਣਾ, ਖ਼ੂਨ ਦੇ ਲਾਲ ਸੈੱਲਾਂ ਦੀ ਗਿਣਤੀ ਵਧਣਾ, ਘੁਰਾੜੇ, ਗਦੂਦਾਂ ਦੇ ਕੈਂਸਰ ਆਦਿ। ਮੋਟਾਪਾ, ਸ਼ੂਗਰ ਰੋਗ, ਦਿਲ ਤੇ ਖ਼ੂਨ ਨਾੜੀਆਂ ਦੇ ਰੋਗਾਂ ਵਿਚ ਐਂਡਰੋਪਾਜ਼ ਜਲਦ ਹੋ ਜਾਂਦਾ ਹੈ।



# ਭਾਰਤੀ ਅਤੇ ਯੂਰਪੀ ਏਜੰਸੀਆਂ ਵਿਚਾਲੇ ਸਹਿਯੋਗ ਮਹੱਤਵਪੂਰਨ

-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲUSA



ਸੋਸ਼ਲ ਮੀਡੀਆ 'ਤੇ ਫੇਕ ਨਿਊਜ਼ ਦਾ ਟਾਕਰਾ ਕਰਨ ਲਈ ਭਾਰਤੀ ਪੱਤਰਕਾਰਾਂ ਅਤੇ ਯੂਰਪੀ ਪੱਤਰਕਾਰਾਂ ਦਰਮਿਆਨ ਸਹਿਯੋਗ ਲਈ ਹੋਇਆ ਸਮਝੌਤਾ ਆਪਣੇ ਆਪ ਵਿਚ ਮਹੱਤਵਪੂਰਨ ਹੈ। ਇਹ ਉੱਦਮ ਭਾਰਤੀ ਨਿਊਜ਼ ਏਜੰਸੀ ਪੀ.ਟੀ.ਆਈ. ਅਤੇ ਬੁਲਗਾਰੀਅਨ ਨਿਊਜ਼ ਏਜੰਸੀ (ਬੀ.ਟੀ.ਏ.) ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ ਹੈ। ਬੀ.ਟੀ.ਏ. ਦੇ ਡਾਇਰੈਕਟਰ ਜਨਰਲ ਕਿਰਿਲ ਵਾਲਚੇਵ ਨੇ ਇਹ ਜਾਣਕਾਰੀ ਮੀਡੀਆ ਨਾਲ ਸਾਂਝੀ ਕਰਦਿਆਂ ਕਿਹਾ ਕਿ ਫੇਕ ਨਿਊਜ਼ ਦਾ ਟਾਕਰਾ ਕਰਨ ਦਾ ਸਹੀ ਤੇ ਠੋਸ ਢੰਗ-ਤਰੀਕਾ ਅਸਲ ਤੇ ਸੱਚੀਆਂ ਖ਼ਬਰਾਂ ਨੂੰ ਸਾਹਮਣੇ ਲਿਆਉਣਾ ਹੈ ਅਤੇ ਇਹ ਕੰਮ ਨਿਊਜ਼ ਏਜੰਸੀਆਂ ਤੋਂ ਬਿਹਤਰ ਹੋਰ ਕੋਈ ਨਹੀਂ ਕਰ ਸਕਦਾ।

ਦਰਅਸਲ ਦੋਹਾਂ ਏਜੰਸੀਆਂ ਵੱਲੋਂ ਇਹ ਸਹਿਯੋਗ ਵਿਸ਼ੇਸ਼ ਤੌਰ 'ਤੇ ਚੋਣਾਂ ਦੇ ਪ੍ਰਸੰਗ ਵਿਚ ਕੀਤਾ ਗਿਆ ਹੈ। ਕਿਰਿਲ ਵਾਲਚੇਵ ਦਾ ਕਹਿਣਾ ਹੈ ਕਿ ਦੁਨੀਆਂ ਦੇ ਲੋਕਾਂ ਨੂੰ ਵੱਖ-ਵੱਖ ਦੇਸ਼ਾਂ ਬਾਰੇ ਸਹੀ ਜਾਣਕਾਰੀ ਹੋਣੀ ਜ਼ਰੂਰੀ ਹੈ। ਬੀ.ਟੀ.ਏ. ਨੇ ਭਾਰਤੀ ਚੋਣਾਂ ਸੰਬੰਧੀ ਪੂਰੇ ਯੂਰਪ ਨੂੰ ਜਾਣਕਾਰੀ ਮੁਹੱਈਆ ਕੀਤੀ।

ਦੁਨੀਆਂ ਭਰ ਵਿਚ ਖ਼ਬਰ-ਖੇਤਰ ਵਿਚ ਖ਼ਬਰ ਏਜੰਸੀਆਂ ਦੀ ਭੂਮਿਕਾ ਹਮੇਸ਼ਾ ਮਹੱਤਵਪੂਰਨ ਰਹੀ ਹੈ।

ਜਦ ਅਸੀਂ ਨਿਊਜ਼ ਏਜੰਸੀ ਦੇ ਸੰਕਲਪ ਅਤੇ ਕਾਰਜ ਸੰਬੰਧੀ ਜਾਣਕਾਰੀ ਹਾਸਲ ਕਰਦੇ ਹਾਂ, ਤਾਂ ਉਸਦੀ ਭੂਮਿਕਾ ਤੇ ਜ਼ਿੰਮੇਵਾਰੀ ਬਾਰੇ ਪਤਾ ਚੱਲਦਾ ਹੈ। ਭਾਰਤ ਅਤੇ ਦੁਨੀਆਂ ਪੱਧਰ 'ਤੇ ਨਿਊਜ਼ ਏਜੰਸੀਆਂ ਦੀ ਲੰਮੀ ਸੂਚੀ ਹੈ। ਜਿਸ ਵਿਚ ਸਰਕਾਰੀ, ਗੈਰ ਸਰਕਾਰੀ, ਕੌਮੀ ਤੇ ਕੌਮਾਂਤਰੀ ਏਜੰਸੀਆਂ ਸ਼ਾਮਲ ਹਨ। ਅੱਗੋਂ ਇਨ੍ਹਾਂ ਦੀਆਂ ਸ਼੍ਰੇਣੀਆਂ ਹਨ। ਜਿਵੇਂ ਮਨੋਰੰਜਨ, ਖੇਡਾਂ, ਖੇਤੀਬਾੜੀ, ਕਾਰੋਬਾਰ, ਰਾਜਨੀਤੀ, ਸ਼ੇਅਰ ਬਜ਼ਾਰ, ਆਮ ਖ਼ਬਰਾਂ ਆਦਿ।

ਅੱਜਕੱਲ੍ਹ ਨਿਊਜ਼ ਏਜੰਸੀਆਂ ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਖ਼ਬਰਾਂ ਸਾਂਝੀਆਂ ਕਰਦੀਆਂ ਹਨ।

ਭਾਰਤੀ ਅਤੇ ਯੂਰਪੀ ਨਿਊਜ਼ ਏਜੰਸੀਆਂ ਦੇ ਤਾਲਮੇਲ ਤੋਂ ਪਹਿਲਾਂ ਹੀ ਬਹੁਤ ਸਾਰੀਆਂ ਕੌਮਾਂਤਰੀ ਏਜੰਸੀਆਂ ਆਪਸ ਵਿਚ ਸਹਿਯੋਗ ਕਰ ਰਹੀਆਂ ਹਨ। ਜਦ ਨਿਊਜ਼ ਏਜੰਸੀਆਂ ਆਪਣਾ ਦਾਇਰਾ ਕੌਮੀ ਤੋਂ ਕੌਮਾਂਤਰੀ ਪੱਧਰ ਤੱਕ ਫੈਲਾਉਂਦੀਆਂ ਹਨ, ਤਾਂ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੱਧ ਜਾਂਦੀ ਹੈ। ਉਨ੍ਹਾਂ ਨੂੰ ਤੱਥਾਂ, ਅੰਕੜਿਆਂ ਅਤੇ ਸੱਚਾਈ 'ਤੇ ਇਨਬਿਨ ਪਹਿਰਾ ਦੇਣਾ ਪੈਂਦਾ ਹੈ।

ਨਿਊਜ਼ ਏਜੰਸੀਆਂ ਵਧੇਰੇ ਕਰਕੇ ਪ੍ਰਮੁੱਖ ਖ਼ਬਰਾਂ 'ਤੇ ਧਿਆਨ ਕੇਂਦਰਿਤ ਕਰਦੀਆਂ ਹਨ। ਭਾਵੇਂ ਇਨ੍ਹਾਂ ਏਜੰਸੀਆਂ ਦੇ ਸਰੋਤ ਵੱਖ-ਵੱਖ ਤਰ੍ਹਾਂ ਦੇ ਹੁੰਦੇ ਹਨ ਪਰ ਵਧੇਰੇ ਕਰਕੇ ਇਹ ਆਪਣੇ ਪੱਤਰਕਾਰਾਂ 'ਤੇ ਨਿਰਭਰ ਕਰਦੀਆਂ ਹਨ, ਜਿਹੜੇ ਜ਼ਮੀਨੀ ਪੱਧਰ ਤੋਂ ਜਾਣਕਾਰੀ ਪ੍ਰਾਪਤ ਕਰਕੇ ਸਟੋਰੀ ਤਿਆਰ ਕਰਦੇ ਹਨ। ਏਜੰਸੀਆਂ ਆਪਸ ਵਿਚ ਇਕ ਦੂਜੇ ਤੋਂ ਵੀ ਖ਼ਬਰਾਂ ਅਤੇ ਡਾਟਾ ਲੈ ਲੈਂਦੀਆਂ ਹਨ।

ਤਕਨੀਕੀ ਸਹੂਲਤਾਂ ਨੇ ਏਜੰਸੀਆਂ ਦਾ ਕੰਮ ਸੌਖਾ ਕਰ ਦਿੱਤਾ ਹੈ। ਬਾਵਜੂਦ ਇਸਦੇ ਵਿਸ਼ਵ ਦੀਆਂ ਪ੍ਰਮੁੱਖ ਨਿਊਜ਼ ਏਜੰਸੀਆਂ ਕੋਲ ਆਪਣੇ ਪੱਤਰਕਾਰਾਂ ਦਾ ਵਿਸ਼ਾਲ ਤੇ ਮਜ਼ਬੂਤ ਨੈੱਟਵਰਕ ਹੈ। ਉਦਾਹਰਨ ਵਜੋਂ ਰਾਇਟਰਜ਼ (Reuters) ਕੋਲ 3000 ਤੋਂ ਵੱਧ ਏਜੰਟ ਹਨ। ਜਿਨ੍ਹਾਂ ਵਿਚੋਂ 2500 ਪੱਤਰਕਾਰ ਹਨ ਅਤੇ 600 ਫੋਟੋ ਪੱਤਰਕਾਰ ਹਨ।

ਅੱਜਕੱਲ੍ਹ ਨਿਊਜ਼ ਏਜੰਸੀਆਂ ਲਿਖਤੀ, ਆਡੀਓ ਅਤੇ ਵੀਡੀਓ ਤਿੰਨਾਂ ਰੂਪਾਂ 'ਚ ਖ਼ਬਰਾਂ ਮੁਹੱਈਆ ਕਰਦੀਆਂ ਹਨ। ਸੋਸ਼ਲ ਮੀਡੀਆ 'ਤੇ ਫਰਜ਼ੀ ਖ਼ਬਰਾਂ ਦੀ ਭਰਮਾਰ ਨਾਲ ਖ਼ਬਰਾਂ ਦੇ ਸਰੋਤ ਦਾ ਮਹੱਤਵ ਬਹੁਤ ਵੱਧ ਗਿਆ ਹੈ। ਅਜੋਕੇ ਸਮਿਆਂ ਵਿਚ ਏਜੰਸੀਆ ਦੇ ਮਹੱਤਵ ਨੂੰ ਇਸ ਪ੍ਰਸੰਗ ਵਿਚ ਵੀ ਸਮਝਣ ਦੀ ਲੋੜ ਹੈ ਅਤੇ ਇਸੇ ਪ੍ਰਸੰਗ ਵਿਚ ਏਜੰਸੀਆਂ ਦੇ ਵਿਸ਼ਵ-ਵਿਆਪੀ ਤਾਲਮੇਲ ਅਤੇ ਸਹਿਯੋਗ ਦੀ ਜ਼ਰੂਰਤ ਵੀ ਸ਼ਿੱਦਤ ਨਾਲ ਮਹਿਸੂਸ ਹੋਣ ਲੱਗੀ ਹੈ। ਪੀ.ਟੀ.ਆਈ. ਭਾਰਤ ਦੀ ਇਕ ਪ੍ਰਮੁੱਖ ਨਿਊਜ਼ ਏਜੰਸੀ ਹੈ। ਇਸਦੀ ਸਥਾਪਨਾ 27 ਅਗਸਤ 1947 ਨੂੰ ਕੀਤੀ ਗਈ ਸੀ। ਇਹ ਏਜੰਸੀ ਆਪਣੀਆਂ ਸੇਵਾਵਾਂ ਟੈਲੀਪ੍ਰਿੰਟਰ ਤੋਂ ਆਰੰਭ ਕਰਕੇ ਇੰਟਰਨੈੱਟ ਅਤੇ ਉਪਗ੍ਰਹਿ ਦੁਆਰਾ ਵੀ ਮੁਹੱਈਆ ਕਰ ਰਹੀ ਹੈ। ਇਸਦੇ 1300 ਦੇ ਕਰੀਬ ਕਰਮਚਾਰੀ ਹਨ, ਜਿਨ੍ਹਾਂ ਵਿਚੋਂ 400 ਪੱਤਰਕਾਰ ਹਨ। ਭਾਰਤ ਵਿਚ ਇਸਦੇ 80 ਦਫ਼ਤਰ ਅਤੇ ਵਿਦੇਸ਼ਾਂ ਦੇ ਪ੍ਰਮੁੱਖ ਸ਼ਹਿਰਾਂ ਵਿਚ ਇਸਦੇ ਪ੍ਰਤੀਨਿਧ ਹਨ। ਇਸ ਕੋਲ 350 ਤੋਂ ਵੱਧ ਸਟ੍ਰਿੰਗਰ ਹਨ।

ਹੁਣ ਜਿੱਥੇ ਇਸਦੇ ਯੂਰਪ ਦੀ ਮਹੱਤਵਪੂਰਨ ਖ਼ਬਰ ਏਜੰਸੀ ਨਾਲ ਤਾਲਮੇਲ ਅਤੇ ਸਹਿਯੋਗ ਦੀਆਂ ਖ਼ਬਰਾਂ ਆਈਆਂ ਹਨ, ਉਥੇ ਇਸਦੇ ਏਸ਼ੀਆ ਪਲੱਸ ਇੰਟਰਨੈਸ਼ਨਲ ਤੇ ਏਸ਼ੀਆਨੈੱਟ ਨਾਲ ਆਦਾਨ ਪ੍ਰਦਾਨ ਲਈ ਪਹਿਲਾਂ ਤੋਂ ਨਿੱਘੇ ਸੰਬੰਧ ਹਨ।

ਆਪਣੇ 76 ਸਾਲਾ ਸਫ਼ਰ ਦੌਰਾਨ ਇਸਨੇ ਕਈ ਉਤਰਾਅ ਚੜ੍ਹਾਅ ਵੇਖੇ। ਸਮੇਂ ਦੀਆਂ ਲੋੜਾਂ ਅਨੁਸਾਰ ਆਪਣੀਆਂ ਸੇਵਾਵਾਂ ਨੂੰ ਤਬਦੀਲ ਕੀਤਾ, ਢਾਲਿਆ। ਅੱਜ ਪੀ.ਟੀ.ਆਈ. ਕੋਲ ਇਕ ਮਜ਼ਬੂਤ, ਵਿਸ਼ਾਲ ਤੇ ਸਮਰੱਥ ਨੈੱਟਵਰਕ ਹੈ। ਨੇੜ-ਭਵਿੱਖ ਵਿਚ ਇਹ ਦੁਨੀਆਂ ਦੇ ਹੋਰ ਹਿੱਸਿਆਂ ਨਾਲ ਵੀ ਆਪਸੀ ਸਹਿਯੋਗ ਦੇ ਰਿਸ਼ਤੇ ਕਾਇਮ ਕਰੇਗੀ, ਅਜਿਹੀ ਉਮੀਦ ਹੈ।




# 'ਦਿਲਾਂ ਦੀ ਜੂਹ'

-ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA



## ਕਾਂਡ 15




ਅੱਜ ਸੋਮਵਾਰ ਸੀ। ਦਿੱਲੀ ਨੂੰ ਜਾਣ ਵਾਲ਼ੀ ਗੱਡੀ ਦਰਵਾਜ਼ੇ ਅੱਗੇ ਆ ਲੱਗੀ ਸੀ।

ਅੱਜ ਜਿੰਦਰ ਦੇ ਤੁਰਨ ਦਾ ਦਿਨ ਸੀ। ਖ਼ੁਸ਼ ਹੋਣ ਦੇ ਨਾਲ-ਨਾਲ ਮਾਂ ਅੰਦਰੋਂ ਉਦਾਸੀ ਵਿਚ ਫ਼ਿੱਸੀ ਜਿਹੀ ਫ਼ਿਰਦੀ ਸੀ। ਰਾਤ ਦਾ ਜਮਾਇਆ ਦਹੀਂ ਮਾਂ ਨੇ ਜਿੰਦਰ ਦੇ ਮੂੰਹ ਨੂੰ ਲਾਇਆ। ਦਹੀਂ ਅੰਦਰ ਲੰਘਾਉਂਦੀ ਜਿੰਦਰ ਦਾ ਵੈਰਾਗ ਵਿਚ ਗਲ਼ ਰੁੱਕ ਗਿਆ। ਉਸ ਨੇ ਬੜੇ ਧੱਕੇ ਨਾਲ਼ ਦਹੀਂ ਅੰਦਰ ਕੀਤਾ। ਉਸ ਨੂੰ ਇਹ ਨਹੀਂ ਪਤਾ ਲੱਗ ਰਿਹਾ ਸੀ ਕਿ ਉਸ ਦਾ ਰੋਣ ਪ੍ਰਤੀਕ ਜੀ ਦੇ ਹੇਰਵੇ ਵਿਚ ਨਿਕਲ਼ ਰਿਹਾ ਸੀ, ਕਿ ਮਾਂ ਦੇ ਮੋਹ ਦੇ ਕਾਰਨ..?

ਅਜੇ ਉਹ ਗੱਡੀ ਵੱਲ ਨੂੰ ਤੁਰੀ ਹੀ ਸੀ ਕਿ ਉਸ ਦੀ ਹਮਰਾਜ਼ ਸਹੇਲੀ ਸੁੱਖੀ ਆ ਗਈ।

ਉਹ ਸੁੱਖੀ ਦੇ ਗਲ਼ ਨੂੰ ਚਿੰਬੜ ਕੇ ਭੁੱਬਾਂ ਮਾਰ ਕੇ ਰੋਈ। ਸੁੱਖੀ ਦਾ ਮਨ ਵੀ ਭਾਰਾ ਅਤੇ ਅੱਖਾਂ ਨਮ ਸਨ। ਮਾਂ ਦੀਆਂ ਜੋਤਹੀਣ ਅੱਖਾਂ 'ਚੋਂ ਚੁੱਪ ਹੰਝੂਆਂ ਦੀ ਲੜੀ ਨਿਰੰਤਰ ਚੱਲੀ ਜਾ ਰਹੀ ਸੀ।

-"ਚੱਲ ਲੇਟ ਹੁੰਨੇ ਆਂ ਪੁੱਤ..!" ਗਿੰਦਰ ਨੇ ਕਿਹਾ।

ਗੱਡੀ ਦੇ ਟਾਇਰਾਂ 'ਤੇ ਮਾਂ ਨੇ ਪਾਣੀ ਦੀ ਗੜਵੀ ਡੋਲ੍ਹੀ।

-"ਜੇ ਪ੍ਰਤੀਕ ਜੀ ਮਿਲ਼ੇ ਤਾਂ ਉਨ੍ਹਾਂ ਨੂੰ ਮੇਰੀ ਸਤਿ ਸ੍ਰੀ ਅਕਾਲ ਬੁਲਾਈਂ..!" ਆਖ ਜਿੰਦਰ ਮੁੜ ਸਹੇਲੀ ਦੇ ਗਲ਼ ਲੱਗ ਗਈ। ਉਸ ਦਾ ਅੰਦਰ ਕੀਰਨੇਂ ਪਾਈ ਜਾ ਰਿਹਾ ਸੀ ਅਤੇ ਫ਼ੱਟੜ ਆਤਮਾ ਖ਼ੂਨੋਂ-ਖ਼ੂਨ ਹੋਈ ਪਈ ਸੀ। ਅੰਨ੍ਹੇ ਦੇ ਜੱਫ਼ੇ ਵਾਂਗ ਪ੍ਰਤੀਕ ਜੀ ਉਸ ਦੇ ਦਿਲ ਤੋਂ ਲਹਿ ਨਹੀਂ ਰਹੇ ਸਨ।

ਗੱਡੀ ਨੱਕ ਦੀ ਸੇਧ ਨੂੰ ਦਿੱਲੀ ਵੱਲ ਦੌੜੀ ਜਾ ਰਹੀ ਸੀ। ਜਿਉਂ-ਜਿਉਂ ਗੱਡੀ ਦਿੱਲੀ ਵੱਲ ਨੂੰ ਵਧ ਰਹੀ ਸੀ, ਜਿੰਦਰ ਨੂੰ ਮਹਿਸੂਸ ਹੋ ਰਿਹਾ ਸੀ ਕਿ ਉਸ ਅਤੇ ਪ੍ਰਤੀਕ ਜੀ ਦਰਮਿਆਨ ਦੂਰੀ ਵਧਦੀ ਜਾ ਰਹੀ ਸੀ।

ਗਿੰਦਰ ਅਤੇ ਡਰਾਈਵਰ ਜਿੰਦਰ ਨੂੰ ਜਹਾਜ਼ ਚਾੜ੍ਹ ਮੁੜ ਗਏ।

ਪੈਂਤੀ ਹਜ਼ਾਰ ਫ਼ੁੱਟ ਦੀ ਉਚਾਈ ਉਪਰ ਉੱਡੇ ਜਾ ਰਹੇ ਜਹਾਜ਼ ਵਿਚ ਬੈਠੀ ਜਿੰਦਰ ਦੇ ਦਿਲ ਵਿਚ ਮੜ੍ਹੀ-ਮਸਾਣਾਂ ਵਰਗੀ 'ਵੈਰਾਨੀ' ਛਾਈ ਹੋਈ ਸੀ। ਉਹ ਸੋਚ ਰਹੀ ਸੀ ਕਿ ਉਸ ਨੇ ਆਪਣੀ ਪਿਆਰ ਵਿਹੂਣੀ ਜ਼ਿੰਦਗੀ 'ਚ ਮੋਹ-ਮੁਹੱਬਤ ਦਾ ਇੱਕ ਸੁਪਨਾ ਬੀਜਿਆ ਸੀ। ਪ੍ਰਤੀਕ ਜੀ ਵੱਲੋਂ ਨਸੀਬ ਹੋਈ ਮੁਹੱਬਤ ਨੂੰ ਰੱਬ ਵੱਲੋਂ ਮਿਲ਼ੀ ਰਹਿਮਤ ਅਤੇ ਨਿਆਮਤ ਸਮਝ ਕੇ ਇੱਕ ਉਮੀਦ ਦੀ ਉਂਗਲ਼ ਫ਼ੜ ਲਈ ਸੀ, ਤੇ ਉਸ ਨੂੰ ਜੱਗ ਜਹਾਨ 'ਚ ਆਪਣਾ-ਆਪ ਉੱਚਾ ਲੱਗਣ ਲੱਗ ਪਿਆ ਸੀ, ਅਤੇ ਉਹ ਆਪਣੇ-ਆਪ ਨੂੰ ਦੁਨੀਆਂ ਦੀ ਸਭ ਤੋਂ ਖ਼ੁਸ਼ਕਿਸਮਤ ਅਤੇ ਖ਼ੁਸ਼ਹਾਲ ਕੁੜੀ ਸਮਝਣ ਲੱਗ ਪਈ ਸੀ। ਪ੍ਰਤੀਕ ਜੀ ਉਸ ਨੂੰ ਚੰਦਰਮਾਂ ਦਾ ਨਗ ਜੜਾ ਕੇ ਦੇਣ ਲਈ ਆਖਦੇ, ਸੂਰਜ ਦਾ ਕੈਂਠਾ ਘੜ੍ਹਵਾ ਕੇ ਗਲ਼ ਪਾ ਦੇਣ ਦੀ ਦੁਹਾਈ ਪਾਉਂਦੇ, ਵਾਲ਼ਾਂ ਵਿਚ ਤਾਰਿਆਂ ਦੀਆਂ ਲੜੀਆਂ ਗੁੰਦ ਦੇਣ ਦੀ ਗੱਲ ਕਰਦੇ, ਅਸਮਾਨ ਦੀ ਚਾਦਰ ਭੇਂਟ ਕਰਨ ਦੀ ਬਾਤ ਪਾਉਂਦੇ ਹੁੰਦੇ, ਧਰੂ ਤਾਰੇ ਦੀ ਰੌਸ਼ਨੀ ਨਾਲ਼ ਮੂੰਹ ਧੁਆਉਣ ਦਾ ਵਾਅਦਾ ਦਿੰਦੇ ਅਤੇ ਧਰਤੀ ਦੀ ਮਲਕੀਅਤ ਬਖ਼ਸ਼ਣ ਦੀ ਇਬਾਰਤ ਸੁਣਾਉਂਦੇ ਹੁੰਦੇ ਸਨ।

ਪ੍ਰਤੀਕ ਜੀ ਦੇ ਪ੍ਰੇਮ ਵਿਚ 'ਬਾਂਵਰੀ' ਹੋਈ ਉਹ ਬੱਦਲਾਂ ਦੇ ਪਰਾਂ 'ਤੇ ਹੀ ਤਾਂ ਉਡਦੀ ਸੀ, ਆਪਣੇ ਪ੍ਰਤੀਕ ਜੀ ਨੂੰ ਦੇਖ ਕੇ ਮਦਹੋਸ਼ ਹੀ ਤਾਂ ਹੋ ਜਾਂਦੀ ਸੀ। ਪ੍ਰਤੀਕ ਜੀ ਉਸ ਦੇ ਫ਼ੁੱਲ ਅਤੇ ਜਿੰਦਰ ਉਸ ਦੀ ਸੁਗੰਧੀ ਹੀ ਤਾਂ ਸੀ। ਆਪਣੇ ਜ਼ਿੰਦਗੀ ਭਰ ਦੇ ਸਾਹਾਂ ਦੀ ਲੜੀ ਉਸ ਨੇ ਪ੍ਰਤੀਕ ਜੀ ਦੇ ਲੜ ਨਾਲ਼ ਹੀ ਤਾਂ ਗੰਢ ਦੇ ਦਿੱਤੀ ਸੀ। ਕਾਲਜ ਸਮੇਂ ਜਿੰਦਰ ਦੀ ਬੁੱਕਲ਼ ਵਿਚ ਪ੍ਰਤੀਕ ਜੀ ਦੀ ਮੁਹੱਬਤ ਦੇ ਅੰਬਾਰ ਸਨ, ਪਰ ਸਮਾਜਿਕ ਪਾਬੰਦੀਆਂ ਅਤੇ ਬੰਦਿਸ਼ਾਂ ਦੀ ਗੜੇਮਾਰੀ ਨੇ ਉਸ ਦਾ ਸਵੈ-ਸਿਰਜਿਆ ਸੰਸਾਰ ਲੂਹ ਕੇ ਰੱਖ ਦਿੱਤਾ ਸੀ। ਉਹ ਅਨਮੋਲ ਮੁਹੱਬਤ, ਜਿਸ ਅੱਗੇ ਉਸ ਨੂੰ ਤਮਾਮ ਦੁਨੀਆਂ ਬੌਣੀਂ ਲੱਗਦੀ ਸੀ, ਦੁਨੀਆਂ ਦੀਆਂ ਰੋਕਾਂ ਦੇ ਅਗਨ-ਬਾਣ ਦੇ ਤਪਾੜ ਨਾਲ਼ ਉਸ ਦੇ ਅੰਦਰ ਹੀ ਝੁਲ਼ਸ ਗਈ। ਪਰਿਵਾਰਕ 'ਲਛਮਣ-ਰੇਖਾ' ਟੱਪਣੀਂ ਉਸ ਦੇ ਵੱਸ ਦਾ ਰੋਗ ਨਹੀਂ ਸੀ।

ਸੰਜੋਗਾਂ ਦੇ ਕੀਤੇ ਫ਼ੈਸਲਿਆਂ ਜਾਂ ਸਮਾਜ ਦੇ ਕਾਇਦੇ-ਕਾਨੂੰਨਾਂ ਦੇ ਉਲਟ ਹੀਲ-ਹੁੱਜਤ ਕਰਨ ਬਾਰੇ ਤਾਂ ਜਿੰਦਰ ਸੁਫ਼ਨੇ ਵਿਚ ਵੀ ਨਹੀਂ ਸੋਚ ਸਕਦੀ ਸੀ, ਕਿਉਂਕਿ ਇਸ ਵਿਰੋਧ ਦੇ ਨਤੀਜਿਆਂ ਤੋਂ ਉਹ ਪੂਰੀ ਤਰ੍ਹਾਂ ਵਾਕਿਫ਼ ਸੀ।

-"ਜੋ ਰੱਬ ਕਰਦਾ ਹੈ, ਚੰਗਾ ਹੀ ਕਰਦਾ ਹੈ...!" ਸੋਚ ਉਸ ਨੇ ਮਨ ਸਮਝਾ ਲਿਆ ਤੇ ਆਪਣੇ ਦਿਲ ਉਪਰ ਲੱਗੇ ਤਾਜ਼ੇ ਜ਼ਖ਼ਮ ਦੀ ਪੀੜ ਨੂੰ ਅੱਖੋਂ-ਪਰੋਖੇ ਕਰਨ ਲਈ ਅੱਲੜ੍ਹ ਉਮਰ ਦੀ ਬੇਸਮਝੀ ਨੇ ਜਿੰਦਰ ਦੇ ਮਨ ਵਿਚ ਵਲਾਇਤ ਦਾ ਇਕ ਅਜੀਬ ਕਿਸਮ ਦਾ ਸਵਰਗ ਸਿਰਜਣਾ ਸ਼ੁਰੂ ਕਰ ਦਿੱਤਾ, ਜਿੱਥੇ ਉਸਦੇ ਹਿਸਾਬ ਨਾਲ਼ ਦੁਨੀਆਂ ਦਾ ਹਰ ਸੁੱਖ ਮੌਜੂਦ ਹੋਵੇਗਾ। ਉਹ ਸਵਰਗ, ਜਿਸ ਨੂੰ ਉਹਨੇ ਸਾਰੀ ਉਮਰ 'ਮਾਨਣਾ' ਸੀ, ਉਸ ਦੇ ਸਿਰ ਵਿਚ ਕਈ ਸਧਰਾਂ ਲੈ ਕੇ ਵੜ ਬੈਠਾ।

ਹਾਲਾਤਾਂ ਨਾਲ਼ ਗੁੱਥਮ-ਗੁੱਥਾ ਹੁੰਦੀ ਜਿੰਦਰ ਅੱਠ ਘੰਟੇ ਦੀ ਜੱਦੋਜਹਿਦ ਬਾਅਦ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਆ ਉੱਤਰੀ। ਏਅਰਪੋਰਟ ਦੀ ਇੰਮੀਗਰੇਸ਼ਨ ਤੋਂ ਉਹ ਜਲਦੀ ਹੀ ਵਿਹਲੀ ਹੋ ਕੇ ਬਾਹਰ ਆ ਗਈ। ਬਾਹਰ ਭੂਆ ਗੁਰਮੇਲ ਕੌਰ, ਫ਼ੁੱਫ਼ੜ ਜੋਰਾ ਸਿੰਘ ਅਤੇ ਜਿੰਦਰ ਦਾ ਹੋਣ ਵਾਲ਼ਾ ਪਤੀ ਬਲਜੀਤ ਖੜ੍ਹਾ ਸੀ। ਵਲ਼ਾਂ ਵਾਲ਼ੀ ਕਮੀਜ਼ 'ਤੇ ਬਲਜੀਤ ਨੇ ਰੱਸੇ ਵਾਂਗ ਟਾਈ ਬੰਨ੍ਹੀ ਨਹੀਂ, ਨਰੜੀ ਹੋਈ ਸੀ, ਉਹ ਬਣਿਆਂ ਤਣਿਆਂ ਸਰਕਸ ਦਾ 'ਜੋਕਰ' ਲੱਗਦਾ ਸੀ। ਜਿੰਦਰ ਵੱਲ ਦੇਖ ਕੇ ਉਸ ਨੇ ਦੰਦੀਆਂ ਜਿਹੀਆਂ ਕੱਢੀਆਂ। ਪਕੌੜੀਆਂ ਵਰਗੇ ਦੰਦਾਂ ਨੂੰ ਸਾਫ਼ ਕੀਤਿਆਂ ਸ਼ਾਇਦ ਜੁੱਗੜੇ ਹੋ ਗਏ ਸਨ।

-"ਇਹ ਬਲਜੀਤ ਐ ਪੁੱਤ, ਜੀਹਦੇ ਨਾਲ਼ ਤੇਰਾ ਵਿਆਹ ਹੋਣੈਂ..!" ਭੂਆ ਨੇ ਦੱਸਿਆ ਤਾਂ ਵਿੰਗੇ ਨੱਕ ਵਾਲ਼ਾ ਬਲਜੀਤ ਪਾਗਲਾਂ ਵਾਂਗ ਲਾਚੜ ਗਿਆ ਅਤੇ ਉਸ ਨੇ ਸ਼ੁਦਾਈਆਂ ਵਾਂਗ ਹੱਸ ਕੇ ਉਂਗਲ਼ਾਂ ਦੇ ਭੜ੍ਹਾਕੇ ਪਾਏ ਅਤੇ ਜਿੰਦਰ ਵੱਲ ਸ਼ੈਤਾਨ ਜਿਹੀਆਂ ਨਜ਼ਰਾਂ ਨਾਲ਼ ਝਾਕਿਆ। ਉਸ ਦਾ ਬੁੱਚੜ ਜਿਹਾ ਚਿਹਰਾ ਦੇਖ ਕੇ ਜਿੰਦਰ ਦਾ ਸੀਤ ਨਿਕਲ਼ ਗਿਆ। ਬੇਤਰਤੀਬੀ ਦਾੜ੍ਹੀ ਅਤੇ ਮੜਾਸੇ ਵਰਗੀ ਪੱਗ ਤੋਂ ਬਲਜੀਤ ਕਿਸੇ ਪਾਗਲਖਾਨੇਂ 'ਚੋਂ ਭੱਜਿਆ 'ਸ਼ੁਦਾਈ' ਜਾਪਦਾ ਸੀ। ਵਾਹ ਨੀ ਕਿਸਮਤੇ..! ਕਿੱਥੇ ਸੋਹਣੇ ਸੁਣੱਖੇ ਪ੍ਰਤੀਕ ਜੀ, ਤੇ ਕਿੱਥੇ ਇਹ ਜੰਗਲੀ ਰਿੱਛ...??

ਫ਼ੁੱਫ਼ੜ ਦੀ ਕਾਰ ਘਰ ਨੂੰ ਤੁਰ ਪਈ।

ਭੂਆ ਅੱਗੇ ਬੈਠੀ ਸੀ। ਜਿੰਦਰ ਅਤੇ ਬਲਜੀਤ ਪਿੱਛਲੀਆਂ ਸੀਟਾਂ 'ਤੇ ਸਨ।

ਮੌਕਾ ਜਿਹਾ ਬੋਚ ਕੇ ਬਲਜੀਤ ਨੇ ਜਿੰਦਰ ਦੇ ਪੱਟ 'ਤੇ ਜੋਰ ਦੀ ਚੂੰਢੀ ਵੱਢੀ। ਚੂੰਢੀ ਨਹੀਂ, ਜਿਵੇਂ ਕਿਸੇ ਨੇ ਜਮੂਰ ਨਾਲ਼ ਪੱਟ ਦਾ ਮਾਸ ਕੱਢ ਲਿਆ ਸੀ। ਮਾਲੂਕ ਸਰੀਰ ਉਪਰ ਬੇਕਿਰਕੀ ਨਾਲ਼ ਵੱਢੀ ਚੂੰਢੀ ਕਾਰਨ ਮਾਸ ਜਲ਼ਣ ਲੱਗ ਪਿਆ ਅਤੇ ਬੇਥਾਹ ਪੀੜ ਸਿੱਧੀ ਦਿਲ ਦਿਮਾਗ ਨੂੰ ਗਈ। ਜਿੰਦਰ ਦੀ ਚੀਕ ਨਿਕਲ਼ਣ ਲੱਗੀ, ਪਰ ਉਸ ਨੇ ਬੜੇ ਜ਼ਾਬਤੇ ਨਾਲ਼ ਰੋਕ ਲਈ। ਬਲਜੀਤ ਦੇ ਪਹਿਲੇ ਵਾਰ ਨੇ ਹੀ ਜਿੰਦਰ ਦੇ ਮਨ ਵਿਚ ਖ਼ਿਆਲਾਂ ਦੀ ਉੱਥਲ਼-ਪੁੱਥਲ਼ ਉਠ ਖੜ੍ਹੀ ਹੋਈ; ਇਹ ਬੇਵਕੂਫ਼ ਤਾਂ ਹੁਣ ਭੂਆ ਫ਼ੁੱਫ਼ੜ ਦੇ ਸਾਹਮਣੇ ਨਹੀਂ ਹਟਦਾ, ਇਕੱਲਾ ਕੀ ਵਿਵਹਾਰ ਕਰੂਗਾ..? ਸੋਚ ਕੇ ਜਿੰਦਰ ਸੁੰਨ ਹੋ ਗਈ। ਉਸ ਦੀਆਂ ਹੁਸੀਨ ਅੱਖਾਂ ਵਿਚੋਂ ਅੱਥਰੂ ਛਲਕ ਪਏ, ਜੋ ਉਸ ਨੇ ਬੜੀ ਜੱਦੋਜਹਿਦ ਨਾਲ਼ ਛੁਪਾਏ। ਪ੍ਰਤੀਕ ਜੀ ਦੇ ਵਿਛੋੜੇ ਕਾਰਨ ਦੁਖੀ ਤਾਂ ਉਹ ਪਹਿਲਾਂ ਹੀ ਸੀ, ਪਰ ਹੁਣ "ਬਲਜੀਤ ਜੀ" ਦੇ ਦਰਸ਼ਣ ਅਤੇ ਉਸ ਦੀਆਂ ਅਸ਼ਲੀਲ ਹਰਕਤਾਂ ਕਰਕੇ ਤਾਂ ਉਹ ਧੁਰ ਅੰਦਰੋਂ ਵਿੰਨ੍ਹੀਂ ਗਈ ਸੀ।

-"ਕਿਵੇਂ ਆਂ ਪਟੋਲ੍ਹਿਆ...?" ਬਲਜੀਤ ਆਪਣੇ ਚੱਪਣਾਂ ਵਰਗੇ ਬੁੱਲ੍ਹ ਨੇੜੇ ਕਰ ਕੇ ਜਿੰਦਰ ਦੇ ਕੰਨ 'ਚ ਬੋਲਿਆ। ਨਾਲ਼ ਉਸ ਨੇ ਮੋਢਾ ਮਾਰਿਆ ਸੀ। ਜਿੰਦਰ ਦਾ ਦਿਲ ਕੀਤਾ ਕਾਰ 'ਚੋਂ ਛਾਲ਼ ਮਾਰ ਕੇ ਕਿਤੇ ਦੌੜ ਜਾਵੇ ਅਤੇ ਚੀਖ਼-ਚੀਖ਼ ਕੇ ਆਖੇ ਕਿ ਮੈਂ ਇਸ ਬਿੱਜੂ ਨਾਲ਼ ਕੋਈ ਵਿਆਹ ਨਹੀਂ ਕਰਵਾਉਣਾ, ਮੈਨੂੰ ਵਾਪਸ ਭੇਜ ਦਿਓ..! ਪਰ ਉਸ ਵਿਚ ਇਤਨੀ ਹਿੰਮਤ ਕਿੱਥੇ ਸੀ..? ਉਹ ਤਾਂ ਹੁਣ ਇੰਗਲੈਂਡ ਦੇ ਸੁਨਿਹਰੀ ਸ਼ਿਕੰਜੇ ਵਿਚ ਨਰੜੀ ਹੋਈ ਸੀ, ਜਿੱਥੋਂ ਭੱਜਣਾ ਉਸ ਲਈ ਕੋਈ ਸੌਖੀ ਗੱਲ ਨਹੀਂ ਸੀ। ਕਾਲ਼ੇ ਪਾਣੀਆਂ ਦੀ ਸਜ਼ਾ ਵਾਂਗ ਬੰਦਾ ਇੱਥੇ ਆ ਜਾਂਦਾ ਸੀ, ਪਰ ਇੱਥੋਂ ਬਾਹਰ ਨਿਕਲ਼ਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਸੀ..!

-"ਬੋਲਦੀ ਨੀ..? ਮੈਂ ਕੁੱਤੈਂ ਜਿਹੜਾ ਭੌਂਕੀ ਜਾਨੈਂ..??" ਉਸ ਨੇ ਹਲ਼ ਵਰਗਾ ਮੋਢਾ ਜਿੰਦਰ ਦੀ ਵੱਖੀ 'ਚ ਮਾਰਿਆ। ਦਰਦ ਨਾਲ਼ ਜਿੰਦਰ ਦੀਆਂ ਪੱਸਲ਼ੀਆਂ ਧੁਖ਼ਣ ਲੱਗ ਪਈਆਂ। ਮਾਲੂਕ ਜਿਹੀ ਜਿੰਦੜੀ ਨੂੰ ਭਾਰੇ ਮਾਮਲੇ ਪਏ ਹੋਏ ਸਨ।

-"ਤੂੰ ਪਰ੍ਹੇ ਹੋ ਕੇ ਬੈਠ ਵੇ, ਬਿੱਜੂਆ..! ਅਜੇ ਥੋਡਾ ਵਿਆਹ ਨੀ ਹੋਇਆ..!" ਭੂਆ ਨੇ ਬਲਜੀਤ ਨੂੰ ਤਾੜਿਆ ਤਾਂ ਉਹ ਕਾਰ ਦੇ ਦੂਜੇ ਖੂੰਜੇ ਹੋ ਕੇ ਬੈਠ ਗਿਆ। ਜਿੰਦਰ ਨੂੰ ਮਸਾਂ ਸੁੱਖ ਦਾ ਸਾਹ ਆਇਆ ਸੀ।

ਅੱਧੇ ਕੁ ਘੰਟੇ ਬਾਅਦ ਕਾਰ ਆਪਣੇ ਟਿਕਾਣੇ ਆ ਖੜ੍ਹੀ।

-"ਸਾਲ਼ਿਆ ਜੱਜ ਬਣਿਆਂ ਨਾਲ਼ ਜਾੜ੍ਹਾਂ ਜੀਆਂ ਕੱਢਦਾ ਫ਼ਿਰਦੈਂ ਕੋਈ ਹੱਥ ਪੱਲਾ ਨੀ ਹਿਲਾਇਆ ਜਾਂਦਾ,, ਚੱਲ ਚੱਕ 'ਟੈਚੀ..!"

-"ਮੈਂ ਕਦੋਂ ਕਿਹੈ ਬਈ ਮੈਂ ਨਹੀਂ ਚੱਕਦਾ, ਡਿੱਘੀ ਤਾਂ ਖੋਲ੍ਹ..!" ਬਲਜੀਤ ਨੇ ਆਪਣਾ ਸ਼ਿਕਵਾ ਦਿਖਾਇਆ।

-"ਸਾਲ਼ਿਆ ਬਟਨ ਦੱਬ ਕੇ ਡਿੱਘੀ ਖੁੱਲ੍ਹ ਜਾਣੀਂ ਐਂ, ਡਿੱਘੀ ਖੋਲ੍ਹਣ ਨੂੰ ਕੋਈ ਰਾਗਟ ਥੋੜ੍ਹੋ ਚਲਾਉਣੈ..? ਚੱਲ ਚੱਕ 'ਟੈਚੀ, ਕੁੜੀ ਯਾਹਵਾ ਟੂਟਲ਼...!"

-"ਚੱਕਦੈਂ, ਤੂੰ ਗਾਲ਼ਾਂ ਕਾਹਤੋਂ ਕੱਢੀ ਜਾਨੈਂ..?" ਜੋਰਾ ਸਿੰਘ ਦੀਆਂ ਖਰੀਆਂ ਸੁਣ ਕੇ ਬਲਜੀਤ ਕੰਨ ਜਿਹੇ ਭੰਨਣ ਲੱਗ ਪਿਆ। ਰਿਸ਼ਤੇ ਵਿਚੋਂ ਜੋਰਾ ਸਿੰਘ ਬਲਜੀਤ ਦਾ ਦੂਰੋਂ ਮਾਮਾ ਲੱਗਦਾ ਸੀ।

-"ਹੋਰ ਸਾਲ਼ਿਆ ਤੈਨੂੰ ਸਿਰੋਪਾ ਦੇਵਾਂ..? ਡੱਕਾ ਤਾਂ ਤੂੰ ਤੋੜਦਾ ਨੀ..! ਕੱਢ 'ਟੈਚੀ...!"

-"ਕਦੋਂ ਨੀ ਤੋੜਦਾ..? ਕੱਢੀ ਤਾਂ ਜਾਨੈਂ 'ਟੈਚੀ, ਤੂੰ ਮੇਰੀ ਬੇਜ਼ਤੀ ਕਿਉਂ ਕਰੀ ਜਾਨੈਂ..?"

-"ਮੈਂ ਮੱਥੇ 'ਚ ਇੱਟ ਮਾਰ ਕੇ ਚਿੱਬ ਪਾਦੂੰ..! ਅੱਗੇ ਜਿਵੇਂ ਸਾਲ਼ੇ ਦੇ ਪਾਕਿਸਤਾਨ 'ਚ ਝੰਡੇ ਝੂਲਦੇ ਹੁੰਦੇ ਐ, ਸਾਲ਼ਾ ਬੇਜ਼ਤੀ ਦਾ..!"

ਬਲਜੀਤ ਜਿੰਦਰ ਦਾ ਅਟੈਚੀ ਚੁੱਕ ਕੇ ਰੇਲ ਬਣਿਆਂ ਜਾ ਰਿਹਾ ਸੀ।

ਜਿੰਦਰ, ਜੋ ਘਰੋਂ ਘੱਟ ਹੀ ਬਾਹਰ ਨਿਕਲ਼ੀ ਸੀ, ਅੱਜ ਸੱਤ ਸਮੁੰਦਰੋਂ 'ਪਾਰ' ਆਣ ਪਹੁੰਚੀ ਸੀ। ਪਹਿਲੀ ਵਾਰ ਘਰ ਛੱਡਣ ਕਰ ਕੇ ਮਾਂ-ਬਾਪ, ਭੈਣ-ਭਰਾਵਾਂ ਦੇ ਵਿਛੋੜੇ 'ਚ ਦੁਖੀ ਹੁੰਦੀ ਹੋਈ ਵੀ ਆਪਣੀ ਪੀੜ ਸਭ ਤੋਂ ਲੁਕਾ ਰੱਖੀ ਸੀ।

ਉਸ ਦਿਨ ਭੂਆ ਦੇ ਘਰ ਜਿੰਦਰ ਦੀ ਸੇਵਾ-ਖਾਤਿਰ ਕੀਤੀ ਅਤੇ ਬਾਹਵਾ ਗੱਲਾਂ-ਬਾਤਾਂ ਕੀਤੀਆਂ ਗਈਆਂ। ਭੂਆ ਦੀ ਇੰਗਲੈਂਡ ਵਿਚ ਜੰਮੀ ਧੀ 'ਰੈਂਡੀ' ਅਤੇ ਪੁੱਤਰ 'ਸ਼ੰਮੀ' ਨੇ ਵੀ ਦਿਖਾਵੇ ਜਿਹੇ ਵਜੋਂ ਜਿੰਦਰ ਨੂੰ ਗਲ਼ਵਕੜੀਆਂ ਪਾਈਆਂ। ਜਿੰਦਰ ਦੇ ਮਾਂ-ਬਾਪ ਨੂੰ ਜਿੰਦਰ ਦੇ ਪਹੁੰਚਣ ਦੀ ਖ਼ੁਸ਼ਖ਼ਬਰੀ ਵਾਲ਼ੀ ਚਿੱਠੀ ਵੀ ਜਿੰਦਰ ਦੇ ਹੱਥੋਂ ਲਿਖਵਾਈ।

ਆਥਣੇ ਜਿੰਦਰ ਦਾ ਅਟੈਚੀ ਇੱਕ 'ਬੌਕਸ-ਰੂਮ' ਵਿਚ ਰੱਖ, ਉਸ ਦਾ ਵਸੇਬਾ ਬੌਕਸ-ਰੂਮ ਵਿਚ ਕਰਵਾ ਦਿੱਤਾ ਗਿਆ। ਕੁੱਕੜਾਂ ਦੇ ਖੁੱਡੇ ਜਿੱਡਾ ਕਮਰਾ ਦੇਖ ਕੇ ਜਿੰਦਰ ਦਾ ਸਾਹ ਘੁੱਟਣ ਲੱਗਿਆ। ਪਰ ਉਹ ਕਿਸਮਤ ਦੇ ਕੀਤੇ ਫ਼ੈਸਲਿਆਂ ਨੂੰ ਵਾਹੋ-ਦਾਹ ਪ੍ਰਵਾਨ ਕਰਦੀ ਜਾ ਰਹੀ ਸੀ।

ਭੂਆ ਦੀ ਵੱਡੀ ਕੁੜੀ ਗੁਰਮੀਤ ਕੈਨੇਡਾ ਵਿਆਹੀ ਹੋਈ ਸੀ ਅਤੇ ਉਸ ਦੇ ਦੋ ਬੱਚੇ ਸਨ। ਕੁੜੀ ਗੀਤ ਅਤੇ ਮੁੰਡਾ ਜੋਬਨ! ਗੁਰਮੀਤ ਆਪਣੇ ਘਰੇ ਘੁੱਗ ਵਸਦੀ ਸੀ। ਭੂਆ ਦੇ ਛੋਟੇ ਦੋ ਬੱਚਿਆਂ ਨੇ ਅਜੇ ਵਿਆਹ ਨਹੀਂ ਕਰਵਾਇਆ ਸੀ। ਕੁੜੀ ਰੈਂਡੀ ਦਾਰੂ ਪੀਣ ਦੀ ਸ਼ੌਕੀਨ ਅਤੇ ਪੂਰੀ 'ਅਯਾਸ਼' ਸੀ, ਵਿਆਹ ਦੇ ਨਾਂ ਨੂੰ ਉਹ ਨੱਕ-ਬੁੱਲ੍ਹ ਮਾਰਨ ਲੱਗ ਜਾਂਦੀ। ਮੁੰਡਾ ਸ਼ੰਮੀ ਤਾਂ ਅਜੇ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਦਾਰੂ ਦਾ ਪੈੱਗ ਉਹ ਵੀ ਬੜੇ ਸ਼ੌਕ ਨਾਲ਼ ਲਾਉਂਦਾ ਸੀ।

ਭੂਆ ਫ਼ੁੱਫ਼ੜ ਅਤੇ ਉਨ੍ਹਾਂ ਦੀ ਧੀ ਰੈਂਡੀ ਸਵੇਰੇ ਕੰਮ 'ਤੇ ਚਲੇ ਜਾਂਦੇ ਅਤੇ ਸ਼ਾਮ ਨੂੰ ਆਉਂਦੇ। ਸ਼ੰਮੀ ਦੀ 'ਯੂਨੀ' ਦਾ ਕੋਈ ਪੱਕਾ ਟਾਈਮ ਨਹੀਂ ਸੀ। ਉਹ ਕਦੇ ਸਵੇਰੇ ਜਾਂਦਾ ਅਤੇ ਕਦੇ ਆਥਣੇ! ਪਰ ਸ਼ੰਮੀ ਜਿੰਦਰ ਨਾਲ਼ ਬਹੁਤੀ ਗੱਲ ਕਰ ਕੇ ਰਾਜ਼ੀ ਨਹੀਂ ਸੀ। ਨਾ ਹੀ ਰੈਂਡੀ ਜਿੰਦਰ ਨੂੰ ਬਹੁਤਾ ਬੁਲਾਉਂਦੀ। ਇੱਥੋਂ ਦੇ ਜੰਮੇ-ਪਲ਼ੇ ਬੱਚੇ ਇੰਡੀਆ ਤੋਂ ਆਈ ਜਿੰਦਰ ਨੂੰ "ਫ਼ਰੈਸ਼ੀ" ਹੀ ਸਮਝਦੇ, ਜਿਸ ਨੂੰ ਇੰਗਲੈਂਡ ਦੇ ਰਹਿਣ-ਸਹਿਣ ਬਾਰੇ ਬਹੁਤਾ ਗਿਆਨ ਨਹੀਂ ਸੀ, ਰੈਂਡੀ ਅਤੇ ਸ਼ੰਮੀ ਉਸ ਨੂੰ ਇੱਕ ਤਰ੍ਹਾਂ ਨਾਲ਼ 'ਉਜੱਡ' ਹੀ ਮੰਨਦੇ।

ਜਿੰਦਰ ਸਾਰੀ ਦਿਹਾੜੀ ਖਾਣਾ-ਦਾਣਾ ਬਣਾਉਂਦੀ ਕਿਚਨ ਵਿਚ ਹੀ ਅੱਕਲ਼ਕਾਨ ਹੋਈ ਰਹਿੰਦੀ। ਪਰ ਖਾਣਾ ਜੁਆਕਾਂ ਦੇ ਫ਼ਿਰ ਵੀ ਨਖ਼ਰੇ ਹੇਠ ਨਾ ਆਉਂਦਾ। ਉਹ ਜਿੰਦਰ ਦੇ ਖਾਣੇ 'ਤੇ ਟਕੋਰਾਂ ਕਰਦੇ ਰਹਿੰਦੇ। ਉਨ੍ਹਾਂ ਦੀ ਅੰਗਰੇਜ਼ੀ ਜਿੰਦਰ ਦੇ ਰਾਕਟ ਵਾਂਗੂੰ ਸਿਰ ਉਪਰੋਂ ਦੀ ਲੰਘ ਜਾਂਦੀ।

-"ਮੰਮ, ਖਾਣਾ ਤੁਸੀਂ ਆਪ ਬਣਾਇਆ ਕਰੋ..!" ਜਿੰਦਰ ਦਾ ਬਣਾਇਆ ਖਾਣਾ 'ਗਪਲ਼-ਗਪਲ਼' ਖਾਂਦੀ ਰੈਂਡੀ ਨੇ ਇੱਕ ਦਿਨ ਬੜੇ ਰੁੱਖੇ ਲਹਿਜੇ ਵਿਚ ਕਿਹਾ।

-"ਜਿੰਦਰ ਤਾਂ ਖਾਣੇ ਦਾ ਫ਼ਾਹਾ ਵੱਢ ਦਿੰਦੀ ਹੈ..!" ਸ਼ੰਮੀ ਬੋਲਿਆ।

ਜਿੰਦਰ ਨੂੰ ਚੇਹ ਚੜ੍ਹ ਗਈ। ਉਹ ਪੁੱਛਣਾ ਚਾਹੁੰਦੀ ਸੀ ਕਿ ਜੇ ਖਾਣਾ ਚੰਗਾ ਨਹੀਂ ਬਣਿਆਂ, ਫ਼ਿਰ ਖਾਂਦੇ ਕਿਉਂ ਹੋ..? ਨਾਲ਼ੇ ਤਾਂ ਬੇਸਬਰਿਆਂ ਵਾਂਗ ਖਾਈ ਜਾ ਰਹੇ ਹੋ, ਤੇ ਨਾਲ਼ੇ ਨਿਘੋਚਾਂ ਵੀ ਕੱਢੀ ਜਾ ਰਹੇ ਹੋ..?? ਪਰ ਉਹ ਮੂੰਹੋਂ ਚੁੱਪ ਸੀ।

ਪਰ ਭੂਆ ਨਹੀਂ ਬੋਲੀ ਸੀ।

ਫ਼ੁੱਫ਼ੜ ਨੇ ਵੀ ਮਾਸਾ ਭਰ ਮੂੰਹ ਨਹੀਂ ਖੋਲ੍ਹਿਆ ਸੀ

-"ਪਰਸੋਂ ਗੁਰਮੀਤ ਨੇ ਆਉਣੈਂ, ਉਸ ਦਿਨ ਛੁੱਟੀ ਲਵਾਂ..?" ਰੋਟੀ ਖਾਂਦੇ ਫ਼ੁੱਫ਼ੜ ਨੇ ਭੂਆ ਨੂੰ ਪੁੱਛਿਆ।

-"ਸ਼ਿਫ਼ਟ ਬਦਲਾ ਲਓ, ਦਿਹਾੜੀ ਕਾਹਨੂੰ ਭੰਨਣੀਂ ਐਂ..?" ਭੂਆ ਬੋਲੀ।

-"ਇਉਂ ਕਰ ਲੈਨੇ ਐਂ..!" ਫ਼ੁੱਫ਼ੜ ਬੋਲਿਆ।

.....ਅਸਲ ਵਿਚ ਫ਼ੁੱਫ਼ੜ ਦੀ ਕੈਨੇਡਾ ਵਿਆਹੀ ਕੁੜੀ ਗੁਰਮੀਤ ਆਪਣੇ ਦੋ ਬੱਚਿਆਂ ਨੂੰ ਲੈ ਕੇ ਇੰਡੀਆ ਗਈ ਹੋਈ ਸੀ। ਵਾਪਸੀ 'ਤੇ ਉਸ ਨੇ ਵਾਇਆ ਲੰਡਨ ਆਉਣਾ ਸੀ ਅਤੇ ਚਾਰ ਦਿਨ ਇੱਥੇ ਰਹਿ ਕੇ ਫ਼ਿਰ ਅੱਗੇ ਵੈਨਕੂਵਰ ਜਾਣਾ ਸੀ। ਫ਼ੁੱਫ਼ੜ ਡਿਪਲੋਮੈਟ ਸਕਿਉਰਿਟੀ ਵਿਚ ਕੰਮ ਕਰਦਾ ਸੀ ਅਤੇ ਉਸ ਦੀ ਤਨਖਾਹ ਘੰਟਿਆਂ ਬੱਧੀ ਮਿਲ਼ਦੀ ਸੀ, ਭੂਆ ਨਹੀਂ ਚਾਹੁੰਦੀ ਸੀ ਕਿ ਗੁਰਮੀਤ ਹੋਰਾਂ ਦੇ ਆਉਣ ਵੇਲ਼ੇ ਜੋਰਾ ਸਿੰਘ ਦੀ ਦਿਹਾੜੀ ਮਰੇ, ਇਸ ਲਈ ਉਸ ਨੇ ਸ਼ਿਫ਼ਟ ਬਦਲਾ ਲੈਣ ਦੀ ਹੀ ਸਲਾਹ ਦਿੱਤੀ ਸੀ।

ਇੱਕ ਗੱਲੋਂ ਜਿੰਦਰ ਸੰਤੁਸ਼ਟ ਅਤੇ ਸੁਖ਼ਾਲ਼ੀ ਸੀ ਕਿ ਰੈਂਡੀ ਅਤੇ ਸ਼ੰਮੀ ਬਲਜੀਤ ਨੂੰ ਘਰੇ ਪੈਰ ਨਹੀਂ ਪਾਉਣ ਦਿੰਦੇ ਸਨ। ਉਹ ਬਲਜੀਤ ਨੂੰ 'ਕਰੇਜ਼ੀ ਗਾਏ' ਜਾਂ 'ਮੌਨਸਟਰ' ਆਖ ਕੇ ਪੁਕਾਰਦੇ ਸਨ। ਉਨ੍ਹਾਂ ਤੋਂ ਡਰਦਾ ਬਲਜੀਤ ਘਰੇ ਪੈਰ ਵੀ ਘੱਟ ਹੀ ਪਾਉਂਦਾ ਸੀ। ਕਈ ਵਾਰ ਜਿੰਦਰ ਨੇ ਆਪਣੇ ਬੌਕਸ-ਰੂਮ ਵਿਚੋਂ ਤੱਕਿਆ ਸੀ ਕਿ ਬਲਜੀਤ ਸੜਕ 'ਤੇ ਅਵਾਰਾ ਪਸ਼ੂਆਂ ਵਾਂਗ ਗੇੜੇ ਜਿਹੇ ਕੱਢਦਾ ਰਹਿੰਦਾ, ਪਰ 'ਡੋਰ-ਬੈੱਲ' ਕਰਨ, ਜਾਂ ਦਰਵਾਜ਼ਾ ਖੜਕਾਉਣ ਦਾ ਉਸ ਦਾ ਹੀਆ ਨਾ ਪੈਂਦਾ। ਉਸ ਨੂੰ ਪਤਾ ਸੀ ਕਿ ਰੈਂਡੀ ਅਤੇ ਸ਼ੰਮੀਂ ਉਸ ਦੇ 'ਅਲੀ-ਅਲੀ' ਕਰਕੇ ਮਗਰ ਪੈ ਜਾਣਗੇ। ਕਈ ਵਾਰ ਜਿੰਦਰ ਰੱਬ ਅੱਗੇ ਅਰਦਾਸਾਂ ਕਰਦੀ ਕਿ ਹੇ ਸੱਚੇ ਪਾਤਿਸ਼ਾਹ, ਇਸ ਦੈਂਤ ਨਾਲ਼ ਮੇਰਾ ਵਿਆਹ ਨਾ ਹੋਵੇ..!

'ਮੁਹੱਬਤ' ਸ਼ਬਦ ਹੁਣ ਜਿੰਦਰ ਵਾਸਤੇ ਸਿਰਫ ਇੱਕ ਸਾਹ-ਸੱਤਹੀਣ ਜਿਹਾ ਸ਼ਬਦ ਹੀ ਬਣ ਕੇ ਰਹਿ ਗਿਆ ਸੀ! ਉਸ ਦਾ ਰੀਝਾਂ ਅਤੇ ਦਿਲੀ ਭਾਵਨਾਵਾਂ ਨਾਲ਼ ਖ਼ੁਦ ਗੁੰਦਿਆ ਸ਼ਿੰਗਾਰਿਆ ਸੰਸਾਰ, ਸਮਾਜ ਦੇ "ਮੈਂ ਨਾ ਮਾਨੂੰ" ਦੇ ਅੱਥਰਪੁਣੇ ਦੀ ਦਲਦਲ ਵਿਚ ਗਰਕ ਹੋ ਗਿਆ ਸੀ। ਜਨੂੰਨੀ ਤੇ ਜਿਸਮਾਨੀ ਰਿਸ਼ਤਿਆਂ ਵਾਲ਼ੇ ਕਾਇਦੇ ਕਾਨੂੰਨਾਂ ਨੇ ਜਿੰਦਰ ਦੀ ਰੂਹ ਪੱਛ ਦਿੱਤੀ ਸੀ। ਹੁਣ ਤਾਂ ਉਹ ਆਪਣੇ ਸੁਪਨਿਆਂ ਦੀਆਂ ਕਬਰਾਂ ਪੁੱਟ ਕੇ, ਨਿੱਤ ਉਨ੍ਹਾਂ 'ਚ ਰਾਤ ਕੱਟਦੀ ਸੀ। ਹੁਣ ਉਸ ਨੇ ਹਾਲਾਤਾਂ ਅਨੁਸਾਰ ਢਲ਼ ਕੇ, ਆਪਣੇ-ਆਪ ਨਾਲ ਲੜਨਾ ਵੀ ਘੱਟ ਕਰ ਦਿੱਤਾ ਸੀ, ਹੁਣ ਉਹ ਜ਼ਿੰਦਗੀ ਨਾਲ਼ ਸਮਝੌਤੇ ਕਰਕੇ ਚੁੱਪ-ਚਾਪ ਹੀ ਰਹਿੰਦੀ। ਹੁਣ ਉਸ ਨੂੰ ਕੁਝ ਕਹਿਣ, ਜਾਂ ਕੁਝ ਜਾਨਣ ਦੀ ਇੱਛਾ ਹੀ ਨਹੀਂ ਰਹੀ ਸੀ। ਉਸ ਦੀਆਂ ਸਭ ਇੱਛਾਵਾਂ ਅਤੇ ਰੀਝਾਂ ਮਰ-ਮੁੱਕ ਗਈਆਂ ਸਨ, ਜਿਨ੍ਹਾਂ ਦੀ ਮੜ੍ਹੀ ਬਾਲ਼ ਕੇ ਉਹ ਨਿੱਤ ਅਗਨੀ ਸੇਕਦੀ ਸੀ। ਪਰ ਫ਼ਿਰ ਵੀ ਕਦੇ-ਕਦੇ ਉਸ ਦੇ ਮਨ ਦੀ ਰੀਝ ਕਰਵੱਟ ਲੈਂਦੀ, ਕਿ ਕਾਸ਼ ਕਾਲਿਜ ਵਾਲ਼ਾ ਸਮਾਂ ਮੁੜ ਪਰਤ ਆਵੇ! ....ਕਦੇ-ਕਦੇ 'ਪ੍ਰਤੀਕ ਜੀ' ਦੀ ਯਾਦ ਸੱਪ ਵਾਂਗ ਉਸ ਦੀ ਹਿੱਕ 'ਤੇ ਆ ਚੜ੍ਹਦੀ ਅਤੇ ਉਹ ਅੱਧੀ ਰਾਤੋਂ ਮੁੜ੍ਹੋ-ਮੁੜ੍ਹਕੀ ਹੋਈ ਉਠ ਕੇ ਬੈਠ ਜਾਂਦੀ।

-"ਤੇਰੀ ਤਕਦੀਰ ਤਾਂ ਹੁਣ ਪਸ਼ੂ ਬਿਰਤੀ ਵਾਲ਼ੇ ਬਲਜੀਤ ਨਾਲ਼ ਜੋੜੀ ਜਾ ਚੁੱਕੀ ਐ, ਕਮਲ਼ੀਏ..! ਹੁਣ ਤੂੰ ਪ੍ਰਤੀਕ ਜੀ ਦੇ ਸੁਪਨੇ ਨਾ ਲਿਆ ਕਰ..! ਸਿਆਣੇ ਕਹਿੰਦੇ ਨੀ ਹੁੰਦੇ, ਲਿਖੀਆਂ ਲੇਖ ਦੀਆਂ, ਕੱਟ ਲੈ ਮਨਾਂ ਚਿੱਤ ਲਾ ਕੇ..? ਹੁਣ ਪ੍ਰਤੀਕ ਜੀ ਨੂੰ ਭੁੱਲ ਕੇ, ਬਲਜੀਤ ਨੂੰ ਅਪਨਾਉਣ ਦਾ ਅਭਿਆਸ ਕਰਿਆ ਕਰ..! ਚੰਦ ਚੜ੍ਹਿਆ ਦੇਖ ਕੇ ਪੱਲਾ ਅੱਡਣਾ ਬੰਦ ਕਰ, ਇਹ ਕਦੇ ਤੇਰੀ ਝੋਲ਼ੀ ਨਹੀਂ ਡਿੱਗੇਗਾ..! ਤੇਰੇ ਕਰਮਾਂ ਵਿਚ ਤਾਂ ਹੁਣ ਬਲਜੀਤ ਲਿਖਿਆ ਜਾ ਚੁੱਕਿਐ, ਜਿੰਦਰ..!" ਉਹ ਸੋਚਦੀ ਰਹਿੰਦੀ।

-ਚੱਲਦਾ

## ਪੰਜਾਬੀ ਬੋਲੀ ਦੀ ਟੌਰ

ਬੋਲੀਏ ਪੰਜਾਬੀਏ, ਸੋਹਣੀ ਸ਼ਹਿਜ਼ਾਦੀਏ
ਜੱਗ 'ਤੇ ਅਨੋਖੀ ਤੇਰੀ ਟੌਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਸ਼ਹਿਦ ਨਾਲੋਂ ਮਿੱਠੀਏ, ਦੁੱਧ ਨਾਲੋਂ ਚਿੱਟੀਏ
ਤੇਰੇ ਜਿਹੀ ਭਾਸ਼ਾ ਕੋਈ ਜੱਗ 'ਤੇ ਨਾ ਡਿੱਠੀ ਏ
ਤੈਨੂੰ ਸੁਣ ਨੱਚਦੇ ਨੇ ਮੋਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਬੋਲੀ ਗੁਰੂ ਪੀਰਾਂ ਦੀ ਤੂੰ, ਸੂਫੀਆਂ ਫਕੀਰਾਂ ਦੀ ਤੂੰ
ਸੂਫੀਆਨਾ ਕਾਵਿ ਤੂੰ ਹੀ ਵਾਰ ਯੋਧੇ ਵੀਰਾਂ ਦੀ ਤੂੰ
ਤੇਰੇ ਹਰ ਅੱਖ਼ਰ 'ਚ ਲੋ਼ਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਮਹਿਕ ਹੈਂ ਗ਼ੁਲਾਬ ਦੀ ਤੂੰ, ਸੁਰ ਹੈਂ ਰਬਾਬ ਦੀ ਤੂੰ
ਬੋਲੀਏ ਪੰਜਾਬੀਏ ਸ਼ਾਨ ਹੈਂ ਪੰਜਾਬ ਦੀ ਤੂੰ
ਸਭ ਬੋਲੀਆਂ 'ਚੋਂ ਸਿਰਮੌਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਪੈਂਤੀ ਸਾਡੀ ਸ਼ਾਨ ਬਣੀ, ਗਿਆਨੀਆਂ ਦਾ
ਗਿਆਨ ਬਣੀ
ਗੁਰੂ ਗਰੰਥ ਸਾਹਿਬ ਵਿਚ ਰੱਬ ਦਾ ਤੂੰ ਨਾਮ ਬਣੀ
ਤੇਰੇ ਉੱਤੇ ਹੋਣ ਅੱਜ ਚਉਰ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।

ਲਿਖੋ ਬੋਲੋ ਪੜ੍ਹੋ ਸਾਰੇ, ਪੰਜਾਬੀ 'ਚ ਕੰਮ ਕਰੋ ਸਾਰੇ
ਗਿੱਲ ਮਲਕੀਤ ਝੋਲੀ ਖੁਸ਼ੀਆਂ ਨਾ ਭਰੋ ਸਾਰੇ
ਸੀਸ ਮੈਂ ਝੁਕਾਵਾਂ ਹੱਥ ਜੋੜ।
ਤੇਰੇ ਜਿਹੀ ਬੋਲੀ ਨਾ ਕੋਈ ਹੋਰ।
ਜੱਗ ਤੋਂ ਅਨੋਖੀ ਤੇਰੀ ਟੌਰ।

-ਮਲਕੀਤ ਸਿੰਘ ਗਿੱਲ (ਭੱਠਲਾਂ)
ਪਿੰਡ ਭੱਠਲਾਂ ਜਿਲ੍ਹਾ ਬਰਨਾਲਾ।
ਸੰਪਰਕ : 79865-28225



## ਸੱਚੀਆਂ ਗੱਲਾਂ

ਰੰਗ ਫਸਲ ਦਾ ਬਦਲੇ, ਛੇਤੀ ਵੱਢ ਲਈਏ
ਰੰਗ ਯਾਰ ਜੇ ਬਦਲੇ, ਛੇਤੀ ਛੱਡ ਦਈਏ

ਦੇਖ ਤਰੱਕੀ ਥੋਡੀ, ਜਿਹੜੇ ਸੜਦੇ ਨੇ
ਪਿੱਠ ਪਿੱਛੇ ਜੋ ਗੱਲਾਂ, ਥੋਡੀਆਂ ਕਰਦੇ ਨੇ
ਨਾਮ ਉਨ੍ਹਾਂ ਦੇ ਦਿਲ 'ਚੋਂ, ਛੇਤੀਂ ਕੱਢ ਦਈਏ
ਜਿਹੜੇ ਛੱਡ ਜਾਣ ਪੈਰ, ਉਨ੍ਹਾਂ ਨੂੰ ਛੱਡ ਦਈਏ

ਆਪਣਾ ਵੱਡਾ ਕੱਦ, ਹਮੇਸ਼ਾਂ ਰੱਖੀਦਾ
ਦੂਜੇ ਵੱਲ ਨਹੀਂ ਦੇਖ ਹਮੇਸ਼ਾਂ ਮੱਚੀਦਾ
ਇੱਜ਼ਤ ਕਰੀਏ, ਤਲੀਆਂ ਨੂੰ ਨੀ ਚੱਟੀਦਾ
ਜਿਹੜਾ ਸਿਰੀਆਂ ਚੱਕੇ, ਛੇਤੀ ਦੱਬ ਲਈਏ
ਜਿਹੜਾ ਫੁਕਰੀਆਂ ਛੱਡੇ, ਓਹਨੂੰ ਛੱਡ ਦਈਏ

ਜਿੱਥੇ ਦਿਲ ਨਹੀਂ ਮਿਲਦਾ, ਅੱਖ ਮਿਲਾਈਏ ਨਾ
ਜਿਹੜਾ ਅੱਖ ਘੁਮਾਵੇ, ਹੱਥ ਮਿਲਾਈਏ ਨਾ
ਜਿਹੜਾ ਅੱਖਾਂ ਕੱਢੇ, ਦਿਲ 'ਚੋਂ ਕੱਢ ਦਈਏ
ਜਿਹੜਾ ਛੱਡਜੇ ਪੈਰ, ਓਸ ਨੂੰ ਛੱਡ ਦਈਏ

ਕੱਲਾ ਦੇਖ ਕੇ ਪੱਗ ਨੂੰ, ਹੱਥ ਕੋਈ ਪਾ ਜਾਵੇ
ਨਾਲ ਫੁਕਰਿਆਂ ਚੜ੍ਹ ਕੇ, ਕੋਈ ਆ ਜਾਵੇ
ਮੂਹਰੇ ਖੜਕੇ ਮੁੱਛ ਨੂੰ ਵੱਟ, ਚੜ੍ਹਾ ਜਾਵੇ
ਫੇਰ ਬਰੇਟਾ ਡੱਬ 'ਚੋਂ, ਛੇਤੀਂ ਕੱਢ ਲਈਏ
ਫਾਇਰ ਵੈਰੀਆਂ ਮੂਹਰੇ, ਛੇਤੀਂ ਕੱਢ ਦਈਏ

ਵਾਰ ਵਾਰ ਜੋ ਭੰਡਦੇ, ਆਪਣੇ ਯਾਰਾਂ ਨੂੰ
ਵਾਹਲਾ ਮੂੰਹ ਨਾ ਲਾਈਏ, ਉਨ੍ਹਾਂ ਗੱਦਾਰਾਂ ਨੂੰ
ਡਾਨਸੀਵਾਲੀਆ ਉਨ੍ਹਾਂ ਦੇ ਕੋਲੋਂ, ਭੱਜ ਲਈਏ
ਜੋ ਯਾਰ ਫੁਕਰੀਆਂ ਛੱਡੇ, ਓਹਨੂੰ ਛੱਡ ਦਈਏ
ਰੰਗ ਫਸਲ ਦਾ ਬਦਲੇ, ਛੇਤੀਂ ਵੱਢ ਲਈਏ
ਰੰਗ ਯਾਰ ਜੇ ਬਦਲੇ, ਛੇਤੀ ਛੱਡ ਦਈਏ

-ਕੁਲਵੀਰ ਸਿੰਘ ਡਾਨਸੀਵਾਲ, ਸਰੀ,
ਬੀ.ਸੀ. ਕੈਨੇਡਾ
778-863-2472



## ਕਦੇ ਆਪ ਨਹੀਂ ਸਨ ਲੱਗੀਆਂ

ਕਦੇ ਆਪ ਨਹੀਂ ਸਨ ਲੱਗੀਆਂ
ਨਜ਼ਰਾਂ ਲਾਈਆਂ ਗਈਆਂ ਸਨ
ਪੰਜਾਬ ਨੂੰ

ਹੁਣ ਵੀ ਫਿਰਦੀਆਂ
ਹਵਾਵਾਂ ਮਰਜਾਣੀਆਂ
ਹੱਥੀਂ ਫ਼ੜ ਮੁਆਤੇ

ਉਦੋਂ ਫਿਰ ਸਿਰ ਤੋਂ
ਵਾਰੀਆਂ ਮਿਰਚਾਂ ਵੀ ਨਹੀਂ
ਕੰਮ ਕਰਦੀਆਂ
ਨਾ ਅੱਗ ਵਿਚ ਸੜ੍ਹਨ ਕਦੇ
ਜਦੋਂ ਆਪਣੇ ਹੀ ਅੱਗਾਂ ਲਾਉਣ
ਤੇ ਤੇਲ ਪਾਉਣ

ਕੌਮ ਉਦੋਂ ਮਰਦੀ ਹੈ
ਜਦੋਂ ਆਪਣੀ ਮਾਂ ਭੁੱਲਦੀ ਹੈ
ਤੇ ਮਾਣੀ ਗੂੜ੍ਹੀ ਛਾਂ ਰੁਲਦੀ ਹੈ

ਫ਼ਸਲ ਉਦੋਂ ਉੱਜੜਦੀ ਹੈ
ਜਦੋਂ ਵਾੜ ਦੀ ਹੀ ਨੀਅਤ
ਵਿਚ ਖੋਟ ਆ ਜਾਵੇ

ਰਾਹ ਵੀ ਦਗਾ ਦੇ ਜਾਣ
ਉਦੋਂ ਫਿਰ ਕਾਤਲ ਬਣ ਜਾਂਦੇ ਨੇ
ਆਪਣੇ ਨਾਲ ਤੁਰੇ ਜਾਂਦੇ ਪਰਛਾਵੇਂ ਵੀ

ਅੱਗਾਂ ਕਦੇ ਵੀ
ਆਪਣੇ ਆਪ ਨਹੀਂ ਲੱਗਦੀਆਂ
ਲਾਈਆਂ ਜਾਣ
ਪੈਰੀਂ ਬੇੜੀਆਂ ਕਦੇ ਵੀ
ਆਪਣੇ ਆਪ ਨਹੀਂ ਛਣਕਦੀਆਂ
ਛਣਕਾਈਆਂ ਜਾਣ
ਅੰਗਿਆਰਾਂ 'ਤੇ ਨੱਚਣ ਸਿਖਾਈਆਂ ਜਾਣ

ਅੱਗ ਟੁਰ ਪਵੇ ਤਾਂ
ਫੁੱਲ ਪੱਤੀਆਂ ਨਹੀਂ ਪਛਾਣਦੀ
ਆਪਣੇ ਬੇਗਾਨੇ ਨਹੀਂ ਜਾਣਦੀ
ਬਣੀ ਨਾ ਕਦੇ ਵੀ ਕਿਸੇ ਦੇ ਹਾਣਦੀ

ਨਾ ਪਿਤਰਾਂ ਦੀ
ਜ਼ੁਬਾਨ ਇਹ ਹੋਵੇ
ਇਹ ਤਾਂ ਕਬਰੀਂ
ਲਹੂ ਬਣ ਚੋਵੇ

-ਅਮਰਜੀਤ ਟਾਂਡਾ



## ਮਹਾਰਾਜਾ ਰਣਜੀਤ ਸਿੰਘ

ਧੀ ਮਾਰਾਂ ਦੇ ਹੱਥੋਂ ਮਸਾਂ ਬਚਾਈ, ਸੀ ਉਹ ਸੁਭਾਗੀ ਮਾਂ,
ਰਣਜੀਤ ਸਿੰਘ ਸੂਰਮੇ ਦੀ ਮਾਈ, ਤੇ ਰਾਜ ਕੌਰ ਸੀ ਨਾਂ।
ਚਾਈਂ ਚਾਈਂ ਚਾਚਿਆਂ ਨੇ ਪਾਲੀ, ਮਹਾਂ ਸਿੰਘ ਦੀ ਮੰਗ,
ਸ਼ੁਕਰਚੱਕੀਏ ਮਿਸਲ ਦੇ ਵਾਲੀ, ਬਲੀ ਯੋਧੇ ਸੀ ਨਿਸ਼ੰਗ।

1780 ਵਿਚ ਬੱਡਰੁੱਖੇ ਜਨਮੇ, ਰਣਜੀਤ ਸਿੰਘ ਸਰਦਾਰ,
ਨਾਨਕੇ -ਦਾਦਕੇ ਮਿਲੇ ਵਧਾਈ, ਚੜ੍ਹਦੀ ਕਲਾ, ਸਤਿਕਾਰ।
ਛੋਟੀ ਉਮਰੇ 'ਮਾਤਾ' ਮਹਾਂਮਾਰੀ, ਕੀਤੇ ਇੱਕ ਅੱਖੋਂ ਆਰੀ,
ਬਾਰਾਂ ਸਾਲ ਦੀ ਨਿੱਕੀਏ ਉਮਰੇ, ਝੱਲੇ ਬਾਪੂ-ਮੌਤ ਕਰਾਰੀ।

ਮਜਬੂਰੀ ਵੱਸ ਮਿਸਲਾਂ ਦਾ ਜ਼ੁੰਮਾ, ਪਿਆ ਸਿਰ ਉਠਾਉਣਾ,
ਜਾਣ ਨਿਆਣਾ ਦੁਸ਼ਮਣਾਂ ਨੇ ਵੀ, ਸ਼ੁਰੂ ਕਰ 'ਤਾ ਸਤਾਉਣਾ।
ਚੱਲ ਸੋ ਚੱਲ ਨਿੱਤ ਨਵੀਂ ਮੁਹਿੰਮ, ਜੰਗਾਂ ਖ਼ੂਬ ਉਲਝਾਇਆ,
ਸਿਲਸਿਲਾ ਰੋਜ਼ਾਨਾ ਜਿੱਤਾਂ ਵਾਲਾ, ਵਾਰ-ਵਾਰ ਦੁਹਰਾਇਆ।

ਸਤਾਰਾਂ ਸਾਲਾ ਦੇ ਭਰ ਗਭਰੂ ਨੂੰ, ਮਾਂ ਦੀ ਮੌਤ ਸੀ ਮਾਰਿਆ,
ਪਰ ਰਾਜ ਕੌਰ ਦੇ ਦਲੇਰ ਪੁੱਤ ਨੇ, ਹੌਂਸਲਾ ਨਹੀਂ ਸੀ ਹਾਰਿਆ।
ਕੁੱਝ ਜਿੱਤੀਆਂ ਕੁੱਝ ਗੰਢੇ ਰਿਸ਼ਤੇ, ਮਿਸਲਾਂ ਧਾਗੇ ਪ੍ਰੋ ਛੱਡੀਆਂ,
ਅਫ਼ਗਾਨਾਂ ਨੂੰ ਪਾ ਕੇ ਭਾਜੜਾਂ, ਝੰਡੀਆਂ ਕਾਬੁਲ 'ਤੇ ਗੱਡੀਆਂ।

ਮੁਲਤਾਨ, ਕਸ਼ਮੀਰ, ਪਿਸ਼ੌਰ, ਚੰਬਾ, ਜੰਮੂ, ਕਾਂਗੜਾ, ਤਿੱਬਤ
ਤੋੜੀਂ,
ਲੱਕ ਤੋੜਕੇ ਲੱਦਾਖ, ਚੀਨ ਤਾਈਂ, ਖਾਲਸੇ ਰਾਜ ਦੀ ਗੱਡੇ
ਮੋੜ੍ਹੀ।
ਅਨੋਖਾ ਪਾਂਡੀ ਸਿਰ ਪੰਡ ਉਠਾਕੇ, ਗਰੀਬ ਦਾ ਭਾਰ ਵੰਡਾਉਂਦੈ,
ਰਾਜ-ਧਰਮ ਖ਼ਲਕਤ ਸੇਵਾ ਵਾਲੇ, ਨਿਮਾਣਾ ਬਣਕੇ ਨਿਭਾਉਂਦੈ।

ਅਮਨ ਸ਼ਾਂਤੀ ਦਾ ਮਸੀਹਾ ਜਾਪੇ, ਖੁਸ਼ਹਾਲ ਉਹ ਰਾਜ ਕਹਾਏ,
ਯੂਰੋਪ ਵਾਲੇ ਭਾਲਦੇ ਕੰਮ ਜਿੱਥੇ, ਸੋਨ-ਚਿੜੀ ਪੰਜਾਬ ਬਣਾਏ।
ਅਕਾਲ ਤਖ਼ਤ ਤੋਂ ਮਾਫ਼ੀ ਮੰਗਕੇ, ਕੋਰੜਿਆਂ ਨੂੰ ਸੀਸ ਝੁਕਾਉਂਦੈ,
ਰੱਖਦੈ ਨਿਸਚੈ ਵਿਚ ਗੁਰਬਾਣੀ, ਸਿੱਕਾ ਅਕਾਲ ਦਾ ਚਲਾਉਂਦੈ।

-ਸੇਵਾ ਸਿੰਘ "ਨੂਰਪੁਰੀ"



# ਯੂ.ਪੀ. ਜ਼ਿਮਨੀ ਚੋਣ : ਫਿਰ ਇਕੱਠਿਆਂ ਨਜ਼ਰ ਆਵੇਗੀ ਰਾਹੁਲ-ਅਖਿਲੇਸ਼ ਦੀ ਜੋੜੀ

ਯੂ.ਪੀ., (ਪੰਜਾਬ ਮੇਲ)- ਲੋਕ ਸਭਾ ਚੋਣਾਂ ਭਾਵੇਂ ਖ਼ਤਮ ਹੋ ਗਈਆਂ ਹਨ ਪਰ ਦੇਸ਼ ਵਿਚ ਚੋਣ ਜਸ਼ਨ ਅਜੇ ਖ਼ਤਮ ਨਹੀਂ ਹੋਇਆ। ਆਉਣ ਵਾਲੀ ਜੁਲਾਈ 'ਚ ਦੇਸ਼ ਦੇ ਕਈ ਹਿੱਸਿਆਂ 'ਚ ਵਿਧਾਨ ਸਭਾ ਉਪ ਚੋਣਾਂ ਹੋਣੀਆਂ ਹਨ ਅਤੇ ਮਜ਼ੇਦਾਰ ਗੱਲ ਇਹ ਹੈ ਕਿ ਉੱਤਰ ਪ੍ਰਦੇਸ਼ 'ਚ ਜਿਥੇ ਭਾਜਪਾ ਕਾਫੀ ਹੱਦ ਤੱਕ ਆਪਣਾ ਸਿਆਸੀ ਆਧਾਰ ਗੁਆ ਚੁੱਕੀ ਹੈ, ਉੱਥੇ ਇਕ ਵਾਰ ਫਿਰ ਯੂ.ਪੀ. ਦੀਆਂ 10 ਵਿਧਾਨ ਸਭਾ ਸੀਟਾਂ 'ਤੇ ਹੋਣ ਵਾਲੀਆਂ ਉਪ ਚੋਣਾਂ 'ਚ ਸਪਾ ਮੁਖੀ ਅਖਿਲੇਸ਼ ਯਾਦਵ ਅਤੇ ਕਾਂਗਰਸ ਦੇ ਸੀਨੀਅਰ ਨੇਤਾ ਰਾਹੁਲ ਗਾਂਧੀ ਦੀ ਜੋੜੀ ਚੋਣ ਪ੍ਰਚਾਰ ਕਰਦੀ ਨਜ਼ਰ ਆ ਸਕਦੀ ਹੈ।

ਹਾਲਾਂਕਿ ਇਹ ਵੀ ਕਿਹਾ ਜਾ ਰਿਹਾ ਹੈ ਕਿ ਦੋਵਾਂ ਪਾਰਟੀਆਂ ਵਿਚਾਲੇ ਸੀਟਾਂ ਨੂੰ ਲੈ ਕੇ ਤਕਰਾਰ ਵਧਣ ਦੀ ਸੰਭਾਵਨਾ ਹੈ। ਲੋਕ ਸਭਾ ਚੋਣਾਂ 'ਚ ਵਿਧਾਇਕਾਂ ਦੇ ਸੰਸਦ ਮੈਂਬਰ ਬਣਨ ਤੋਂ ਬਾਅਦ ਕਾਂਗਰਸ ਖਾਲੀ ਹੋਣ ਵਾਲੀਆਂ ਵਿਧਾਨ ਸਭਾ ਸੀਟਾਂ 'ਤੇ ਪ੍ਰਸਤਾਵਿਤ ਉਪ ਚੋਣਾਂ 'ਚ ਸਮਾਜਵਾਦੀ ਪਾਰਟੀ ਤੋਂ ਆਪਣੇ ਲਈ ਕੁਝ ਸੀਟਾਂ ਮੰਗੇਗੀ। ਰਿਪੋਰਟ ਮੁਤਾਬਕ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਮੁੱਖ ਵਿਰੋਧੀ ਧਿਰ ਸਮਾਜਵਾਦੀ ਪਾਰਟੀ ਦੇ ਕੁੱਲ 9 ਵਿਧਾਇਕ ਲੋਕ ਸਭਾ ਚੋਣਾਂ 'ਚ ਵੱਖ-ਵੱਖ ਲੋਕ ਸਭਾ ਸੀਟਾਂ ਤੋਂ ਜਿੱਤੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਨੇ ਲੋਕ ਸਭਾ ਸੀਟਾਂ ਬਰਕਰਾਰ ਰੱਖਣ ਲਈ ਵਿਧਾਨ ਸਭਾ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਇਲਾਵਾ,



ਸਿਸ਼ਾਮਾਉ ਵਿਧਾਨ ਸਭਾ ਸੀਟ ਖਾਲੀ ਹੋਣ ਜਾ ਰਹੀ ਹੈ, ਕਿਉਂਕਿ ਇਸ ਦੇ ਵਿਧਾਇਕ ਇਰਫਾਨ ਸੋਲੰਕੀ ਅੱਗਜ਼ਨੀ ਦੇ ਮਾਮਲੇ ਵਿਚ 7 ਸਾਲ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਸਦਨ ਦੀ ਮੈਂਬਰਸ਼ਿਪ ਗੁਆਉਣ ਦੇ ਕੰਢੇ 'ਤੇ ਹਨ।

ਸਪਾ ਮੁਖੀ ਅਤੇ ਕੰਨੌਜ ਤੋਂ ਸੰਸਦ ਮੈਂਬਰ ਅਖਿਲੇਸ਼ ਯਾਦਵ ਪਹਿਲਾਂ ਹੀ ਆਪਣੀ ਕਰਹਾਲ ਵਿਧਾਨ ਸਭਾ ਸੀਟ ਖਾਲੀ ਕਰ ਚੁੱਕੇ ਹਨ, ਤਾਂ ਕਿ ਉਹ ਆਪਣੀ ਸੰਸਦੀ ਸੀਟ ਬਰਕਰਾਰ ਰੱਖ ਸਕਣ, ਜਿਥੇ ਉਨ੍ਹਾਂ ਨੇ ਭਾਜਪਾ ਦੇ ਸੁਭਰਤ ਪਾਠਕ ਨੂੰ ਵੱਡੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ, ਜਦਕਿ ਪਾਰਟੀ ਦੇ ਮਿਲਕੀਪੁਰ (ਅਯੁੱਧਿਆ) ਦੇ ਵਿਧਾਇਕ ਅਵਧੇਸ਼ ਪ੍ਰਸਾਦ ਅਤੇ ਲਾਲਜੀ ਵਰਮਾ ਨੇ ਵੀ ਅਜਿਹਾ ਹੀ ਕੀਤਾ, ਉਨ੍ਹਾਂ ਨੇ ਵੀ ਆਪਣੀਆਂ ਵਿਧਾਨ ਸਭਾ ਸੀਟਾਂ ਤੋਂ ਅਸਤੀਫਾ ਦੇ ਦਿੱਤਾ ਅਤੇ ਸੰਸਦੀ ਸੀਟਾਂ ਹਾਸਲ ਕੀਤੀਆਂ ਹਨ।

ਯੂ.ਪੀ. 'ਚ ਲੋਕ ਸਭਾ ਚੋਣਾਂ 'ਚ ਸਪਾ ਅਤੇ ਕਾਂਗਰਸ ਆਪਣੀ ਜਿੱਤ ਤੋਂ ਉਤਸ਼ਾਹਿਤ ਹਨ ਅਤੇ ਉਨ੍ਹਾਂ ਦੇ ਵਰਕਰਾਂ 'ਚ ਜਿੱਤ ਦਾ ਜੋਸ਼ ਅਜੇ ਵੀ ਬਰਕਰਾਰ ਹੈ। ਦੂਜਾ, ਕੇਰਲ ਦੀ ਵਾਇਨਾਡ ਸੀਟ ਛੱਡਣ ਤੋਂ ਬਾਅਦ ਰਾਹੁਲ ਗਾਂਧੀ ਵੀ ਪੂਰੀ ਤਰ੍ਹਾਂ ਉੱਤਰ ਪ੍ਰਦੇਸ਼ 'ਤੇ ਫੋਕਸ ਕਰਨਾ ਚਾਹੁੰਦੇ ਹਨ। ਜਾਣਕਾਰਾਂ ਦਾ ਕਹਿਣਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਤੋਂ ਉਤਸ਼ਾਹਿਤ ਕਾਂਗਰਸ ਨੇ ਆਪਣਾ ਸਟੈਂਡ ਬਦਲ ਲਿਆ ਹੈ। ਰਾਹੁਲ ਗਾਂਧੀ ਦਾ ਰਾਏਬਰੇਲੀ ਸੰਸਦੀ ਸੀਟ ਬਰਕਰਾਰ ਰੱਖਣਾ ਅਤੇ ਵਾਇਨਾਡ ਸੀਟ ਛੱਡਣਾ ਉਸ ਹਮਲਾਵਰ ਸਟੈਂਡ ਦਾ ਸੰਕੇਤ ਹੈ। ਜ਼ਾਹਿਰ ਹੈ, ਇਸ ਲਈ ਲੋਕ ਸਭਾ ਚੋਣਾਂ 'ਚ 10 ਸਾਲਾਂ ਦੇ ਲੰਮੇ ਸੋਕੇ ਤੋਂ ਬਾਅਦ ਹਾਸਲ ਕੀਤੀ ਗਈ ਜਿੱਤ ਦੀ ਲੈਅ ਨੂੰ ਜਾਰੀ ਰੱਖਣ ਲਈ ਸਪਾ ਅਤੇ ਕਾਂਗਰਸ ਕੋਈ ਕਸਰ ਨਹੀਂ ਛੱਡਣਗੇ।

## 'ਯਾਦ ਰੱਖਣ ਯੋਗ ਗੱਲਾਂ'



ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325

- ਅੱਜਕੱਲ੍ਹ ਗਵਾਂਢੀ ਕਿਸੇ ਮੁਸੀਬਤ ਵਿਚ ਹੋਵੇ, ਤਾਂ ਅਸੀਂ ਕਹਿੰਦੇ ਹਾਂ ਕੀਤੇ ਦਾ ਫਲ ਪਾ ਰਿਹਾ ਹੈ। ਜੇ ਸਾਨੂੰ ਖ਼ੁਦ ਨੂੰ ਕੋਈ ਮੁਸੀਬਤ ਪੈਂਦੀ ਹੈ, ਤਾਂ ਅਸੀਂ ਕਹਿੰਦੇ ਹਾਂ, ਰੱਬ ਸਾਡਾ ਇਮਤਿਹਾਨ ਕਿਉਂ ਲੈ ਰਿਹਾ ਹੈ?
- ਜਦੋਂ ਪਤਾ ਲੱਗ ਜਾਵੇ ਜਿਸ ਨਾਲ ਬਹਿਸ ਕਰ ਰਹੇ ਹੋ, ਉਹ ਮੂਰਖ ਹੈ, ਤਾਂ ਉੱਥੇ ਸਮਾਂ ਬਰਬਾਦ ਨਾ ਕਰੋ ਕਿਉਂਕਿ ਤੁਸੀਂ ਉਥੇ ਖੁਦ ਨੂੰ ਸਹੀ ਸਾਬਤ ਕਰਦੇ-ਕਰਦੇ ਕੁਝ ਅਜਿਹਾ ਬੋਲ ਸਕਦੇ ਹੋ, ਜੋ ਤੁਹਾਡੀ ਸ਼ਖ਼ਸੀਅਤ ਨੂੰ ਖਰਾਬ ਕਰ ਦੇਵੇਗਾ।
- ਸਮਾਂ ਹੀ ਅਜੀਬ ਹੈ। ਅੱਜ ਫਿਊਜ਼ ਬਲਬ ਦੀ ਝਾਲਰ ਜਿਹੀ ਵਿਚ ਭੋਰਾ ਕੁ ਚਮਕ ਕੀ ਆਈ, ਉਹ ਜਨਰੇਟਰ ਨੂੰ ਅੱਖਾਂ ਦਿਖਾਉਣ ਲੱਗ ਪਿਆ।
- ਇੱਕੋ ਥਾਂ ਹੈ ਜਿਥੇ ਮੀਆਂ ਬੀਵੀ ਇੱਕ ਦੂਜੇ ਕੋਲ ਆਪਣੀ ਗਲਤੀ ਮੰਨਦੇ ਹਨ,, ਕਹਿੰਦੇ ਹਨ ਮੈਂ ਬਹੁਤ ਵੱਡੀ ਗਲਤੀ ਕੀਤੀ ਤੇਰੇ ਨਾਲ ਸ਼ਾਦੀ ਕਰਕੇ।
- ਇਹ ਵੀ ਕੈਸੀ ਖੇਡ ਹੈ। ਕਿਤੇ ਪੱਕੀਆਂ ਪਈਆਂ ਰੋਟੀਆਂ ਸੁੱਕ ਜਾਂਦੀਆਂ ਹਨ ਅਤੇ ਕਿਤੇ ਭੁੱਖ ਨਾਲ ਪੇਟ ਸੁੱਕ ਜਾਂਦੇ ਹਨ।
- ਫੇਸਬੁੱਕ ਚਲਾਉਣ ਵਾਲਿਆਂ ਦਾ ਵੀ ਸਰਿਆ ਪਿਆ ਹੈ। ਸਾਥਣ ਦੇ ਅੱਥਰੂ ਡਿੱਗਦੇ ਵੇਖ ਕੇ ਸੋ ਨਾਈਸ ਤੱਕ ਲਿਖਣ ਲੱਗ ਪਏ ਹਨ। ਇਹ ਨਾ ਹੋਵੇ, ਕੱਲ੍ਹ ਨੂੰ ਨੱਕ ਚੋਂਦਾ ਵੇਖ ਕੇ ਵੀ ਇਹੋ ਲਿਖਣ ਲੱਗ ਪੈਣ।
- ਕਈ ਵਾਰ ਇਨਸਾਨ ਕਿਸੇ ਨੂੰ ਇੱਕ ਹੀ ਅਜਿਹਾ ਲਫ਼ਜ਼ ਬੋਲ ਦੇਵੇ, ਤਾਂ ਸਾਹਮਣੇ ਵਾਲੇ ਨੂੰ ਕਈ ਸਾਲ ਲੱਗ ਜਾਂਦੇ ਹਨ, ਉਸ ਗੱਲ ਵਿਚੋਂ ਨਿਕਲਣ ਵਾਸਤੇ।



REALTY ONE GROUP

Gurjatinder S. Randhawa

REALTOR CA DRE licence # 01490567



Gurjatinder S. Randhawa

REALTOR CA DRE licence # 01490567

FOR SALE & PURCHASE OF ANY KIND OF PROPERTY

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa

916-320-9444

web: www.RealtorRandhawa.com

garysingh123@yahoo.com